# PUNJAB VIDHAN SABHA

## DEBATES

*Thursday, 24th September, 2015*

**Vol. XI– No. 4**

OFFICIAL REPORT

CONTENTS



---


**Punjab Vidhan Sabha Secretariat, Chandigarh**

Price : Rs.________.

| | |
|---|---|
| ੮) ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ |
| 9) ਸਰਦਾਰ ਜਨਮੇਜਾ ਸਿੰਘ ਸੇਖੋਂ | ਲੋਕ ਨਿਰਮਾਣ (ਭ ਤੇ ਮ), ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ |
| 10) ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 11) ਸਰਦਾਰ ਤੋਤਾ ਸਿੰਘ | ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ |
| 12) ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| 13) ਸਰਦਾਰ ਸਿਕੰਦਰ ਸਿੰਘ ਮਲੂਕਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 14) ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 15) ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 16) ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਸਿੰਚਾਈ ਮੰਤਰੀ |
| 17) ਸਰਦਾਰ ਸੋਹਣ ਸਿੰਘ ਠੰਡਲ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 1੮) ਡਾਕਟਰ ਦਲਜੀਤ ਸਿੰਘ ਚੀਮਾ | ਸਿੱਖਿਆ ਮੰਤਰੀ |

# ਪੰਜਾਬ ਮੰਤਰੀ ਮੰਡਲ ਦੀ ਸੂਚੀ

## ਕੈਬਨਿਟ ਮੰਤਰੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ,ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ |
| 2) | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ,ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ |
| 3) | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ |
| 4) | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 5) | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 6) | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 7) | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |

# ਮੁੱਖ ਸੰਸਦੀ ਸਕੱਤਰ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਚੌਧਰੀ ਨੰਦ ਲਾਲ | ਜੰਗਲਾਤ ਜੰਗਲੀ ਜੀਵ ਅਤੇ ਕਿਰਤ |
| 2) | ਸੰਤ ਬਲਵੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 3) | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 4) | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ ਤੇ ਮ) |
| 5) | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 6) | ਬੀਬੀ ਮਹਿੰਦਰ ਕੌਰ ਜੋਸ਼ | ਸਿੰਚਾਈ |
| 7) | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 8) | ਸ਼੍ਰੀ ਕੇ.ਡੀ.ਭੰਡਾਰੀ | ਸਹਿਕਾਰਤਾ |
| 9) | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 10) | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ |
| 11) | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 12) | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਰੱਖਿਆ ਸੇਵਾਵਾਂ ਭਲਾਈ |
| 13) | ਸ਼੍ਰੀ ਐਨ.ਕੇ.ਸ਼ਰਮਾ | ਉਦਯੋਗ ਅਤੇ ਵਣਜ |
| 14) | ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |

| | |
|---|---|
| 15) ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |
| 16) ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |
| 17) ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ |
| 18) ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਅਤੇ ਕਰ |
| 19) ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |

**PUNJAB VIDHAN SABHA**

**Thursday, the 24th September, 2015**

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.*

-----------

STARRED QUESTIONS AND ANSWERS

**ਮਾਨਯੋਗ ਸਪੀਕਰ : ਪ੍ਰਸ਼ਨ ਕਾਲ। ਰਾਣਾ ਗੁਰਜੀਤ ਸਿੰਘ ਜੀ।**

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2137**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2098**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਜ਼ਿਲ੍ਹਾ ਬਠਿੰਡਾ ਵਿੱਚ ਰੇਲਵੇ ਅੰਡਰ ਬਰਿੱਜ ਬਣਾਉਣਾ**

***2087. ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਬਠਿੰਡਾ ਦੇ ਪਿੰਡ ਤੁੰਗਵਾਲੀ ਤੋਂ ਕੋਟ ਸ਼ਮੀਰ ਦੇ ਵਿਚਕਾਰ ਰੇਲਵੇ ਲਾਈਨ ਦੇ ਥੱਲੇ ਬਣੇ ਛੋਟੇ ਪੁਲ ਨੂੰ ਬੰਦ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਸਰਕਾਰ ਕਿਸਾਨਾਂ ਨੂੰ ਪੁਲ ਤੋਂ ਪਾਰ ਆਪਣੇ ਖੇਤਾਂ ਵਿੱਚ ਕੰਮ ਕਰਨ ਲਈ ਜਾਣ ਵਾਸਤੇ ਬਦਲਵੇਂ ਪ੍ਰਬੰਧ ਵਜੋਂ ਇੱਥੇ ਰੇਲਵੇ ਬਰਿੱਜ ਬਣਾਉਣ ਦੀ ਕੋਈ ਤਜਵੀਜ਼ ਰੱਖਦੀ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ, ਜ਼ਿਲ੍ਹਾ ਬਠਿੰਡਾ ਦੇ ਪਿੰਡ ਤੁੰਗਵਾਲੀ ਤੋਂ ਕੋਟ ਸ਼ਮੀਰ ਦੇ ਵਿਚਕਾਰ ਰੇਲਵੇ ਲਾਈਨ ਦੇ ਥੱਲੇ ਜੋ ਛੋਟੀ ਪੁਲੀ ਹੈ, ਉਹ ਕੱਚੇ ਰਸਤੇ ਤੇ ਪੈਂਦੀ ਹੈ ਜਿਸ ਦਾ ਸਬੰਧ ਰੇਲਵੇ ਵਿਭਾਗ ਨਾਲ ਹੈ, ਲੋਕ ਨਿਰਮਾਣ ਵਿਭਾਗ ਨਾਲ ਨਹੀਂ। ਰੇਲਵੇ ਵਿਭਾਗ ਵੱਲੋਂ ਦੱਸਿਆ ਗਿਆ ਹੈ ਕਿ

[ਲੋਕ ਨਿਰਮਾਣ (ਭ ਤੇ ਮ) ਮੰਤਰੀ]

ਇਸ ਪੁਲੀ ਨੂੰ ਬੰਦ ਨਹੀਂ ਕੀਤਾ ਜਾਵੇਗਾ ਅਤੇ ਇਸ ਪੁਲੀ ਤੋਂ ਤਕਰੀਬਨ 100 ਮੀਟਰ ਦੀ ਦੂਰੀ ਤੇ ਸਿੰਗਲ ਲੇਨ 5 ਮੀਟਰ × 5 ਮੀਟਰ ਦਾ ਆਰ.ਯੂ.ਬੀ./ਲਿਮਿਟਡ ਹਾਈਟ ਸਬਵੇਅ ਰੇਲਵੇ ਵਿਭਾਗ ਵੱਲੋਂ ਬਣਾਇਆ ਜਾਵੇਗਾ। ਉਨ੍ਹਾਂ ਵੱਲੋਂ ਇਸ ਕੰਮ ਦੇ ਟੈਂਡਰ ਮੰਗ ਲਏ ਗਏ ਹਨ ਜੋ ਕਿ ਮਿਤੀ 16.10.2015 ਨੂੰ ਪ੍ਰਾਪਤ ਕੀਤੇ ਜਾਣੇ ਹਨ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਸਪੀਕਰ ਸਾਹਿਬ, ਜਿਥੇ ਨਵਾਂ ਪੁਲ ਬਣ ਰਿਹਾ ਹੈ ਉਸ ਦੇ ਸਾਹਮਣੇ ਅਬਾਦੀ ਹੈ। ਉਨ੍ਹਾਂ ਦਾ ਆਬਜੈਕਸ਼ਨ ਹੈ ਕਿ ਇਸ ਦੀ ਟੱਕਰ ਸਾਡੇ ਘਰਾਂ ਵਿਚ ਪੈਂਦੀ ਹੈ, ਕੀ ਅਜਿਹੀ ਕੋਈ ਸੋਧ ਕਰਨ ਦੀ ਸਰਕਾਰ ਸੋਚ ਸਕਦੀ ਹੈ ਜੀ?

**ਮਾਨਯੋਗ ਸਪੀਕਰ :** ਵੈਸੇ ਇਹ ਰੇਲਵੇ ਦਾ ਕੰਮ ਹੈ। ਹਾਂ ਜੀ, ਜਨਮੇਜਾ ਸਿੰਘ ਜੀ।

**ਮੰਤਰੀ :** ਸਪੀਕਰ ਸਾਹਿਬ, ਇਹ ਰੇਲਵੇ ਦਾ ਕੰਮ ਹੈ। ਫਿਰ ਵੀ ਅਸੀਂ ਉਨ੍ਹਾਂ ਨੂੰ ਚਿੱਠੀ ਲਿਖ ਦਿਆਂਗੇ।

**ਮਾਨਯੋਗ ਸਪੀਕਰ :** ਜੇਕਰ ਅਬਾਦੀ ਸਾਹਮਣੇ ਆਉਂਦੀ ਹੈ ਫੇਰ ਤਾਂ ਉਹ ਢਾਹੁਣੀ ਔਖੀ ਹੈ। ਆਪਾਂ ਨੂੰ ਮੁੜ ਕੇ ਪ੍ਰਾਬਲਮ ਆਉਣੀ ਹੈ।

**ਮੰਤਰੀ :** ਠੀਕ ਹੈ ਜੀ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਬਹੁਤ ਬਹੁਤ ਧੰਨਵਾਦ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸਪੀਕਰ ਸਾਹਿਬ, ਮੈਂ ਲੇਟ ਹੋ ਗਿਆ ਸੀ, ਮੇਰਾ ਸਵਾਲ ਪਿੱਛੇ ਲੱਗਿਆ ਹੈ...

**ਮਾਨਯੋਗ ਸਪੀਕਰ :** ਤੁਸੀਂ ਐਬਸੈਂਟ ਸੀ, ਮੈਂ ਕੀ ਕਰ ਸਕਦਾ ਹਾਂ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸਰ, ਇੱਕ ਸਕਿੰਡ ਦੀ ਗੱਲ ਸੀ।

**ਮਾਨਯੋਗ ਸਪੀਕਰ :** ਨੈਕਸਟ, ਸਰਦਾਰ ਮਨਪ੍ਰੀਤ ਸਿੰਘ ਇਯਾਲੀ।

---

## ਝੋਨੇ ਦੀ ਕੱਦੂ ਤੋਂ ਬਿਨਾ ਸਿੱਧੀ ਬਿਜਾਈ ਕਰਨਾ

*2151. **ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਕੀ ਖੇਤੀਬਾੜੀ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਜਿਨ੍ਹਾਂ ਇਲਾਕਿਆਂ ਵਿੱਚ ਝੋਨੇ ਦੀ ਕੱਦੂ ਕਰਨ ਤੋਂ ਬਗੈਰ ਸਿੱਧੀ ਬਿਜਾਈ ਹੋ ਸਕਦੀ ਹੈ, ਉਨ੍ਹਾਂ ਇਲਾਕਿਆਂ ਵਿੱਚ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣ ਲਈ ਕੱਦੂ ਕਰਕੇ ਝੋਨਾ ਬੀਜਣ ਤੇ ਰੋਕ ਲਾਉਣ ਬਾਰੇ ਸਰਕਾਰ ਕੋਈ ਵਿਚਾਰ ਕਰ ਰਹੀ ਹੈ; ਜੇਕਰ ਵਿਚਾਰ ਕਰ ਰਹੀ ਹੈ ਤਾਂ ਇਹ ਰੋਕ ਕਦੋਂ ਤੱਕ ਲਗਾ ਦਿੱਤੀ ਜਾਵੇਗੀ?

**ਸਰਦਾਰ ਤੋਤਾ ਸਿੰਘ :** ਉਨ੍ਹਾਂ ਇਲਾਕਿਆਂ ਵਿੱਚ ਜਿਥੇ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣ ਲਈ ਝੋਨੇ ਦੀ ਸਿੱਧੀ ਬਜਾਈ ਕੀਤੀ ਜਾ ਸਕਦੀ ਹੈ, ਵਿੱਚ ਕੱਦੂ ਕਰਕੇ ਝੋਨਾ ਬੀਜਣ ਤੇ ਰੋਕ ਲਗਾਉਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਸਪੀਕਰ ਸਾਹਿਬ, ਇਹ ਪੰਜਾਬ ਦਾ ਅਹਿਮ ਮਸਲਾ ਹੈ, ਜਿਹੜਾ ਖੇਤੀਬਾੜੀ ਨਾਲ ਸਬੰਧਤ ਹੈ। ਜਿਹੜਾ ਸਾਡਾ ਪਾਣੀ ਦਾ ਲੈਵਲ ਹਰ ਸਾਲ ਹੇਠਾਂ ਜਾ ਰਿਹਾ ਹੈ ਉਹ ਇਸ ਕਰਕੇ ਹੈ ਕਿਉਂਕਿ ਪੰਜਾਬ ਵਿਚ ਝੋਨੇ ਦੇ ਸੀਜ਼ਨ ਵਿੱਚ ਤਕਰੀਬਨ ਸਾਢੇ 28 ਲੱਖ ਹੈਕਟੇਅਰ ਏਰੀਏ ਵਿੱਚ ਝੋਨਾ ਲੱਗਦਾ ਹੈ। ਅਸੀਂ ਕੱਦੂ ਕਰਕੇ ਲੇਅਰ ਬਣਾ ਦਿੰਦੇ ਹਾਂ ਜਿਸ ਕਰਕੇ ਪਾਣੀ ਹੇਠਾਂ ਨਹੀਂ ਜਾਂਦਾ ਤੇ ਮੁਸਾਮ ਬੰਦ ਹੋ ਜਾਂਦੇ ਹਨ। ਚਾਹੇ ਬਰਸਾਤ ਵੀ ਹੁੰਦੀ ਹੈ ਪਰੰਤੂ ਅਜਿਹਾ ਕਰਨ ਨਾਲ ਜ਼ਿਆਦਾ ਪਾਣੀ ਇਵੈਪੋਰੇਟ ਹੁੰਦਾ ਹੈ ਅਤੇ ਇਹੀ ਕਾਰਨ ਹੈ ਕਿ ਸਾਡਾ ਪਾਣੀ ਦਾ ਲੈਵਲ ਡੂੰਘਾ ਚਲਾ ਗਿਆ ਹੈ। ਇਸ ਨੂੰ ਦੇਖਦੇ ਹੋਏ ਇਸ ਸਾਲ ਪੰਜਾਬ ਵਿੱਚ ਤਕਰੀਬਨ 4 ਲੱਖ ਹੈਕਟੇਅਰ ਏਰੀਏ ਵਿੱਚ ਡਾਇਰੈਕਟ ਸੋਇੰਗ ਹੋਈ ਹੈ, ਸਿੱਧਾ ਝੋਨਾ ਬੀਜਿਆ ਗਿਆ ਹੈ। ਜੇਕਰ ਅਸੀਂ ਇਸ ਚੀਜ਼ ਨੂੰ ਪਰਮੋਟ ਕਰੀਏ ਤਾਂ ਆਉਣ ਵਾਲੇ ਸਮੇਂ ਵਿੱਚ ਡਾਇਰੈਕਟ ਸੋਇੰਗ ਨਾਲ ਪਾਣੀ ਜ਼ਮੀਨ ਵਿੱਚ ਵੀ ਜਾਵੇਗਾ ਅਤੇ ਜ਼ਮੀਨ ਹੇਠਲੇ ਪਾਣੀ ਦਾ ਲੈਵਲ ਵੀ ਉਚਾ ਹੋਵੇਗਾ। ਜਿਹੜਾ ਅਸੀਂ ਝੋਨੇ ਦੀ ਬਿਜਾਈ 10 ਜੂਨ ਤੋਂ ਬਾਅਦ ਕੀਤੀ ਹੈ ਉਸ ਨਾਲ ਵੀ ਪਾਣੀ ਦਾ ਲੈਵਲ ਡਾਊਨ ਜਾਣ ਤੋਂ ਬਚਿਆ ਹੈ।

ਸੋ, ਇਸ ਲਈ ਕੁਝ ਜ਼ਮੀਨਾਂ ਵਿੱਚ ਜਿਥੇ ਡਾਇਰੈਕਟ ਸੋਇੰਗ ਕਾਮਯਾਬ ਹੈ ਅਤੇ ਜਿਹੜੇ ਬਲਾਕਾਂ ਵਿਚ ਡਾਕਰ ਜ਼ਮੀਨਾਂ ਕਾਮਯਾਬ ਹਨ, ਜੇ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਥਾਵਾਂ ਤੇ ਕੋਈ ਨਾ ਕੋਈ ਪਲਾਨਿੰਗ ਬਣਾ ਕੇ ਕੱਦੂ ਕਰਨ ਤੇ ਰੋਕ ਲਗਾਈ ਜਾਵੇ ਤਾਂ ਇਸ ਨਾਲ ਕਿਸਾਨਾਂ ਦੇ ਖਰਚੇ ਕਾਫੀ ਘੱਟ ਸਕਦੇ ਹਨ। ਬਿਜਾਈ ਦਾ ਖਰਚਾ ਘੱਟ ਸਕਦਾ ਹੈ, ਮਸ਼ੀਨਰੀ ਦਾ ਖਰਚਾ ਘੱਟ ਸਕਦਾ ਹੈ

[ ਸਰਦਾਰ ਮਨਪ੍ਰੀਤ ਸਿੰਘ ਇਯਾਲੀ ]

ਅਤੇ ਲੇਬਰ ਦਾ ਖਰਚਾ ਵੀ ਘੱਟ ਸਕਦਾ ਹੈ। ਪੰਜਾਬ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਨਾਲ ਵੱਡਾ ਫਾਇਦਾ ਮਿਲ ਸਕਦਾ ਹੈ। ਕੀ ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾਂ ਦੀ ਕੋਈ ਪਰਪੋਜ਼ਲ ਜਾਂ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਜੋ ਜਿਹੜਾ ਪਾਣੀ ਦਾ ਲੈਵਲ ਹੇਠਾਂ ਜਾ ਰਿਹਾ ਹੈ, ਉਸ ਨੂੰ ਬਚਾਇਆ ਜਾ ਸਕੇ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 2009 ਵਿੱਚ ਜਦੋਂ ਇਹ ਐਕਟ ਬਣਾਇਆ ਸੀ ਕਿ 10 ਜੂਨ ਤੋਂ ਬਾਅਦ ਝੋਨਾ ਲਗਾਇਆ ਜਾਵੇ ਤਾਂ ਉਸ ਦਾ ਬਹੁਤ ਫਾਇਦਾ ਹੋਇਆ ਹੈ, ਉਸ ਨਾਲ ਪਾਣੀ ਦੀ ਬੱਚਤ ਹੋਈ ਹੈ। ਜੇ ਆਪਾਂ ਵੇਖੀਏ, ਪਹਿਲਾਂ ਜਿਹੜੀ ਜ਼ਮੀਨ ਹੇਠਲੇ ਪਾਣੀ ਦੀ ਕੁੱਲ ਮੰਗ ਸੀ, ਉਹ 34.17 ਲੱਖ ਹੈਕਟੇਅਰ ਮੀਟਰ ਸੀ ਪਰੰਤੂ ਹੁਣ ਇਹ ਮੰਗ 20.53 ਲੱਖ ਹੈਕਟੇਅਰ ਮੀਟਰ ਹੈ, ਇਹ ਮੰਗ ਅੱਗੇ ਨਾਲੋਂ ਘਟੀ ਹੈ। ਜਿਸ ਐਵਰੇਜ ਨਾਲ ਪਹਿਲਾਂ ਪਾਣੀ ਘੱਟਦਾ ਸੀ ਉਸ ਐਵਰੇਜ ਨਾਲ ਹੁਣ ਨਹੀਂ ਘੱਟ ਰਿਹਾ। ਜਿੰਨਾ ਲੇਟ ਆਪਾਂ ਝੋਨਾ ਲਗਾਉਂਦੇ ਹਾਂ ਉਸ ਦਾ ਉਤਨਾ ਫਾਇਦਾ ਹੁੰਦਾ ਹੈ। ਅਸੀਂ ਲੋਕਾਂ ਨੂੰ ਜਾਗਰੂਕ ਵੀ ਕਰਦੇ ਹਾਂ। ਬਾਸਮਤੀ ਬਾਰੇ ਬਥੇਰਾ ਕਿਹਾ ਅਤੇ ਇਸ਼ਤਿਹਾਰ ਵੀ ਕੱਢੇ ਕਿ ਇਸ ਨੂੰ 15-20 ਜੁਲਾਈ ਤੋਂ ਬਾਅਦ ਲਗਾਇਆ ਜਾਵੇ ਪਰ ਜਿਹੜੇ ਲੋਕ ਆਲੂ ਤੇ ਮਟਰ ਬੀਜਦੇ ਹਨ ਉਹ ਨਹੀਂ ਹੱਟਦੇ, ਉਹ 10 ਜੂਨ ਤੱਕ ਬਾਸਮਤੀ ਵੀ ਲਗਾ ਦਿੰਦੇ ਹਨ ਜਿਸ ਨਾਲ ਨੁਕਸਾਨ ਹੁੰਦਾ ਹੈ ਅਤੇ ਬਾਸਮਤੀ ਦਾ 50% ਟੋਟਾ ਬਣਦਾ ਹੈ।

ਜਿਹੜੀ ਇਹ ਬੈਨ ਦੀ ਗੱਲ ਕਰਦੇ ਹਨ, ਕਿਸਾਨ ਤੇ ਬੈਨ ਲਾਉਣਾ ਬੜਾ ਔਖਾ ਹੈ। ਕਿਸਾਨ ਨੂੰ ਅਸੀਂ ਜਾਗਰੂਕ ਕਰ ਸਕਦੇ ਹਾਂ ਅਤੇ ਸਿੱਧੀ ਬਿਜਾਈ ਲਈ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਅਸੀਂ ਲੋਕਾਂ ਨੂੰ ਹੌਂਸਲਾ ਦੇ ਰਹੇ ਹਾਂ। ਮਹਿਕਮਾ ਆਪ ਕਿਸਾਨਾਂ ਕੋਲ ਜਾ ਰਿਹਾ ਹੈ। ਮੈਂ ਆਪ ਖੁਦ ਦੋ ਜ਼ਿਲ੍ਹਿਆਂ ਵਿੱਚ ਜਾ ਕੇ ਆਇਆ ਹਾਂ ਅਤੇ ਟ੍ਰੈਕਟਰ ਤੇ ਨਾਲ ਬਹਿ ਕੇ ਸਿੱਧੀ ਬਿਜਾਈ ਕਰਵਾ ਕੇ ਆਇਆ ਹਾਂ। ਇਹ ਬਿਜਾਈ ਉੱਥੇ ਹੀ ਲਾਹੇਵੰਦ ਹੈ, ਜਿੱਥੇ ਜ਼ਮੀਨ ਡਾਕਰ ਹੈ, ਕਰੜੀ ਹੈ ਅਤੇ ਪਾਣੀ ਥੱਲੇ ਨਹੀਂ ਜਾਂਦਾ। ਜਿੱਥੇ ਜ਼ਮੀਨ ਪਹਿਲਾਂ ਹੀ ਰੇਤਲੀ ਹੈ ਜੇਕਰ ਉਸ ਵਿੱਚ ਸਿੱਧੀ ਬਿਜਾਈ ਕਰਕੇ ਪਾਣੀ ਦਿੰਦੇ ਹਾਂ ਤਾਂ ਉਹ ਜ਼ਮੀਨ ਸਾਰਾ ਪਾਣੀ ਸੋਕ ਲੈਂਦੀ ਹੈ। ਜਿਸ ਕਾਰਨ ਲੋਕਾਂ ਨੂੰ ਬਿਜਲੀ ਵੱਧ ਪਹੁੰਚਾਉਣੀ ਪੈਂਦੀ ਹੈ ਅਤੇ ਲੋਕਾਂ ਨੂੰ ਤੇਲ, ਬਿਜਲੀ ਦਾ ਖਰਚਾ ਵੱਧ ਪੈਂਦਾ ਹੈ। ਅੱਜ ਕਿਸਾਨ

ਬੜੇ ਸਿਆਣੇ ਹਨ। ਜਿਹੜੀ ਡਾਕਰ ਜ਼ਮੀਨ ਹੈ ਜਾਂ ਜਿਹੜੇ ਸੇਮ ਵਾਲੇ ਏਰੀਏ ਹਨ, ਉਨ੍ਹਾਂ ਨੇ ਹੁਣ 1.65 ਲੱਖ ਹੈਕਟੇਅਰ ਏਰੀਏ ਵਿੱਚ ਸਿੱਧੀ ਬਿਜਾਈ ਕਰਵਾਈ ਹੈ। ਮਹਿਕਮੇ ਨੇ ਆਪ ਮਸ਼ੀਨਾਂ ਦਿੱਤੀਆਂ ਹਨ ਅਤੇ ਇਹ ਸਭ ਤੋਂ ਵੱਧ ਮੁਕਤਸਰ ਵਿੱਚ ਕਰਵਾਈ ਹੈ ਕਿਉਂਕਿ ਉਹ ਸੇਮ ਦਾ ਏਰੀਆ ਹੈ। ਸਿੱਧੀ ਬਿਜਾਈ ਸਿਰਫ਼ ਸੇਮ ਏਰੀਏ ਜਾਂ ਡਾਕਰ ਜ਼ਮੀਨ ਵਿੱਚ ਹੁੰਦੀ ਹੈ, ਇਸ ਲਈ ਬੈਨ ਲਗਾਉਣਾ ਬੜਾ ਔਖਾ ਹੈ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਸਪੀਕਰ ਸਾਹਿਬ, ਜੇਕਰ ਬੈਨ ਨਹੀਂ ਲਗਾਇਆ ਜਾ ਸਕਦਾ ਤਾਂ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਬਸਿਡੀ ਦੇ ਦੇਈਏ ਤਾਂ ਜੋ ਕਿਸਾਨਾਂ ਦਾ ਰੁਝਾਨ ਵੱਧ ਤੋਂ ਵੱਧ ਇਸ ਪਾਸੇ ਬਣ ਸਕੇ। ਕੀ ਇਸ ਤਰ੍ਹਾਂ ਦੀ ਕੋਈ ਪ੍ਰੋਪਜ਼ਲ ਹੋ ਸਕਦੀ ਹੈ?

**ਮੰਤਰੀ :** ਸਪੀਕਰ ਸਾਹਿਬ, ਇਸ ਨੂੰ ਵਿਚਾਰਿਆ ਜਾ ਸਕਦਾ ਹੈ।

---

## ਦਸਵੀਂ ਕਲਾਸ ਦੇ ਅੰਗਰੇਜ਼ੀ ਵਿਸ਼ੇ ਦਾ ਮਾੜਾ ਨਤੀਜਾ

*2094. **ਸਰਦਾਰ ਗੁਰਕੀਰਤ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

ੳ) ਕੀ ਇਹ ਠੀਕ ਹੈ ਕਿ ਇਸ ਸਾਲ ਦਸਵੀਂ ਕਲਾਸ ਦੇ ਨਤੀਜੇ ਵਿੱਚ ਅੰਗਰੇਜ਼ੀ ਵਿਸ਼ੇ ਵਿੱਚ ਬਹੁਤ ਸਾਰੇ ਵਿਦਿਆਰਥੀ ਫੇਲ੍ਹ ਹੋਏ ਹਨ;

ਅ) ਕੀ ਇਹ ਵੀ ਠੀਕ ਹੈ ਕਿ ਸਿੱਖਿਆ ਮੰਤਰੀ ਵੱਲੋਂ ਅੰਗ੍ਰੇਜ਼ੀ ਅਧਿਆਪਕਾਂ ਦੇ ਲਏ ਗਏ ਟੈਸਟ ਵਿੱਚ ਬਹੁਤ ਸਾਰੇ ਅੰਗ੍ਰੇਜ਼ੀ ਅਧਿਆਪਕ ਪੂਰੇ ਨਹੀਂ ਉਤਰੇ ਸਨ;

ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਸਹੀ ਹੈ ਤਾਂ ਸਰਕਾਰ ਵੱਲੋਂ ਉਨ੍ਹਾਂ ਅਧਿਆਪਕਾਂ ਵਿਰੁੱਧ ਕੀ ਕਾਰਵਾਈ ਕੀਤੀ ਜਾ ਰਹੀ ਹੈ?

ਸ) ਸਰਕਾਰੀ ਸਕੂਲਾਂ ਵਿੱਚ ਮਾੜੇ ਰਿਜ਼ਲਟ ਦੇ ਮੱਦੇਨਜ਼ਰ ਸਿੱਖਿਆ ਦਾ ਪੱਧਰ ਉੱਪਰ ਚੁੱਕਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਡਾਕਟਰ ਦਲਜੀਤ ਸਿੰਘ ਚੀਮਾ :**

ੳ) ਨਹੀਂ ਜੀ, ਇਸ ਸਾਲ ਦਸਵੀਂ ਕਲਾਸ ਦੇ ਅੰਗਰੇਜ਼ੀ ਵਿਸ਼ੇ ਦੇ ਨਤੀਜੇ

[ ਸਿੱਖਿਆ ਮੰਤਰੀ ]

78.79% ਰਹੇ ਹਨ।

ਅ) ਅੰਗਰੇਜ਼ੀ ਅਧਿਆਪਕਾਂ ਦਾ ਕੋਈ ਟੈਸਟ ਨਹੀਂ ਲਿਆ ਗਿਆ ਸੀ। ਘੱਟ ਨਤੀਜੇ ਵਾਲੇ ਅਧਿਆਪਕਾਂ ਤੋਂ ਉਨ੍ਹਾਂ ਦੇ ਘੱਟ ਰਿਜ਼ਲਟ ਦੇ ਕਾਰਨ ਅਤੇ ਇਸ ਵਿੱਚ ਸੁਧਾਰ ਸਬੰਧੀ ਸੁਝਾਅ ਲਿਖਤੀ ਤੌਰ ਤੇ ਮੰਗੇ ਗਏ ਸਨ। ਜਦੋਂ ਉਨ੍ਹਾਂ ਵੱਲੋਂ ਕਾਰਨ ਅਤੇ ਸੁਝਾਅ ਸਬੰਧੀ ਆਪਣੇ ਵਿਚਾਰ ਲਿਖਤੀ ਰੂਪ ਵਿੱਚ (ਅੰਗਰੇਜ਼ੀ ਭਾਸ਼ਾ ਵਿੱਚ) ਦਿੱਤੇ ਤਾਂ ਇਹ ਪਾਇਆ ਗਿਆ ਕਿ ਉਨ੍ਹਾਂ ਵੱਲੋਂ ਬਹੁਤ ਜ਼ਿਆਦਾ ਗਲਤੀਆਂ ਕੀਤੀਆਂ ਗਈਆਂ ਸਨ।

ੲ) ਉੱਤਰ (ਅ) ਅਨੁਸਾਰ ਉਨ੍ਹਾਂ ਨੂੰ ਮੌਕੇ ਤੇ ਗਲਤੀਆਂ ਵੱਲ ਧਿਆਨ ਦੇਣ ਅਤੇ ਆਪਣੇ ਵਿਸ਼ੇ ਸਬੰਧੀ ਅਪਡੇਟ ਹੋਣ ਲਈ ਹਦਾਇਤ ਕੀਤੀ ਗਈ। ਅਧਿਆਪਕਾਂ ਨੂੰ ਗੁਣਵੱਤਾ ਅਧਾਰਤ ਸਿੱਖਿਆ ਦੇਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਸ) ਇਨ੍ਹਾਂ ਅਧਿਆਪਕਾਂ ਲਈ ਵਿਸ਼ੇਸ਼ ਟ੍ਰੇਨਿੰਗ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਐਸ.ਸੀ.ਈ.ਆਰ.ਟੀ. ਵੱਲੋਂ ਸਮੇਂ ਸਮੇਂ ਤੇ ਅਧਿਆਪਕਾਂ ਲਈ ਸੈਮੀਨਾਰ/ਵਿਸ਼ੇਸ਼ ਟ੍ਰੇਨਿੰਗਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਚੰਗੇ ਰਿਜ਼ਲਟ ਦੇਣ ਵਾਲਿਆਂ ਨੂੰ ਪ੍ਰਸੰਸਾ ਪੱਤਰ ਅਤੇ ਸਨਮਾਨ ਦਿੱਤੇ ਜਾ ਰਹੇ ਹਨ ਤਾਂ ਕਿ ਦੂਸਰੇ ਅਧਿਆਪਕ ਇਸ ਤੋਂ ਪ੍ਰੇਰਨਾ ਲੈ ਸਕਣ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਇਹ ਬਹੁਤ ਹੀ ਗੰਭੀਰ ਮਸਲਾ ਹੈ, ਜਿਹੜਾ ਪੰਜਾਬ ਅਤੇ ਆਪਣੇ ਸਾਰਿਆਂ ਦੇ ਭਵਿੱਖ ਨਾਲ ਜੁੜਿਆ ਹੋਇਆ ਹੈ। ਮੰਤਰੀ ਜੀ ਵੱਲੋਂ ਇਹ ਜਵਾਬ ਆਇਆ ਹੈ ਕਿ ਦਸਵੀਂ ਕਲਾਸ ਦੇ ਅੰਗਰੇਜ਼ੀ ਦੇ ਰਿਜ਼ਲਟ 78.79% ਆਏ ਹਨ, ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਟੀਚਰਜ਼ ਦਾ ਕੋਈ ਟੈਸਟ ਨਹੀਂ ਲਿਆ। ਸਪੀਕਰ ਸਾਹਿਬ, ਮੇਰੇ ਕੋਲ ਪ੍ਰੈਸ ਦੀਆਂ ਬਕਾਇਦਾ ਕਟਿੰਗਜ਼ ਹਨ, ਜਿਸ ਤੋਂ ਇਹ ਗੱਲ ਸਾਰਿਆਂ ਦੇ ਸਾਮ੍ਹਣੇ ਆਈ ਹੈ ਕਿ ਚੀਮਾ ਸਾਹਿਬ ਨੇ ਚੰਗਾ ਕਦਮ ਚੁੱਕਿਆ ਹੈ ਕਿ ਇਨ੍ਹਾਂ ਨੇ ਬਕਾਇਦਾ ਤੌਰ ਤੇ ਉੱਥੇ ਜਾ ਕੇ ਟੀਚਰਜ਼ ਨਾਲ ਰਾਬਤਾ ਕਾਇਮ ਕੀਤਾ ਅਤੇ ਉਨ੍ਹਾਂ ਦਾ ਟੈਸਟ ਵੀ ਲਿਆ। ਮੈਂ ਇਸ ਨੂੰ ਬਹੁਤ ਅੱਛਾ ਕੰਮ ਸਮਝਦਾ ਹਾਂ, ਇਹ ਕੋਈ ਮਾੜੀ ਗੱਲ ਨਹੀਂ ਹੈ। ਟੈਸਟ ਰਾਹੀਂ ਇਹ ਦੇਖਿਆ ਗਿਆ ਹੈ ਕਿ ਕਾਫੀ

ਸਾਰੇ ਟੀਚਰਜ਼ up to the mark ਨਹੀਂ ਸਨ। ਮੇਰੀ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਇਹ ਬੇਨਤੀ ਹੈ ਕਿ ਜਿਵੇਂ 130 ਕੰਟਰੀਜ਼ ਦੀਆਂ 9000 ਯੂਨੀਵਰਸਿਟੀਜ਼ ਵਿੱਚ ਇਕ widely respected test conduct ਕੀਤਾ ਜਾਂਦਾ ਹੈ, ਜਿਸ ਨੂੰ TOEFL ਕਿਹਾ ਜਾਂਦਾ ਹੈ ਜੇਕਰ ਇਸ ਦੀ full form ਦੇਖੀਏ ਤਾਂ Test of English as foreign language ਬਣਦੀ ਹੈ। ਕਿਉਂ ਨਹੀਂ ਪੰਜਾਬ ਸਰਕਾਰ ਇਸ ਟੈਸਟ ਨੂੰ ਜਿਸ ਨੂੰ ਪੂਰੀ ਦੁਨੀਆ ਵਿੱਚ ਇੰਪਲੀਮੈਂਟ ਕੀਤਾ ਗਿਆ ਹੈ, ਉਸ ਨੂੰ ਲਾਗੂ ਕਰਦੀ? ਇਸ ਟੈਸਟ ਨਾਲ ਅੰਗਰੇਜ਼ੀ ਦੇ ਅੱਛੇ ਟੀਚਰ ਪਾਸ ਹੋਣ ਅਤੇ ਉਨ੍ਹਾਂ ਨੂੰ ਹੀ ਸਕੂਲਾਂ, ਕਾਲਜਾਂ....

**ਮਾਨਯੋਗ ਸਪੀਕਰ :** ਆਪਾਂ ਪੁੱਛਣਾ ਕੀ ਚਾਹੁੰਦੇ ਹਾਂ?

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਮੇਰਾ ਪੁੱਛਣ ਦਾ ਮਤਲਬ ਇਹੀ ਹੈ ਕਿ ਕੀ ਪੰਜਾਬ ਸਰਕਾਰ ਇਸ ਟੈਸਟ ਨੂੰ ਲਾਗੂ ਕਰੇਗੀ? ਮੇਰਾ ਇਕ ਹੋਰ ਸਵਾਲ ਹੈ...

**ਮਾਨਯੋਗ ਸਪੀਕਰ :** ਇਕ ਟਾਈਮ ਵਿੱਚ ਇਕ ਸਵਾਲ ਹੀ ਪੁੱਛ ਸਕਦੇ ਹੋ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਮਾਨਯੋਗ ਮੈਂਬਰ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬਹੁਤ ਹੀ ਮਹੱਤਵਪੂਰਨ ਵਿਸ਼ੇ ਤੇ ਗੱਲ ਸ਼ੁਰੂ ਕੀਤੀ ਹੈ। ਮੈਂ ਆਪਣੇ ਜਵਾਬ ਵਿੱਚ ਵੀ ਕਿਹਾ ਹੈ ਕਿ ਕੋਈ ਫਾਰਮਲ ਟੈਸਟ ਨਹੀਂ ਲਿਆ ਗਿਆ ਸੀ। ਮੈਂ ਸਾਰੇ ਪੰਜਾਬ ਦੇ ਹਰ ਜ਼ਿਲ੍ਹੇ ਤੋਂ ਅੰਗਰੇਜ਼ੀ ਦੇ 10 ਅਧਿਆਪਕ ਕਾਲ ਕੀਤੇ ਸਨ, ਜਿਨ੍ਹਾਂ ਦਾ ਰਿਜ਼ਲਟ ਆਪਣੇ ਜ਼ਿਲ੍ਹੇ ਵਿੱਚ ਲੋਐਸਟ ਹੈ। ਉਨ੍ਹਾਂ ਅਧਿਆਪਕ ਸਾਹਿਬਾਨ ਦੀ ਆਪਣੇ ਸਬਜੈਕਟ ਦੀ ਨਾਲਿਜ ਨੂੰ ਮੈਂ ਟੈਕਟਫੁਲੀ ਜੱਜ ਕਰਨ ਵਾਸਤੇ ਆਪਣੇ ਕੋਲ ਬੁਲਾਇਆ ਸੀ ਔਰ ਸਿਰਫ ਇੰਨਾ ਹੀ ਕਿਹਾ ਸੀ ਕਿ ਤੁਸੀਂ 220 ਅਧਿਆਪਕ ਆਏ ਹੋ, ਸਾਰਿਆਂ ਨੇ ਬੋਲ ਨਹੀਂ ਸਕਣਾ। ਇਸ ਲਈ ਕਿਰਪਾ ਕਰਕੇ ਦੋ-ਚਾਰ ਲਾਈਨਾਂ ਦੇ ਵਿੱਚ ਅੰਗਰੇਜ਼ੀ ਵਿੱਚ ਇਹ ਲਿਖ ਕੇ ਦਿਉ ਕਿ ਇਸ ਮਾੜੇ ਰਿਜ਼ਲਟ ਦੇ ਕਾਰਨ ਕੀ ਹਨ ਅਤੇ ਨਾਲ ਹੀ ਆਪਣੇ ਸੁਜੈਸ਼ਨ ਵੀ ਲਿਖ ਦਿਉ ਕਿ ਇਸ ਨੂੰ ਕਿਵੇਂ ਇੰਪਰੂਵ ਕਰ ਸਕਦੇ ਹਾਂ। ਉਸ ਟੈਸਟ ਦੇ ਜੋ ਨਤੀਜੇ ਸਨ, ਉਹ ਹੁਣ ਵੀ ਮੇਰੇ ਹੱਥ ਵਿੱਚ ਹਨ।

**ਮਾਨਯੋਗ ਸਪੀਕਰ :** ਕੀ ਉਸ ਵਿੱਚ ਪੇਂਡੂ ਖੇਤਰਾਂ ਵਿੱਚ ਪੜ੍ਹਾਉਂਦੇ ਅਧਿਆਪਕ ਹੀ ਸਨ?

**ਮੰਤਰੀ :** ਸਾਰੇ ਹੀ ਸਨ, ਸਾਰੇ ਡਿਸਟ੍ਰਿਕਟਸ ਵਿਚੋਂ ਅਧਿਆਪਕ ਲਏ ਗਏ ਸਨ।

**ਮਾਨਯੋਗ ਸਪੀਕਰ :** ਕੀ ਉਹ ਪੇਂਡੂ ਖੇਤਰ ਦੇ ਟੀਚਰ ਸੀ?

**ਮੰਤਰੀ :** ਹਾਂ ਜੀ, ਪੇਂਡੂ ਖੇਤਰ ਦੇ ਵੀ ਸਨ। ਉਸ ਵਿੱਚ ਐਸ.ਐਸ. ਟੀਚਰ ਵੀ ਸਨ, ਅੰਗਰੇਜ਼ੀ ਦੇ ਮਾਸਟਰਜ਼ ਵੀ ਸਨ ਅਤੇ ਅੰਗਰੇਜ਼ੀ ਦੇ ਲੈਕਚਰਾਰਜ ਵੀ ਸਨ। ਇਨ੍ਹਾਂ 220 ਦੀ ਜੋ ਆਊਟਕਮ ਸੀ, ਉਹ ਮੇਰੇ ਸਾਹਮਣੇ ਹੈ। ਉਨ੍ਹਾਂ ਵਿਚੋਂ 25-30 ਨੂੰ ਛੱਡ ਕੇ ਬਾਕੀਆਂ ਦੀ ਆਊਟਕਮ ਬਹੁਤ ਨਿਰਾਸ਼ਾਜਨਕ ਸੀ। ਮੈਂ ਵੀ ਨਿਰਾਸ਼ ਹੋ ਗਿਆ ਸੀ ਕਿਉਂਕਿ ਬੰਦਾ ਸੋਚ ਵੀ ਨਹੀਂ ਸਕਦਾ ਕਿ ਜਿਹੜਾ ਅਧਿਆਪਕ ਇੰਗਲਿਸ਼ ਪੜ੍ਹਾਉਂਦਾ ਹੈ, ਉਸ ਦਾ ਆਪਣਾ ਪੱਧਰ ਇੰਨਾ ਘੱਟ ਹੋਵੇਗਾ। ਮੈਂ ਮੌਕੇ ਤੇ ਵੀ ਉਨ੍ਹਾਂ ਨਾਲ ਗੰਭੀਰਤਾ ਨਾਲ ਗੱਲ ਕੀਤੀ ਸੀ। ਉਸ ਦਿਨ ਤੋਂ ਅਸੀਂ ਲਗਾਤਾਰ ਅਜਿਹਾ ਕਰ ਰਹੇ ਹਾਂ, ਪਹਿਲਾਂ ਮੈਂ ਇੰਗਲਿਸ਼ ਟੀਚਰਾਂ ਦੀ ਕੀਤੀ ਸੀ। ਇਸ ਵਾਸਤੇ ਅਸੀਂ ਡਾਈਟਸ-ਪ੍ਰਿੰਸੀਪਲਜ਼, ਇਨ ਸਰਵਿਸ ਟਰੇਨਿੰਗ ਕਾਲਜਾਂ ਦੇ ਪ੍ਰਿੰਸੀਪਲਜ਼, ਸਬਜੈਕਟ ਐਕਸਪਰਟਸ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸਾਹਿਬਾਨ ਦੀਆਂ ਕੰਬਾਈਨਡ ਕਮੇਟੀਆਂ ਬਣਾਈਆਂ ਹਨ ਤਾਂ ਕਿ ਉਹ ਦੇਖਣ ਕਿ ਸਕੂਲਾਂ ਵਿੱਚ ਬਾਕੀ ਸਬਜੈਕਟਸ ਨੂੰ ਕਿਸ ਤਰ੍ਹਾਂ ਪੜ੍ਹਾਇਆ ਜਾਂਦਾ ਹੈ।

ਜੋ ਡਾਈਟਸ ਹਨ, ਉਹ ਪ੍ਰੀ-ਸਰਵਿਸ ਟ੍ਰੇਨਿੰਗ ਦਿੰਦੀਆਂ ਹਨ। ਘੱਟ ਰਿਜ਼ਲਟ ਵਾਲੇ 10-10 ਸਕੂਲ ਵਿਜ਼ਿਟ ਕੀਤੇ ਗਏ, ਅਜਿਹਾ ਇਸ ਵਾਸਤੇ ਕੀਤਾ ਗਿਆ ਕਿ ਉਸ ਦੇ ਇੰਚਾਰਜਾਂ ਨੂੰ ਵੀ ਪਤਾ ਲੱਗੇ ਕਿ ਸਕੂਲਾਂ ਦੀ ਸਥਿਤੀ ਕੀ ਹੈ। ਜਿਹੜੇ ਸਾਡੇ ਇਨ ਸਰਵਿਸ ਟ੍ਰੇਨਿੰਗ ਕਾਲਜਿਜ਼ ਹਨ, ਉਹ ਅਧਿਆਪਕਾਂ ਨੂੰ ਲਗਾਤਾਰ ਇਨ ਸਰਵਿਸ ਟ੍ਰੇਨਿੰਗ ਦਿੰਦੇ ਹਨ, ਉਨ੍ਹਾਂ ਨੂੰ ਵੀ ਸਕੂਲਾਂ ਦੀ ਹਾਲਤ ਦਿਖਾਉਣ ਵਾਸਤੇ ਮੈਂ ਨਾਲ ਭੇਜਿਆ ਔਰ ਜਿਹੜੇ ਸਾਡੇ ਜ਼ਿਲ੍ਹਿਆਂ ਦੇ ਪ੍ਰਬੰਧਕ ਹਨ, ਜ਼ਿਲ੍ਹਾ ਸਿੱਖਿਆ ਅਫ਼ਸਰ ਸਾਹਿਬਾਨ, ਉਨ੍ਹਾਂ ਨੂੰ ਵੀ ਔਰ ਡਾਈਟਸ ਦੇ ਸਬਜੈਕਟਸ ਐਕਸਪਰਟਸ ਨੂੰ ਵੀ, ਉਨ੍ਹਾਂ ਸਾਰਿਆਂ ਤੋਂ ਮੈਂ 220 ਸਕੂਲ ਵਿਜ਼ਿਟ ਕਰਵਾਏ ਹਨ। ਜੋ ਜੋ ਕਮੀਆਂ ਸਾਨੂੰ ਦਿਖੀਆਂ, ਉਹ ਅਸੀਂ ਡਿਸਕਸ ਕੀਤੀਆਂ ਹਨ। ਅਸੀਂ ਟ੍ਰੇਨਿੰਗ ਦੇ ਮਾਧਿਅਮਾਂ ਦੇ ਅਕਾਰਡਿੰਗਲੀ ਪਹਿਲਾਂ ਸਾਰੇ ਸਬਜੈਕਟਸ ਦੇ ਮਾਸਟਰ ਟ੍ਰੇਨਰਜ਼ ਤਿਆਰ ਕਰਾਂਗੇ, ਉਸ ਤੋਂ ਬਾਅਦ ਸਾਰਾ ਸਾਲ ਲਗਾਤਾਰ ਇਹ ਟ੍ਰੇਨਿੰਗਾਂ ਉਨ੍ਹਾਂ ਨੂੰ ਕਰਵਾਵਾਂਗੇ ਕਿਉਂਕਿ ਜਿਹੜੀ ਇਹ

ਸਥਿਤੀ ਹੈ, ਮੈਂ ਬਿਲਕੁਲ ਇਨ੍ਹਾਂ ਨਾਲ ਸਹਿਮਤ ਹਾਂ ਕਿ ਇਹ ਸਥਿਤੀ ਨਿਰਾਸ਼ਾਜਨਕ ਹੈ। ਇਸ ਨੂੰ ਇੰਪਰੂਵ ਕੀਤਾ ਜਾਣਾ ਚਾਹੀਦਾ ਹੈ ਔਰ ਮੈਂ ਸਦਨ ਨੂੰ ਭਰੋਸਾ ਵੀ ਦਿਵਾਉਂਦਾ ਹਾਂ ਕਿ ਪੂਰੀ ਡੈਡੀਕੇਸ਼ਨ ਨਾਲ ਮੈਂ ਇਹ ਕੰਮ ਸ਼ੁਰੂ ਕੀਤਾ ਹੈ ਔਰ ਇਸੇ ਸਾਲ ਵਿੱਚ ਵੱਡੀ ਤਬਦੀਲੀ ਲਿਆਵਾਂਗੇ। (ਥੰਪਿੰਗ)

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਪਿਛੇ ਜਿਹੇ ਤੁਸੀਂ ਵੀ ਪ੍ਰਾਈਮ ਮਨਿਸਟਰ ਸਾਹਿਬ ਦੀ ਮੀਟਿੰਗ ਵਿੱਚ ਇਹ ਮਸਲਾ ਉਠਾਇਆ ਸੀ। ਚਾਈਨਾ, ਜਿਥੇ ਪਿੱਛੇ ਜਿਹੇ ਉਲੰਪਿਕ ਗੇਮਜ਼ ਹੋਈਆਂ ਹਨ, ਉਨ੍ਹਾਂ ਨੇ 20,000 ਟੀਚਰ ਬਾਹਰੋਂ ਮੰਗਵਾ ਕੇ ਆਪਣੇ ਟੀਚਰਜ਼ ਨੂੰ ਇੰਗਲਿਸ਼ ਸਿਖਾਈ ਕਿਉਂਕਿ ਇੰਗਲਿਸ਼ ਇੰਟਰਨੈਸ਼ਨਲ ਲੈਂਗੁਏਜ ਹੈ। ਫਿਰ ਅਸੀਂ ਕਿਉਂ ਨਹੀਂ ਅਜਿਹਾ ਕਰ ਸਕਦੇ? ਕਿਉਂ ਨਹੀਂ ਪੰਜਾਬ ਗੌਰਮਿੰਟ ਇਹ ਟੈਸਟ ਲੈਂਦੀ, ਜਿਹੜਾ ਟੈਸਟ ਪੂਰੀ ਦੁਨੀਆ ਵਿੱਚ ਰੱਖਿਆ ਗਿਆ ਹੈ। ਕਿਉਂ ਨਹੀਂ ਪੰਜਾਬ ਸਰਕਾਰ ਆਪਣੇ ਟੀਚਰਜ਼ ਵਾਸਤੇ ਇਹ ਟੈਸਟ ਇੰਪਲੀਮੈਂਟ ਕਰਦੀ? ਪੰਜਾਬ ਸਰਕਾਰ ਵਲੋਂ ਅਤੇ ਮੰਤਰੀ ਜੀ ਵਲੋਂ ਇਸ ਦਾ ਜਵਾਬ ਦੇਣਾ ਚਾਹੀਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਜਿਹੜੇ ਸਾਡੇ ਅਧਿਆਪਕ ਹਨ, ਉਨ੍ਹਾਂ ਨੇ ਪਹਿਲੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਤੱਕ ਅਲੱਗ ਅਲੱਗ ਸਬਜੈਕਟਸ ਨੂੰ ਪੜ੍ਹਾਉਣਾ ਹੈ। ਇਹ ਜਿਹੜੀ ਆਈਲੈਟਸ ਜਾਂ ਉਸ ਦੇ ਐਗਜ਼ਾਮ ਦੀ ਗੱਲ ਕਰ ਰਹੇ ਹਨ, ਉਹ ਕਮਿਊਨੀਕੇਸ਼ਨ ਸਕਿੱਲ ਜੱਜ ਕਰਨ ਦਾ ਇੱਕ ਐਗਜ਼ਾਮੀਨੇਸ਼ਨ ਹੈ ਲੇਕਿਨ ਜਦੋਂ ਤੁਸੀਂ ਇੱਕ ਲੈਂਗੁਏਜ ਨੂੰ ਪੜ੍ਹਾਉਣਾ ਹੈ, ਉਸ ਵਾਸਤੇ ਤੁਹਾਡੀ ਓਵਰਆਲ ਨਾਲੇਜ ਕਈ ਗੁਣਾਂ ਜ਼ਿਆਦਾ ਹੋਣੀ ਚਾਹੀਦੀ ਹੈ। ਇਸ ਕਰਕੇ ਅਸੀਂ ਜਿਹੜੇ ਟ੍ਰੇਨਿੰਗ ਮਾਡੀਊਲਜ਼ ਬਣਾਏ ਹਨ, ਉਨ੍ਹਾਂ ਵਿੱਚ ਇੰਗਲਿਸ਼ ਦੇ ਐਕਸਪਰਟਸ ਹਨ।

ਬ੍ਰਿਟਿਸ਼ ਕੌਂਸਲ ਦੇ ਨਾਲ ਆਲਰੈਡੀ ਸਾਡਾ ਟੀਚਰਜ਼ ਦਾ ਪ੍ਰੋਗਰਾਮ ਚੱਲ ਰਿਹਾ ਹੈ, ਉਸ ਵਿੱਚ ਅਸੀਂ ਪਿਛਲੇ ਮਹੀਨੇ ਵੀ 2800 ਟੀਚਰਜ਼ ਨੂੰ ਟਰੇਨਿੰਗ ਦਿੱਤੀ ਹੈ। ਪਹਿਲਾਂ ਅਸੀਂ 191 ਮਾਸਟਰ ਟ੍ਰੇਨਰਜ਼ ਉਨ੍ਹਾਂ ਤੋਂ ਤਿਆਰ ਕਰਵਾਏ ਹਨ ਲੇਕਿਨ ਇੰਨੇ ਕੁ ਨਾਲ ਮੈਂ ਆਪਣੀ ਤਸੱਲੀ ਪ੍ਰਗਟ ਨਹੀਂ ਕੀਤੀ। ਮੈਂ ਇਸ ਨੂੰ ਹੋਰ ਬੈਟਰ ਕਰਨ ਦੀ ਕੋਸ਼ਿਸ਼ ਕਰਾਂਗਾ ਕਿਉਂਕਿ ਸਾਡਾ ਬਹੁਤ ਵੱਡਾ ਕੇਡਰ ਹੈ। ਓਵਰਆਲ ਸਵਾ ਲੱਖ ਦੇ ਕਰੀਬ ਸਾਡੇ ਕੋਲ ਅਧਿਆਪਕ ਹਨ। ਸਾਰੇ ਸਬਜੈਕਟਸ ਵਿੱਚ ਰੈਗੂਲਰ ਟ੍ਰੇਨਰਜ਼ ਵਾਸਤੇ ਪਹਿਲਾਂ ਸਾਡੇ ਆਪਣੇ ਮਾਸਟਰ

[ ਸਿੱਖਿਆ ਮੰਤਰੀ ]

ਟ੍ਰੇਨਰਜ਼ ਹੋਣੇ ਚਾਹੀਦੇ ਹਨ ਕਿਉਂਕਿ ਉਨ੍ਹਾਂ ਨੇ ਲਗਾਤਾਰ ਸਿਲੇਬਸ ਪੜ੍ਹਾਉਣਾ ਹੈ, ਉਸ ਦੇ ਅਕਾਰਡਿੰਗਲੀ ਉਨ੍ਹਾਂ ਨੂੰ ਸਮੇਂ ਦਾ ਹਾਣੀ ਬਣਾ ਕੇ ਰੱਖਣ ਦੀ ਲੋੜ ਹੈ। ਮੈਂ ਇਨ੍ਹਾਂ ਦੀ ਭਾਵਨਾ ਨਾਲ ਸਹਿਮਤ ਹਾਂ ਪਰ ਇਕੱਲਾ ਉਸ ਐਗਜ਼ਾਮ ਦੇ ਨਾਲ ਕੰਮ ਨਹੀਂ ਚਲਦਾ। ਲੈਂਗੁਏਜ਼ ਜਿਹੜੀ ਪੜ੍ਹਾਉਣੀ ਹੈ, ਉਸ ਵਾਸਤੇ ਉਨ੍ਹਾਂ ਨੂੰ ਇਨ ਡੈਪਥ ਸਬਜੈਕਟ ਦੀ ਨਾਲੇਜ ਹੋਣੀ ਵੀ ਬਹੁਤ ਜ਼ਰੂਰੀ ਹੈ। ਇਸ ਲਈ ਅਸੀਂ ਪੂਰੀ ਕੋਸ਼ਿਸ਼ ਕਰਕੇ ਉਨ੍ਹਾਂ ਨੂੰ ਤਿਆਰ ਕਰਾਂਗੇ।

---

## ਮਗਨਰੇਗਾ ਤਹਿਤ ਬਕਾਇਆ ਭੁਗਤਾਨ ਸਬੰਧੀ

*2172. **ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

ੳ) ਜੈਤੋ ਅਸੈਂਬਲੀ ਹਲਕੇ ਵਿਚ ਮਗਨਰੇਗਾ ਤਹਿਤ ਪੇਮੈਂਟ ਲਈ ਪੈਂਡਿੰਗ ਪਏ ਕੇਸਾਂ ਦੀ ਕੁੱਲ ਗਿਣਤੀ ਅਤੇ ਇਸਦੇ ਨਾਲ ਹੀ ਬਕਾਇਆ ਪੇਮੈਂਟ ਦੀ ਕੁੱਲ ਰਾਸ਼ੀ ਕਿੰਨੀ ਹੈ;

ਅ) ਉਕਤ ਪੇਮੈਂਟਾਂ ਦੀ ਅਦਾਇਗੀ ਕਦੋਂ ਕੀਤੀ ਜਾਵੇਗੀ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ,

ੳ) ਜੈਤੋ ਅਸੈਂਬਲੀ ਹਲਕੇ ਵਿੱਚ ਮਗਨਰੇਗਾ ਤਹਿਤ ਕੋਈ ਵੀ ਪੇਮੈਂਟ ਬਕਾਇਆ ਨਹੀਂ ਹੈ।

ਅ) ਉਕਤ ਪੇਮੈਂਟਾਂ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਹੁਣ ਕੋਈ ਵੀ ਪੇਮੈਂਟ ਬਕਾਇਆ ਨਹੀਂ ਹੈ।

**ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਟੋਟਲ ਕਿੰਨਾ ਬਕਾਇਆ ਸੀ ਅਤੇ ਕਦੋਂ ਤੱਕ ਦੇ ਦਿੱਤਾ ਗਿਆ ਹੈ? ਕਿਉਂਕਿ ਲੋਕ ਤਾਂ ਅੱਜ ਵੀ ਡੀ.ਸੀ. ਦਫ਼ਤਰਾਂ ਦੇ ਅੱਗੇ ਧਰਨੇ ਲਗਾ ਰਹੇ ਹਨ। ਇਸ ਬਾਰੇ ਦੱਸਿਆ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਦੱਸ ਦਿੱਤਾ ਹੈ ਕਿ 19.09.2015 ਤੱਕ ਜਿੰਨੇ ਵੀ ਬਕਾਏ ਸੀ, ਉਹ ਸਾਰੇ ਹੀ ਦੇ ਦਿੱਤੇ ਗਏ ਹਨ। ਹੁਣ 19.09.2015

ਤੱਕ ਕੋਈ ਬਕਾਇਆ ਨਹੀਂ ਹੈ, ਉਸ ਤੋਂ ਬਾਅਦ ਕੋਈ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ। ਨਰੇਗਾ ਵਾਲਿਆਂ ਜਾਂ ਕਿਸੇ ਹੋਰ ਦਾ ਡੀ.ਸੀ. ਦਫ਼ਤਰ ਅੱਗੇ ਕੋਈ ਧਰਨਾ ਨਹੀਂ ਹੈ।

**ਸ਼੍ਰੀਮਤੀ ਹਰਚੰਦ ਕੌਰ :** ਸਪੀਕਰ ਸਾਹਿਬ।

**ਮਾਨਯੋਗ ਸਪੀਕਰ :** ਬੀਬੀ ਜੀ, ਉਨ੍ਹਾਂ ਦਾ ਆਪਣੇ ਹਲਕੇ ਦਾ ਪ੍ਰਸ਼ਨ ਹੈ।

**ਸ਼੍ਰੀਮਤੀ ਹਰਚੰਦ ਕੌਰ :** ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਅਸੀਂ ਸਾਰੀ ਪੇਮੈਂਟ ਕਰ ਦਿੱਤੀ ਹੈ ਪਰ ਸਾਡੇ ਮਹਿਲਕਲਾਂ ਵਿਚ ਕਿਸੇ ਨੂੰ ਪੈਸੇ ਨਹੀਂ ਮਿਲੇ।

**ਮਾਨਯੋਗ ਸਪੀਕਰ :** ਬੀਬੀ ਜੀ, ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਅਸੀਂ 19.09.2015 ਤੱਕ ਸਾਰੀ ਪੇਮੈਂਟ ਕਰ ਦਿੱਤੀ ਹੈ, ਹੁਣ ਪਹੁੰਚਦਿਆਂ ਵੀ ਦੇਰ ਲੱਗੇਗੀ।

**ਸ਼੍ਰੀਮਤੀ ਹਰਚੰਦ ਕੌਰ :** ਸਪੀਕਰ ਸਾਹਿਬ, ਮੇਰੇ ਕੋਲ ਸਾਰਾ ਰਿਕਾਰਡ ਹੈ। ਕੋਈ ਪੈਸੇ ਨਹੀਂ ਮਿਲੇ।

**ਮਾਨਯੋਗ ਸਪੀਕਰ :** ਨਹੀਂ ਜੀ। ਬੀਬੀ ਜੀ, ਬੈਠੋ।

**ਸ਼੍ਰੀਮਤੀ ਹਰਚੰਦ ਕੌਰ :** ਸਪੀਕਰ ਸਾਹਿਬ, ਜਵਾਬ ਤਾਂ ਦਿਵਾਓ।

**ਮਾਨਯੋਗ ਸਪੀਕਰ :** ਬੀਬੀ ਜੀ, ਉਨ੍ਹਾਂ ਦੇ ਹਲਕੇ ਦੇ ਸਬੰਧ ਵਿਚ ਮੰਤਰੀ ਜੀ ਨੇ ਦੱਸ ਦਿੱਤਾ ਹੈ ਕਿ 19.09.2015 ਤੱਕ ਅਸੀਂ ਟੋਟਲ ਪੇਮੈਂਟ ਕਰ ਦਿੱਤੀ ਹੈ, ਹੁਣ ਪਹੁੰਚਦਿਆਂ ਵੀ ਟਾਈਮ ਲੱਗਣਾ ਹੈ। ਤੁਸੀਂ ਆਪਣਾ ਸਵਾਲ ਕਰ ਲੈਣਾ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਗਰੀਬ ਰੋ ਰਹੇ ਹਨ। ਸਿਰਫ਼ ਕਾਗਜ਼ਾਂ ਵਿਚ ਪੈਸੇ ਮਿਲੇ ਹਨ।

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਕੋਈ ਡਿਬੇਟ ਨਹੀਂ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, with due respect ਤੁਸੀਂ ਬਹੁਤ ਵੱਡੀ ਗੱਲ ਕਹਿ ਦਿੱਤੀ ਹੈ ਕਿ ਇਨ੍ਹਾਂ ਨੇ ਤਾਂ ਪੇਮੈਂਟ ਕਰ ਦਿੱਤੀ ਹੈ ਪਰ ਪਹੁੰਚਣ ਵਿਚ ਟਾਈਮ ਲੱਗੇਗਾ। ਤੁਸੀਂ ਰਣੀਕੇ ਸਾਹਿਬ ਵਾਲੇ ਮਸਲੇ ਤੇ ਪ੍ਰਸ਼ਨ ਕਰਨ ਨਹੀਂ ਦਿੱਤਾ, whatever ਇਨ੍ਹਾਂ ਦਾ ਜਵਾਬ ਰਿਹਾ ਹੋਣਾ, ਇਨ੍ਹਾਂ ਨੇ

[ ਸ਼੍ਰੀ ਸੁਨੀਲ ਜਾਖੜ ]

ਐਕਸਟੈਂਸ਼ਨ ਲੈ ਲਈ ਹੈ। ਤੁਸੀਂ ਦੱਸੋ ਕਿੰਨਾ ਕੁ ਟਾਈਮ ਲਗਦਾ ਹੈ। ਕੱਲ੍ਹ ਵੀ ਢੀਂਡਸਾ ਸਾਹਿਬ ਨੇ ਕਿਹਾ ਸੀ ਕਿ ਅਸੀਂ ਸਕਾਲਰਸ਼ਿਪ ਦੀ ਪੇਮੈਂਟ ਕਰ ਦਿੱਤੀ ਹੈ ਪਰ ਸਾਲ-ਡੇਢ ਸਾਲ ਇਹ ਪੇਮੈਂਟਾਂ ਪਹੁੰਚਦੀਆਂ ਹੀ ਨਹੀਂ। ਜਿਹੜੀ ਇਨ੍ਹਾਂ ਨੇ ਪੇਮੈਂਟ ਕੀਤੀ ਹੈ, ਇਹ ਕਦੋਂ ਤੱਕ ਪਹੁੰਚੇਗੀ? ਸਪੀਕਰ ਸਾਹਿਬ, ਕੱਲ੍ਹ ਰਣੀਕੇ ਜੀ ਨੇ ਸਾਡੇ ਤੇ ਬਹੁਤ ਵੱਡਾ ਇਲਜ਼ਾਮ ਲਗਾਇਆ ਕਿ ਸਾਨੂੰ ਗਰੀਬ ਕਹਿੰਦੇ ਹੋ। ਮਨਰੇਗਾ ਵਾਲਿਆਂ ਤੋਂ ਜ਼ਿਆਦਾ ਗਰੀਬ ਤਾਂ ਕੋਈ ਨਹੀਂ ਹੋਣਾ। ਇਸ ਵਾਸਤੇ ਮਲੂਕਾ ਸਾਹਿਬ ਕਿਉਂ ਨਹੀਂ ਖੁੱਲ੍ਹ ਕੇ ਜਵਾਬ ਦਿੰਦੇ।

**ਮੰਤਰੀ :** ਮੈਂ ਕਿਸੇ ਗੱਲ ਦਾ ਲੁਕਾ ਨਹੀਂ ਰੱਖਿਆ ਹੈ।

**ਸ਼੍ਰੀ ਸੁਨੀਲ ਜਾਖੜ :** ਕਿਹੜਾ ਲੁਕਾ ਨਹੀਂ ਰੱਖਿਆ? ਤੁਸੀਂ ਕਹਿੰਦੇ ਹੋ ਕਿ ਪੇਮੈਂਟ ਦੇ ਦਿੱਤੀ ਹੈ ਪਰ ਉਹ ਕਹਿੰਦੇ ਹਨ ਕਿ ਪੈਸੇ ਪਹੁੰਚੇ ਨਹੀਂ। ਤੁਸੀਂ ਇਨ੍ਹਾਂ ਦੀ ਇਨਕੁਆਇਰੀ ਮਾਰਕ ਕਰਵਾਓ।

**ਮਾਨਯੋਗ ਸਪੀਕਰ :** ਜਾਖੜ ਸਾਹਿਬ....

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਤੁਸੀਂ ਸਰਕਾਰ ਨੂੰ ਡਿਫੈਂਡ ਨਾ ਕਰੋ। They have such a thick skin, ਇਹ ਤਾਂ ਅੱਗੇ ਹੀ ਸਾਡੀ ਸੁਣਦੇ ਨਹੀਂ। You are our defence.

**ਮਾਨਯੋਗ ਸਪੀਕਰ :** ਨਹੀਂ ਜੀ, ਮੈਂ ਜੋ ਕਰਦਾ ਹਾਂ ਉਹ according to rules ਹੈ।

**ਮੰਤਰੀ** : ਜਾਖੜ ਸਾਹਿਬ, ਤੁਸੀਂ ਆਪਣੀ ਤਾਂ ਸੁਣਾ ਦਿੰਦੇ ਹੋ ਪਰ ਤੁਸੀਂ ਸਾਡੀ ਨਹੀਂ ਸੁਣਦੇ। ਤੁਸੀਂ ਸੁਣਿਆ ਵੀ ਕਰੋ ਅਤੇ ਸੁਣਾਇਆ ਵੀ ਕਰੋ। ਤੁਸੀਂ ਅੱਜ ਵੀ ਭੱਜਣਾ ਹੈ ਅਤੇ ਕੱਲ੍ਹ ਵੀ ਭੱਜ ਗਏ ਸੀ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਅਸੀਂ ਜਵਾਬ ਸੁਣਾਂਗੇ ਪਰ ਟਿੱਚਰਾਂ ਨਹੀਂ ਸੁਣਾਂਗੇ। ਸੀ.ਐਮ. ਸਾਹਿਬ ਨੂੰ ਆ ਜਾਣ ਦਿਓ, ਇਸ ਹਾਊਸ ਵਿਚ ਤੁਹਾਨੂੰ ਕਿਸਾਨਾਂ ਦੇ ਮੁੱਦਿਆਂ ਦਾ ਜਵਾਬ ਦੇਣਾ ਪਵੇਗਾ।

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਜਿਹੜਾ ਤੁਸੀਂ ਪ੍ਰਿਵਿਲੇਜ ਵਾਲਾ ਮੁੱਦਾ ਉਠਾਇਆ ਹੈ, that is under consideration. ਮੈਂ ਉਹ ਦੇਖ ਰਿਹਾ ਹਾਂ ਕਿਉਂਕਿ ਤੁਸੀਂ ਅੱਜ ਹੀ ਦਿੱਤਾ ਹੈ।

**Shri Sunil Jakhar :** I am grateful to you. ਮੈਂ ਤਾਂ ਸਮਝਿਆ

ਸੀ ਕਿ ਤੁਸੀਂ ਸਾਡਾ ਕੰਮ ਨਿਬੇੜ ਦਿੱਤਾ।

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਨਹੀਂ ਕੋਈ ਐਸੀ ਗੱਲ ਨਹੀਂ ਹੈ। ਹਾਂ ਜੀ, ਅਗਲਾ ਸਵਾਲ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2076

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਅਰਨੀਵਾਲਾ ਡਿਸਟਰੀਬਿਊਟਰੀ ਦਾ ਨਵੀਨੀਕਰਨ ਕਰਨਾ

***2068. ਸਰਦਾਰ ਗੁਰਤੇਜ ਸਿੰਘ ਘੁੜਿਆਣਾ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਰਨੀਵਾਲਾ ਡਿਸਟ੍ਰੀਬਿਊਟਰੀ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਨਵੀਨੀਕਰਨ ਦਾ ਕੰਮ ਕਦੋਂ ਸ਼ੁਰੂ ਕੀਤਾ ਜਾ ਰਿਹਾ ਹੈ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਜੀ ਹਾਂ, ਅਰਨੀਵਾਲਾ ਰਜਬਾਹਾ ਦੀ ਲਾਈਨਿੰਗ ਜੋ ਕਿ 32 ਸਾਲ ਪੁਰਾਣੀ ਹੈ, ਕਾਫੀ ਥਾਵਾਂ ਤੋਂ ਟੁੱਟੀ ਹੋਈ ਹੈ। ਇਸ ਨੂੰ ਨਵਰੂਪ ਕਰਨ ਲਈ ਪ੍ਰੋਜੈਕਟ ਅਨੁਮਾਨ ਲਾਗਤ 40.00 ਕਰੋੜ ਰੁਪਏ ਪੰਜਾਬ ਸਰਕਾਰ ਵੱਲੋਂ ਸਾਲ 2014 ਵਿੱਚ ਮਨਜ਼ੂਰ ਕੀਤਾ ਜਾ ਚੁੱਕਾ ਹੈ। ਫੰਡਜ਼ ਉਪਲਬਧ ਹੋਣ ਤੇ ਕੰਮ ਕਰਵਾ ਦਿੱਤਾ ਜਾਵੇਗਾ।

**ਸਰਦਾਰ ਗੁਰਤੇਜ ਸਿੰਘ ਘੁੜਿਆਣਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਮਾਈਨਰ ਹੈ, ਹਲਕਾ ਬੱਲੂਆਣਾ ਦੇ ਪੰਜ-ਛੇ ਪਿੰਡ ਇਸ ਦੀਆਂ ਟੇਲਾਂ ਤੇ ਪੈਂਦੇ ਹਨ। ਕੱਲੂ, ਰਾਮਕੋਟ ਅਤੇ ਜਿਆਣੀ ਸਾਹਿਬ ਦਾ ਪਿੰਡ ਕਟਿਆੜਾ ਵੀ ਉਥੇ ਪੈਂਦਾ ਹੈ। ਕੱਲੂ ਪਿੰਡ ਇਕ ਕਸਬੇ ਵਰਗਾ ਹੈ, ਉਥੇ ਅੱਜ ਵੀ ਪੁਜੀਸ਼ਨ ਬਹੁਤ ਮਾੜੀ ਹੈ, ਉਥੇ ਪੀਣ ਵਾਲਾ ਪਾਣੀ ਵੀ ਨਹੀਂ ਹੈ। ਅਸੀਂ ਬਾਦਲ ਸਾਹਿਬ ਅਤੇ ਉਪ ਮੁੱਖ ਮੰਤਰੀ ਜੀ ਦੇ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਪਿਛਲੀ ਸਰਕਾਰ ਵੇਲੇ ਬੱਲੂਆਣਾ ਹਲਕੇ ਦੇ, ਖਾਸ ਤੌਰ ਤੇ ਜਾਖੜ ਸਾਹਿਬ ਦੇ ਹਲਕੇ ਦੇ ਪਿੰਡ ਜਿਹੜੇ ਡੀਲਿਮੀਟੇਸ਼ਨ ਵਿੱਚ ਆਏ ਸੀ, ਉਨ੍ਹਾਂ ਨੂੰ ਪਾਣੀ ਦਿੱਤਾ ਹੈ। ਲੰਬੀ ਡਿਸਟਰੀਬਿਊਟਰੀ ਦਾ

[ ਸਰਦਾਰ ਗੁਰਤੇਜ ਸਿੰਘ ਘੁੜਿਆਣਾ ]

ਕੰਮ ਵੀ ਚੱਲ ਰਿਹਾ ਹੈ ਪਰ ਮੇਰੀ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਸਿਰਫ ਇਹ ਬੇਨਤੀ ਹੈ ਕਿ ਉਹ ਕੰਮ ਕਦੋਂ ਤੱਕ ਸ਼ੁਰੂ ਕਰਵਾ ਦੇਣਗੇ ਤਾਂ ਕਿ ਇਹ ਜਿਹੜੀ ਪ੍ਰਾਬਲਮ ਹੈ, ਉਹ ਦੂਰ ਹੋ ਸਕੇ।

**ਮੰਤਰੀ :** ਸਪੀਕਰ ਸਾਹਿਬ, ਸਾਡੀਆਂ ਸੀ.ਐਮ. ਸਾਹਿਬ ਨਾਲ ਅਤੇ ਡਿਪਟੀ ਸੀ.ਐਮ. ਸਾਹਿਬ ਨਾਲ ਦੋ ਮੀਟਿੰਗਾਂ ਹੋ ਚੁੱਕੀਆਂ ਹਨ। ਸਾਨੂੰ ਉਨ੍ਹਾਂ ਨੇ ਵਰਬਲੀ ਇਹ ਵਿਸ਼ਵਾਸ ਦਿਵਾਇਆ ਹੈ ਕਿ ਤੁਹਾਨੂੰ ਅਸੀਂ ਫੰਡਜ਼ ਬਹੁਤ ਜਲਦੀ ਮੁਹੱਈਆ ਕਰਵਾ ਰਹੇ ਹਾਂ। ਅਸੀਂ ਹੁਣ ਪਲਾਨਿੰਗ ਕੀਤੀ ਹੈ। ਅਸੀਂ ਇਸ ਸਾਲ ਅਕਤੂਬਰ ਦੇ ਵਿੱਚ ਹੀ ਇਸ ਨੂੰ ਬਨਾਉਣ ਦੀ ਪਲਾਨਿੰਗ ਕਰ ਰਹੇ ਹਾਂ। ਦੂਜੀ ਡਿਸਟਰੀਬਿਊਟਰੀ ਦੀ ਵੀ ਅਸੀਂ ਪਲਾਨਿੰਗ ਕੀਤੀ ਹੈ। ਮੈਨੂੰ ਉਮੀਦ ਹੈ, ਉਸ ਨੂੰ ਅਸੀਂ ਅਪ੍ਰੈਲ, 2016 ਦੇ ਵਿੱਚ ਲਵਾਂਗੇ ਅਤੇ ਅਸੀਂ ਇਹ ਸਾਰਾ ਕੰਮ ਸਾਲ 2016 ਦੇ ਵਿੱਚ ਮੁਕੰਮਲ ਕਰ ਲਵਾਂਗੇ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2157

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਇਹ ਬੜਾ ਹੀ ਮਹੱਤਵਪੂਰਨ ਇਸ਼ੂ ਹੈ ਜੀ। ਜਵਾਬ ਦੱਸਣ ਵਾਲੇ ਤਾਂ ਬੈਠੇ ਹਨ। ਸਪੀਕਰ ਸਾਹਿਬ, ਇਹ ਜਵਾਬ ਤਾਂ ਦੇਣ।

**ਮਾਨਯੋਗ ਸਪੀਕਰ :** ਮੋਫਰ ਸਾਹਿਬ, ਜਦੋਂ ਪ੍ਰਸ਼ਨ ਪੁੱਛਣ ਵਾਲਾ ਹੀ ਨਹੀਂ ਹੈ ਤਾਂ ਮੈਂ ਨਵੀਂ ਰਵਾਇਤ ਤਾਂ ਪਾ ਨਹੀਂ ਸਕਦਾ। ਇਸ ਲਈ ਸਾਰੇ ਟਾਈਮ ਸਿਰ ਆਇਆ ਕਰੋ।

---

## ਝੁਨੀਰ ਵਿਖੇ ਸੜਕ ਦੀ ਮੁਰੰਮਤ ਕਰਨਾ

***2145. ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਝੁਨੀਰ ਬੱਸ ਸਟੈਂਡ ਨੂੰ ਜਾਂਦੀ ਸੜਕ ਬਹੁਤ ਖਸਤਾ ਹਾਲਤ ਵਿੱਚ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ, ਹਾਂ ਜੀ। ਇਹ ਠੀਕ ਹੈ ਕਿ ਝੁਨੀਰ ਬੱਸ ਸਟੈਂਡ ਨੂੰ ਜਾਂਦੀ ਸੜਕ ਖਸਤਾ ਹਾਲਤ ਵਿਚ ਹੈ। ਮਨਿਸਟਰੀ ਆਫ ਰੋਡ ਟਰਾਂਸਪੋਰਟ ਐਂਡ ਹਾਈਵੇਅ, ਭਾਰਤ ਸਰਕਾਰ ਵੱਲੋਂ ਬਰਨਾਲਾ - ਮਾਨਸਾ ਸਰਦੂਲਗੜ੍ਹ - ਸਿਰਸਾ ਸੜਕ ਨੂੰ ਨੈਸ਼ਨਲ ਹਾਈਵੇਅ ਘੋਸ਼ਿਤ ਕੀਤਾ ਜਾ ਚੁੱਕਾ ਹੈ। ਝੁਨੀਰ ਕਸਬੇ ਵਿੱਚੋਂ ਲੰਘਦੀ ਇਸ ਸੜਕ ਨੂੰ ਕਿਲੋਮੀਟਰ 200.95 ਤੋਂ 234.62 ਤੱਕ ਚੌੜਾ ਅਤੇ ਮਜ਼ਬੂਤ ਕਰਨ ਲਈ ਭਾਰਤ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਐਨੂਅਲ ਪਲਾਨ ਵਿਚ ਸ਼ਾਮਿਲ ਕੀਤਾ ਗਿਆ ਹੈ। ਡਿਟੇਲਡ ਪ੍ਰੋਜੈਕਟ ਰਿਪੋਰਟ ਅਤੇ ਤਖਮੀਨਾ ਭਾਰਤ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ ਅਤੇ ਮਨਜ਼ੂਰੀ ਆਉਣ ਉਪਰੰਤ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ। ਹਾਲ ਦੀ ਘੜੀ ਟਰੈਫਿਕ ਚਲਦਾ ਰੱਖਣ ਲਈ ਇਸ ਦੀ ਮੇਨਟੀਨੈਂਸ ਕੀਤੀ ਜਾ ਰਹੀ ਹੈ ਜੀ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਠੀਕ ਹੈ ਕਿ ਨੈਸ਼ਨਲ ਹਾਈਵੇਅ ਸਬੰਧੀ ਡਿਕਲੇਅਰ ਹੋ ਚੁੱਕਿਆ ਹੈ। ਜਿਹੜੀ ਇਨ੍ਹਾਂ ਨੇ ਸਕੀਮ ਦੱਸੀ ਹੈ ਉਸ ਨੂੰ ਤਾਂ ਸਾਲ ਲੱਗ ਜਾਵੇਗਾ। ਮੇਰਾ ਤਾਂ ਸੁਆਲ ਸਿਰਫ਼ ਇਹ ਸੀ ਕਿ ਜਿਹੜਾ ਝੁਨੀਰ ਕਸਬਾ ਹੈ, ਉਥੋਂ ਜਿਹੜੀ ਸੜਕ ਲੰਘ ਰਹੀ ਹੈ, ਉਥੇ ਟੈਂਪਰੇਰੀ ਰਿਪੇਅਰ ਜਿਹੜੀ ਇਹ ਕਰ ਰਹੇ ਹਨ ਉਸ ਦਾ ਤਾਂ ਬਹੁਤ ਬੁਰਾ ਹਾਲ ਹੈ। ਸਿਰਫ਼ ਉਸ ਕਸਬੇ ਦੇ ਵਿੱਚੋਂ ਹੀ ਅੱਧੇ ਘੰਟੇ ਵਿੱਚ ਟਰੈਫਿਕ ਲੰਘ ਰਿਹਾ ਹੈ। ਨੈਸ਼ਨਲ ਹਾਈਵੇਅ ਹੋਣ ਕਰਕੇ ਇਹ connected with Haryana ਹੈ। ਉਥੇ ਬਹੁਤ ਬੁਰਾ ਹਾਲ ਹੈ, ਇਸ ਲਈ ਇਸ ਹਫਤੇ ਦੇ ਅੰਦਰ ਅੰਦਰ ਟਾਈਮ ਬਾਊਂਡ ਕਰ ਦਿਓ ਕਿ ਉਸ ਸੜਕ ਨੂੰ ਠੀਕ ਕਰਨਾ ਹੈ ਜਾਂ ਫੇਰ ਪੈਚ ਹੀ ਪਾ ਦਿਓ। ਇਸ ਦੀ ਬਹੁਤ ਜ਼ਰੂਰਤ ਹੈ। ਬਾਕੀ ਜਿਹੜਾ ਪ੍ਰੋਜੈਕਟ ਹੈ ਠੀਕ ਹੈ ਕਿ ਇਨ ਟਾਈਮ ਆਪਣੇ ਆਪ ਹੁੰਦਾ ਰਹੇਗਾ, ਲੇਟ ਵੀ ਹੋ ਜਾਏਗਾ ਤਾਂ ਕੋਈ ਗੱਲ ਨਹੀਂ ਕਿਉਂਕਿ ਨੈਸ਼ਨਲ ਹਾਈਵੇਅ ਡਿਕਲੇਅਰ ਹੋ ਗਿਆ ਹੈ। ਪਰ, ਇਸ ਨੂੰ ਜ਼ਰੂਰ immediately within days ਕਰਵਾ ਕੇ ਦਿਓ ਜੀ। ਇਸ ਨੂੰ ਕਦੋਂ ਤੱਕ ਕਰਵਾ ਦਿੱਤਾ ਜਾਏਗਾ?

**ਮਾਨਯੋਗ ਸਪੀਕਰ :** ਜਦੋਂ ਸੜਕ ਦਾ ਕੰਮ ਸੈਂਟਰ ਸਰਕਾਰ ਦੇ ਅੰਡਰ ਆ ਗਿਆ ਤਾਂ ਫਿਰ ਇਹ ਰਿਪੇਅਰਜ਼ ਕਿਵੇਂ ਕਰਨਗੇ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਇੱਕ ਕਿਲੋਮੀਟਰ ਦੀ

[ ਲੋਕ ਨਿਰਮਾਣ ਮੰਤਰੀ ]

ਜਗ੍ਹਾ ਹੈ, ਇਸ ਦੇ ਦੋਵੇਂ ਪਾਸੇ ਦੁਕਾਨਾਂ ਹਨ। ਦੁਕਾਨਾਂ ਉੱਚੀਆਂ ਹਨ ਅਤੇ ਸੜਕ ਨੀਵੀਂ ਹੈ, ਦੋਵੇਂ ਪਾਸਿਆਂ ਤੋਂ ਪਾਣੀ ਛੱਡ ਦਿੰਦੇ ਹਨ, ਜਿਸ ਕਾਰਨ ਇਹ ਸੜਕ ਖਰਾਬ ਹੋਈ ਹੈ। ਇਸ ਨੂੰ ਜਲਦੀ ਹੀ 10-15 ਦਿਨਾਂ ਵਿੱਚ ਰਿਪੇਅਰ ਕਰ ਦਿਆਂਗੇ। ਪਹਿਲਾਂ ਵੀ ਕਈ ਵਾਰ ਰਿਪੇਅਰ ਕੀਤੀ ਹੈ ਪਰ ਸੜਕ ਤੇ ਪਾਣੀ ਛੱਡਣ ਕਰਕੇ ਹੀ ਇਹ ਟੁੱਟ ਜਾਂਦੀ ਹੈ। ਹੁਣ ਫਿਰ 15 ਦਿਨਾਂ ਦੇ ਵਿੱਚ ਵਿੱਚ ਇਸ ਦੀ ਰਿਪੇਅਰ ਕਰ ਦਿਆਂਗੇ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਕੰਕਰੀਟ ਦੀ ਬਣਵਾ ਦਿਓ। ਹੁਣ ਤਾਂ ਤੁਹਾਡੇ ਕੋਲ ਫੰਡਜ਼ ਬਹੁਤ ਹੋਣੇ ਹਨ। ਸੈਂਟਰ ਵਾਲਿਆਂ ਤੋਂ ਪੈਸਾ ਆਇਆ ਹੋਇਆ ਹੈ।

**ਮਾਨਯੋਗ ਸਪੀਕਰ :** ਮੁੜ ਕੇ ਦੁਕਾਨਾਂ ਵਾਲਿਆਂ ਨੇ ਰੌਲਾ ਪਾ ਦੇਣਾ ਹੈ ਕਿ ਸੜਕ ਉੱਚੀ ਹੋ ਗਈ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਨਹੀਂ ਜੀ, ਰੌਲਾ ਨਹੀਂ ਪਾਉਂਦੇ, ਇਹ ਮੇਰੀ ਗਰੰਟੀ ਹੈ। ਤੁਸੀਂ ਸੜਕ ਉੱਚੀ ਕਰਵਾਓ ਜੀ।

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ।

---

## ਜਨਮ/ਮੌਤ ਸਰਟੀਫਿਕੇਟ ਬਣਾਉਣ ਦੀ ਪ੍ਰਕਿਰਿਆ ਨੂੰ ਸਰਲ ਕਰਨਾ

***2101. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਨਮ/ਮੌਤ ਦੇ ਸਰਟੀਫਿਕੇਟਾਂ ਵਿਚ ਜਨਮ, ਮੌਤ ਜਾਂ ਨਾਵਾਂ ਦੀ ਦਰੁਸਤੀ ਸਬੰਧੀ ਪਰੇਸ਼ਾਨੀਆਂ ਨੂੰ ਦੂਰ ਕਰਨ ਲਈ ਇਸ ਪ੍ਰਕਿਰਿਆ ਨੂੰ ਸਰਲ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ, ਜਨਮ ਅਤੇ ਮੌਤ ਸਰਟੀਫਿਕੇਟਾਂ ਵਿੱਚ ਦਰਜ ਕਿਸੇ ਤੱਥ ਵਿੱਚ ਦਰੁਸਤੀ ਦਾ ਉਪਬੰਧ ਕੇਂਦਰੀ ਜਨਮ ਅਤੇ ਮੌਤ ਰਜਿਸਟਰੇਸ਼ਨ ਐਕਟ, 1969 ਅਤੇ ਪੰਜਾਬ ਸਰਕਾਰ ਵਲੋਂ ਬਣਾਏ ਗਏ 2004 ਦੇ ਰਾਜ ਨਿਯਮਾਂ ਵਿੱਚ ਕੀਤਾ ਗਿਆ ਹੈ। ਸਰਕਾਰ ਵਲੋਂ ਜਨਮ ਅਤੇ ਮੌਤ ਰਜਿਸਟਰੇਸ਼ਨ ਨਾਲ ਸਬੰਧਤ ਸਾਰੀਆਂ ਸੇਵਾਵਾਂ ਸਮੇਤ ਦਰੁਸਤੀ ਦੀ ਸੇਵਾ ਨੂੰ ਪੰਜਾਬ ਸੇਵਾ ਦੇ ਅਧਿਕਾਰ ਕਾਨੂੰਨ, 2011 ਅਧੀਨ ਮਿਥੇ

ਸਮੇਂ ਅਨੁਸਾਰ ਇਹ ਸੇਵਾਵਾਂ ਪ੍ਰਦਾਨ ਕਰਨ ਲਈ ਸ਼ਾਮਲ ਕਰ ਲਿਆ ਗਿਆ ਹੈ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਮੇਰਾ ਸਵਾਲ ਤਾਂ ਇਹ ਸੀ ਕਿ ਇਸ ਪ੍ਰਕਿਰਿਆ ਨੂੰ ਸਰਲ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਜਾਂ ਮੰਤਰੀ ਜੀ ਦੇ ਧਿਆਨ ਵਿੱਚ ਹੈ? ਇਹ ਜਿਹੜਾ ਜਵਾਬ ਹੈ ਇਹ 1969 ਅਤੇ 2000 ਦੇ ਨਿਯਮਾਂ ਅਨੁਸਾਰ ਦੇ ਦਿੱਤਾ ਗਿਆ ਹੈ। ਮੇਰੀ ਬੇਨਤੀ ਹੈ ਕਿ ਜੋ ਪ੍ਰੈਕਟੀਕਲੀ ਇਸ ਮਾਮਲੇ ਵਿੱਚ ਮੁਸ਼ਕਲ ਫੇਸ ਕਰਦੇ ਹਨ....

**ਮਾਨਯੋਗ ਸਪੀਕਰ :** ਬੇਨਤੀ ਨਾ ਕਰੋ, ਤੁਸੀਂ ਜੋ ਪੁੱਛਣਾ ਹੈ, ਉਹ ਪੁੱਛੋ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਮੈਂ ਇੱਕ ਮਿੰਟ ਲਈ ਥੋੜ੍ਹੀ ਜਿਹੀ ਗੱਲ ਕਰਨੀ ਚਾਹੁੰਦਾ ਹਾਂ ਕਿ ਲੋਕ ਕਿੰਨੀਆਂ ਮੁਸ਼ਕਲਾਂ ਫੇਸ ਕਰਦੇ ਹਨ। ਜੇਕਰ ਕਿਸੇ ਦੇ ਨਾਂ ਦਾ ਸਿਰਫ ਇੱਕ ਕੰਨਾ (ਾ) ਹੀ ਗਲਤ ਲੱਗਿਆ ਹੋਵੇ, ਉਸ ਨੂੰ ਠੀਕ ਕਰਵਾਉਣ ਲਈ ਸਾਰਾ ਪਰਿਵਾਰ ਹੀ ਜ਼ਿਲ੍ਹੇ ਵਿੱਚ ਤੁਰਿਆ ਫਿਰਦਾ ਹੈ। ਕਿਸੇ ਦਾ ਜਾਣ-ਬੁੱਝ ਕੇ ਵੀ ਲਗਾ ਦਿੱਤਾ ਜਾਂਦਾ ਹੈ। ਹਜ਼ਾਰਾਂ ਲੋਕ ਮੁਸ਼ਕਲਾਂ ਫੇਸ ਕਰ ਰਹੇ ਹਨ। ਸਰਕਾਰ ਨੂੰ ਜੇਕਰ ਸਭ ਤੋਂ ਵੱਧ ਪ੍ਰੇਸ਼ਾਨੀ ਕੋਈ ਹੈ ਤਾਂ ਮੈਂ ਸਮਝਦਾ ਹਾਂ ਕਿ ਜਨਮ ਅਤੇ ਮੌਤ ਦੇ ਸਰਟੀਫਿਕੇਟਾਂ ਦੇ ਮਾਮਲੇ ਵਿੱਚ ਹੋਵੇਗੀ। ਇਹ ਜਿਹੜਾ ਰਿਜ਼ਲਟ ਦਿੰਦੇ ਹਨ, ਉਸ ਵਿੱਚ ਇਹ ਕਹਿੰਦੇ ਹਨ ਕਿ ਸਾਰੇ ਦੇ ਸਾਰੇ ਬਣਾ ਦਿੱਤੇ ਹਨ। ਮੈਂ ਤੁਹਾਨੂੰ ਇੱਕ ਕੇਸ ਬਾਰੇ ਦੱਸਣਾ ਚਾਹੁੰਦਾ ਹਾਂ। ਉਸ ਦੇ ਦੋ ਹੀ ਪੱਖ ਹਨ। ਇੱਕ ਵਿਅਕਤੀ ਨੇ ਜਨਮ/ਮੌਤ ਦੇ ਸਰਟੀਫਿਕੇਟ ਲਈ ਅਪਲਾਈ ਕੀਤਾ, ਉਸ ਦਾ ਜਨਮ 1976 ਵਿੱਚ ਹੋਇਆ ਸੀ। ਉਸ ਨੂੰ ਜਵਾਬ ਦਿੱਤਾ ਜਾਂਦਾ ਹੈ ਕਿ ਜਨਮ ਅਤੇ ਮੌਤ ਰਜਿਸਟ੍ਰੇਸ਼ਨ ਐਕਟ ਤਹਿਤ ਬੱਚੇ ਦਾ ਨਾਂ ਬਦਲਿਆ ਨਹੀਂ ਜਾ ਸਕਦਾ, ਇਸ ਲਈ ਕੇਸ ਦਾਖਲ ਦਫ਼ਤਰ ਕੀਤਾ ਜਾਂਦਾ ਹੈ। ਦੂਜਾ ਮੇਰੇ ਕੋਲ ਇੱਕ ਹੋਰ ਕੇਸ ਹੈ ਜਿਸ ਵਿੱਚ ਜਨਮ ਮਿਤੀ ਵੀ ਬਦਲੀ ਗਈ ਹੈ, ਮਾਂ ਦਾ ਨਾਂ ਅਤੇ ਪਿਤਾ ਦਾ ਨਾਂ ਵੀ ਬਦਲਿਆ ਗਿਆ ਹੈ। ਜੇਕਰ ਇਹ ਕਹਿੰਦੇ ਹਨ ਕਿ ਬੱਚੇ ਦਾ ਨਾਂ ਨਹੀਂ ਬਦਲਿਆ ਜਾ ਸਕਦਾ, ਜਿਸ ਨੇ ਦੋ ਸਾਲ ਬਾਅਦ ਅਡੱਲਟ ਹੋ ਜਾਣਾ ਹੈ, ਅਡੱਲਟ ਹੋ ਕੇ ਨਾਂ ਬਦਲਿਆ ਜਾ ਸਕਦਾ ਹੈ। ਐਸੇ ਵੀ ਕਈ ਕੇਸ ਹਨ ਜਿਨ੍ਹਾਂ ਵਿੱਚ ਨਾਂ ਬਦਲੇ ਗਏ ਹਨ। ਸੰਗਰੂਰ ਜ਼ਿਲ੍ਹੇ ਵਿੱਚ ਅਜਿਹੇ ਸੈਂਕੜੇ ਕੇਸ ਹੋਏ ਹਨ, 5-10 ਕੇਸ ਮੇਰੇ ਵੀ ਨੋਟਿਸ ਵਿੱਚ ਆਏ ਹਨ, ਜਿਹੜੇ ਮੈਂ ਆਪ ਸੀ.ਐਮ.ਓ. ਦੇ ਧਿਆਨ

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਵਿੱਚ ਲਿਆਂਦੇ ਹਨ, ਉਨ੍ਹਾਂ ਤੇਂ ਕੋਈ ਕਾਰਵਾਈ ਨਹੀਂ ਹੋਈ ਅਤੇ ਐਸੇ ਵੀ ਲੋਕ ਹਨ ਜਿਨ੍ਹਾਂ ਨੇ ਸਾਨੂੰ ਦੱਸਿਆ ਕਿ ਅਸੀਂ ਇਹ ਬਣਾ ਲਏ ਹਨ। ਇਸ ਨਾਲ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਮੇਰੀ ਬੇਨਤੀ ਹੈ ਕਿ ਕੀ ਮੰਤਰੀ ਜੀ ਉਥੇ ਹੋਈਆਂ ਬੇਨਿਯਮੀਆਂ ਬਾਰੇ ਕੋਈ ਇਨਕੁਆਰੀ ਕਰਨਗੇ ਤਾਂ ਕਿ ਲੋਕਾਂ ਨੂੰ ਉਥੋਂ ਦੀ ਸਹੀ ਦਸ਼ਾ ਬਾਰੇ ਪਤਾ ਲੱਗ ਸਕੇ।

**ਮੰਤਰੀ :** ਸਪੀਕਰ ਸਾਹਿਬ, ਜੋ ਕਾਨੂੰਨੀ ਪ੍ਰਕਿਰਿਆ ਹੈ, ਉਸ ਤੋਂ ਬਾਹਰ ਤਾਂ ਕੋਈ ਨਹੀਂ ਜਾ ਸਕਦਾ। ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਇਸ ਤੇ ਕੋਈ ਕਿੰਤੂ ਪ੍ਰੰਤੂ ਨਹੀਂ ਹੋ ਸਕਦੀ। ਨਾਂ ਚੇਂਜ ਕਰਨ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਨੂੰਨ ਅਨੁਸਾਰ ਨਾਂ ਚੇਂਜ ਨਹੀਂ ਕੀਤਾ ਜਾ ਸਕਦਾ। ਜੇਕਰ ਜਨਮ ਦੇ ਟਾਈਮ ਤੇ ਕਿਸੇ ਨੇ ਪਿੰਟੂ-ਸ਼ਿੰਟੂ ਰੱਖ ਲਿਆ, ਉਸ ਨਾਲ ਉਰਫ ਲਗਾਇਆ ਜਾ ਸਕਦਾ ਹੈ। ਜੇਕਰ ਕਿਸੇ ਨੇ ਪੂਰਾ ਨਾਂ ਹੀ ਚੇਂਜ ਕਰਨਾ ਹੋਵੇ ਤਾਂ ਉਹ ਨਹੀਂ ਕੀਤਾ ਜਾ ਸਕਦਾ। ਜੇਕਰ ਕਿਸੇ ਦੇ ਨਾਂ ਵਿੱਚ ਸਿਹਾਰੀ-ਬਿਹਾਰੀ ਦੀ ਗਲਤੀ ਹੋਵੇ ਤਾਂ ਉਸ ਨੂੰ ਠੀਕ ਕਰਨ ਵਾਸਤੇ ਪਿੰਡਾਂ ਵਿੱਚ ਸੀ.ਐਮ.ਓ. ਲੈਵਲ ਤੇ ਅਤੇ ਸ਼ਹਿਰਾਂ ਵਿੱਚ ਈ.ਓ. ਨੂੰ ਪਾਵਰ ਹੈ, ਉਹ ਇਹ ਗਲਤੀ ਠੀਕ ਕਰ ਸਕਦਾ ਹੈ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਦੋਵੇਂ ਕੇਸ ਇਨ੍ਹਾਂ ਨੂੰ ਦੇ ਦਿੰਦਾ ਹਾਂ। ਇੱਕ ਵਿੱਚ ਨਾਂ ਚੇਂਜ ਕੀਤਾ ਗਿਆ ਹੈ ਅਤੇ ਦੂਜੇ ਨੂੰ ਜਵਾਬ ਦੇ ਦਿੱਤਾ ਗਿਆ ਹੈ। ਇਨ੍ਹਾਂ ਵਿੱਚੋਂ ਇੱਕ ਕੇਸ ਤਾਂ ਸਹੀ ਹੋਵੇਗਾ। ਜਿਹੜਾ ਗਲਤ ਹੈ, ਉਸ ਦੀ ਇਹ ਇਨਕੁਆਰੀ ਕਰਵਾ ਲੈਣ। ਦੂਜੀ ਗੱਲ ਹੈ ਕਿ ਇਸ ਸਿਸਟਮ ਨੂੰ ਕਿਵੇਂ ਸਰਲ ਕੀਤਾ ਜਾ ਸਕਦਾ ਹੈ? ਜਿਸ ਕੰਮ ਲਈ ਪੂਰਾ ਜ਼ਿਲ੍ਹਾ ਲੱਗਾ ਹੋਇਆ ਹੈ, ਕੀ ਇਹ ਕੰਮ ਐਸ.ਐਮ.ਓ. ਲੈਵਲ ਤੇ ਨਹੀਂ ਕੀਤਾ ਜਾ ਸਕਦਾ? ਜੇਕਰ ਜਨਮ ਅਤੇ ਮੌਤ ਦਾ ਸਰਟੀਫਿਕੇਟ ਬਣਾਉਣ ਦੀਆਂ ਪਾਵਰਾਂ ਐਸ.ਐਮ.ਓ. ਨੂੰ ਦੇ ਦਿੱਤੀਆਂ ਜਾਣ ਜਾਂ ਨਾਇਬ ਤਹਿਸੀਲਦਾਰ ਨੂੰ ਦੇ ਦਿੱਤੀਆਂ ਜਾਣ ਤਾਂ ਮੇਰਾ ਖਿਆਲ ਹੈ ਇਹ ਕੰਮ 10-15 ਥਾਂ ਤੇ ਵੰਡਿਆ ਜਾਵੇਗਾ ਅਤੇ ਲੋਕਾਂ ਦੀ ਮੁਸ਼ਕਲ ਹੱਲ ਹੋ ਸਕਦੀ ਹੈ। ਸੀ.ਐਮ.ਓ. ਵੀ ਤਾਂ ਆਂਗਨਵਾੜੀ ਵਰਕਰ ਅਤੇ ਐਸ.ਐਮ.ਓ. ਤੋਂ ਹੀ ਰਿਪੋਰਟ ਲੈਂਦਾ ਹੈ, ਫਿਰ ਇਸ ਰਿਪੋਰਟ ਦੇ ਆਧਾਰ ਤੇ ਹੀ ਸੀ.ਐਮ.ਓ. ਸਰਟੀਫਿਕੇਟ ਬਣਾਉਂਦਾ ਹੈ। ਕਿਉਂ ਨਾ ਐਸ.ਐਮ.ਓ. ਨੂੰ ਹੀ ਪਾਵਰਾਂ ਦੇ ਦਿੱਤੀਆਂ ਜਾਣ ਅਤੇ ਲੋਕਾਂ ਦੀ

ਮੁਸ਼ਕਲ ਹੱਲ ਹੋ ਸਕੇ। ਕੀ ਮੰਤਰੀ ਜੀ ਲੋਕਾਂ ਨੂੰ ਸਹੂਲਤ ਦੇਣ ਲਈ ਐਸਾ ਕੋਈ ਪ੍ਰਾਵਧਾਨ ਕਰ ਸਕਦੇ ਹਨ?

**ਮਾਨਯੋਗ ਸਪੀਕਰ :** ਧੰਨਵਾਦ। ਤੁਹਾਡੀ ਸੁਜੈਸ਼ਨ ਆ ਗਈ ਹੈ, ਉਹ ਦੇਖ ਲੈਣਗੇ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਮੇਰੀ ਸੁਜੈਸ਼ਨ ਨਹੀਂ, ਮੈਂ ਤਾਂ ਪੁੱਛ ਰਿਹਾ ਹਾਂ ਕਿ ਕਰਨਗੇ ਕਿ ਨਹੀਂ ਕਰਨਗੇ। ਸਪੀਕਰ ਸਾਹਿਬ, ਮੰਤਰੀ ਜੀ ਨੂੰ ਜਵਾਬ ਤਾਂ ਦੇ ਲੈਣ ਦਿਉ, ਸ਼ਾਇਦ ਕੁਝ ਕਰ ਹੀ ਦੇਣ। ਉਨ੍ਹਾਂ ਨੇ ਹਾਲੇ ਕੁਝ ਕਿਹਾ ਨਹੀਂ, ਉਨ੍ਹਾਂ ਨੇ ਤਾਂ 2004 ਤੇ 2009 ਦੀ ਗੱਲ ਕੀਤੀ ਹੈ। ਉਨ੍ਹਾਂ ਨੂੰ ਜਵਾਬ ਦੇ ਲੈਣ ਦਿਉ ਜੀ। ਉਹ ਤਾਂ ਜਵਾਬ ਦੇਣ ਨੂੰ ਤਿਆਰ ਹਨ।

**ਮੰਤਰੀ :** ਸਪੀਕਰ ਸਾਹਿਬ, ਮੈਂ ਇੱਕ ਗੱਲ ਕਹੀ ਹੈ ਕਿ ਜਿਹੜਾ ਕਾਨੂੰਨ ਹੈ, ਉਸ ਅਨੁਸਾਰ ਸੁਵਿਧਾ ਸੈਂਟਰ ਵਿੱਚ 10 ਰੁਪਏ ਲਗਾ ਕੇ ਐਪਲੀਕੇਸ਼ਨ ਦਿੱਤੀ ਜਾਂਦੀ ਹੈ, ਉਸ ਵਿੱਚ ਕੰਡੀਸ਼ਨ ਹੈ ਕਿ 15 ਦਿਨਾਂ ਵਿੱਚ ਅਫ਼ਸਰਾਂ ਨੂੰ ਰਿਪੋਰਟ ਦੇਣੀ ਪੈਂਦੀ ਹੈ। ਜੇਕਰ ਰਿਕਾਰਡ ਸਹੀ ਹੈ ਤਾਂ 15 ਦਿਨਾਂ ਵਿੱਚ ਸਰਟੀਫਿਕੇਟ ਬਣਾ ਦਿੱਤਾ ਜਾਂਦਾ ਹੈ। ਜੇਕਰ ਇਹ ਨਵੀਂ ਪ੍ਰੋਵੀਜ਼ਨ ਬਣਾਉਣੀ ਹੈ ਤਾਂ ਕਾਨੂੰਨ ਵਿੱਚ ਸੁਧਾਰ ਕਰਨਾ ਪਵੇਗਾ। ਇਸ ਤੇ ਵਿਚਾਰ ਕਰ ਸਕਦੇ ਹਾਂ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਜੋ ਮੇਰੇ ਵੀਰ ਨੇ ਮਸਲਾ ਉਠਾਇਆ ਹੈ, ਇਹ ਬੜਾ ਜਾਇਜ਼ ਮਸਲਾ ਹੈ। ਮੰਤਰੀ ਜੀ ਕਹਿੰਦੇ ਹਨ ਕਿ ਸੁਵਿਧਾ ਕੇਂਦਰ ਵਿੱਚ ਜਾ ਕੇ ਅਪਲਾਈ ਕਰੋ ਪਰ ਉਥੇ 500 ਰੁਪਏ ਦੀ ਤਾਂ ਫਾਈਲ ਲਗਦੀ ਹੈ। ਦੂਜੀ ਗੱਲ ਹੈ ਕਿ ਕਈ ਵਾਰ ਅਜਿਹੇ ਕੇਸ ਆਉਂਦੇ ਹਨ ਜਿਸ ਵਿੱਚ ਔਰਤ ਦਾ ਆਪਣੇ ਪੇਕੇ ਘਰ ਵਿੱਚ ਕੋਈ ਹੋਰ ਨਾਂ ਹੁੰਦਾ ਹੈ ਅਤੇ ਸਹੁਰੇ ਘਰ ਵਿੱਚ ਕੁਝ ਹੋਰ ਨਾਂ ਰੱਖ ਲਿਆ ਜਾਂਦਾ ਹੈ। ਜਦੋਂ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਸ ਦੇ ਨਾਂ ਦੀ ਕੁਰੈਕਸ਼ਨ ਕਰਵਾਉਣ ਲਈ ਡਾਇਰੈਕਟਰ ਹੈਲਥ ਕੋਲ ਜਾਣਾ ਪੈਂਦਾ ਹੈ। ਪ੍ਰੈਕਟੀਕਲੀ ਹਰ ਮਹੀਨੇ ਤਕਰੀਬਨ 2-3 ਕੇਸ ਇਸ ਤਰ੍ਹਾਂ ਦੇ ਆਉਂਦੇ ਹਨ। ਇਸ ਨੂੰ ਇਤਨਾ ਇਜ਼ੀ ਕਰੋ ਕਿ ਐਸ.ਐਮ.ਓ. ਦੇ ਲੈਵਲ ਤੇ ਕੰਮ ਹੋ ਜਾਇਆ ਕਰੇ ਕਿਉਂਕਿ ਸੀ.ਐਮ.ਓ. ਲੈਵਲ ਤੇ ਲੋਕਾਂ ਵਾਸਤੇ ਪਹੁੰਚਣਾ ਬੜਾ ਮੁਸ਼ਕਲ ਹੁੰਦਾ ਹੈ।

---

## ਭੁੱਚੋ ਦਾਣਾ ਮੰਡੀ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨਾ

*2088. **ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਜ਼ਿਲ੍ਹਾ ਬਠਿੰਡਾ ਵਿੱਚ ਭੁੱਚੋ ਦਾਣਾ ਮੰਡੀ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨ ਲਈ ਪਿੰਡ ਬੇਗਾ ਲਹਿਰਾ ਵੱਲੋਂ 35 ਏਕੜ 6 ਕਨਾਲਾਂ ਜ਼ਮੀਨ ਦੇਣ ਸਬੰਧੀ ਫਾਈਲ ਪ੍ਰਵਾਨਗੀ ਹਿਤ ਪੰਜਾਬ ਮੰਡੀਕਰਨ ਬੋਰਡ ਦੇ ਦਫਤਰ ਵਿੱਚ ਪਹੁੰਚ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਦਾਣਾ ਮੰਡੀ ਬਣਾਉਣ ਦੀ ਮਨਜ਼ੂਰੀ ਕਦੋਂ ਤੱਕ ਦਿੱਤੀ ਜਾਵੇਗੀ?

**ਸਰਦਾਰ ਤੋਤਾ ਸਿੰਘ :** ਜੀ ਹਾਂ, ਜ਼ਿਲ੍ਹਾ ਬਠਿੰਡਾ ਵਿੱਚ ਭੁੱਚੋ ਦਾਣਾ ਮੰਡੀ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨ ਲਈ ਪਿੰਡ ਬੇਗਾ ਲਹਿਰਾ ਵਿਖੇ 33 ਏਕੜ 5 ਕਨਾਲ 6 ਮਰਲੇ ਜ਼ਮੀਨ ਦੀ ਚੋਣ ਕੀਤੀ ਜਾ ਚੁੱਕੀ ਹੈ। ਇਸ ਜ਼ਮੀਨ ਨੂੰ ਐਕੁਆਇਰ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ:** ਸਪੀਕਰ ਸਾਹਿਬ, ਇਹ ਜਵਾਬ ਅਧੂਰਾ ਹੈ। ਸ਼ਾਇਦ ਮਹਿਕਮੇ ਵੱਲੋਂ ਮੰਤਰੀ ਜੀ ਨੂੰ ਸਹੀ ਨਹੀਂ ਦੱਸਿਆ ਗਿਆ। ਇਸ ਦੀ 4-5 ਵਾਰੀ ਨੋਟੀਫਿਕੇਸ਼ਨ ਹੋ ਚੁੱਕੀ ਹੈ। ਜੇ ਹੁਣ ਫਾਈਲ ਵਾਪਸ ਗਈ ਹੈ ਤਾਂ ਮੈਂ ਇਸ ਦਾ ਕੋਈ ਕਾਰਨ ਨਹੀਂ ਸਮਝਦਾ। ਮੰਤਰੀ ਸਾਹਿਬ ਇਹ ਦੱਸਣ ਕਿ ਇਕ ਤਾਂ ਜਦੋਂ ਨੋਟੀਫਿਕੇਸ਼ਨ ਹੋ ਜਾਂਦਾ ਹੈ ਤਾਂ ਫਿਰ ਉਸ ਤੋਂ ਬਾਅਦ ਫਾਈਲ ਦਫਤਰ ਕਿਸ ਵਾਸਤੇ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਮਹਿਕਮੇ ਦੀਆਂ ਕੁਝ ਟੈਕਨੀਕਲ ਲਿਮੀਟੇਸ਼ਨਜ਼ ਹੋ ਸਕਦੀਆਂ ਹਨ ਪਰ ਫਾਈਲ ਦਫਤਰ ਵਿਚ ਹੋਣਾ ਮੰਦਭਾਗੀ ਗੱਲ ਹੈ। ਭੁੱਚੋ ਮੰਡੀ ਦਾ ਫੜ੍ਹ ਬਹੁਤ ਛੋਟਾ ਹੈ। ਜਿਵੇਂ ਹੁਣ ਝੋਨੇ ਦਾ ਸੀਜ਼ਨ ਨੇੜੇ ਆ ਗਿਆ ਹੈ, ਝੋਨਾ ਆਉਣ ਨਾਲ ਨੇੜਲੇ ਘਰਾਂ ਦੇ ਲੋਕਾਂ ਨੂੰ ਸਾਹ ਦੀ ਤਕਲੀਫ ਹੋ ਜਾਂਦੀ ਹੈ। ਸਰਕਾਰ ਇਸ ਨੂੰ ਕਦੋਂ ਤੱਕ ਸ਼ਿਫਟ ਕਰਨ ਦੀ ਸੋਚ ਸਕਦੀ ਹੈ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਗੱਲ ਤਾਂ ਠੀਕ ਹੈ। ਮੈਂ ਇਸ ਦਾ ਅਸਲ ਕਾਰਨ ਦੱਸਣਾ ਚਾਹੁੰਦਾ ਹਾਂ। ਮਾਰਕੀਟ ਕਮੇਟੀ, ਭੁੱਚੋ ਦਾ ਮੁੱਖ ਯਾਰਡ ਸ਼ਹਿਰ ਵਿਚ ਹੈ ਅਤੇ 6 ਏਕੜ ਰਕਬੇ ਵਿਚ ਹੈ। ਇਸ ਦਾ ਕਵਰ ਸ਼ੈਡ ਪੂਰਾ ਬਣਿਆ ਹੋਇਆ ਹੈ ਅਤੇ ਬਿਜਲੀ ਅਤੇ ਪਬਲਿਕ ਹੈਲਥ ਦੀ ਪੂਰੀ ਸੁਵਿਧਾ ਹੈ। ਇਥੇ ਚਾਰ ਪੱਕੇ ਫੜ੍ਹ ਬਣੇ ਹੋਏ ਹਨ। ਥਾਂ ਘੱਟ ਹੈ ਅਤੇ ਮਾਲ ਵੱਧ ਆਉਂਦਾ ਹੈ। 1.60 ਲੱਖ ਕੁਇੰਟਲ ਝੋਨਾ ਆ ਜਾਂਦਾ ਹੈ ਅਤੇ 1.55

ਲੱਖ ਕੁਇੰਟਲ ਕਣਕ ਅਤੇ ਹੋਰ ਫਸਲ ਆਉਂਦੀ ਹੈ। ਅਸਲ ਗੱਲ ਇਹ ਹੈ ਕਿ ਸ਼ਹਿਰ ਤੋਂ ਬਾਹਰ 33 ਏਕੜ ਪੰਜ ਕਨਾਲ ਜ਼ਮੀਨ ਤਾਂ ਲੈ ਲਈ ਹੈ ਪ੍ਰੰਤੂ ਮਾਰਕੀਟ ਕਮੇਟੀ ਕੋਲ ਫੰਡਾਂ ਦਾ ਕੋਈ ਸਾਧਨ ਨਹੀਂ ਹੈ। ਪਹਿਲਾਂ ਸਾਲ 2013 ਵਿਚ ਇਸ ਦਾ ਨੋਟੀਫਿਕੇਸ਼ਨ ਕੀਤਾ ਗਿਆ ਜਿਸ ਦੀ ਮਿਆਦ ਲੰਘ ਗਈ ਸੀ। ਮੁੜ ਕੇ ਮਿਤੀ 22.1.14 ਨੂੰ ਦੁਬਾਰਾ ਜਾਰੀ ਕੀਤਾ ਗਿਆ। ਇਹ ਕਾਰਵਾਈ ਪੂਰੀ ਕਰਕੇ ਅਸੀਂ ਸੀ.ਐਮ. ਸਾਹਿਬ ਤੋਂ ਵੀ ਫਾਈਨਾਂਸ ਵਾਲਿਆਂ ਨੂੰ ਅਖਵਾਇਆ ਹੈ ਕਿ ਕਿਸੇ ਢੰਗ ਨਾਲ ਲੋਨ ਦੇ ਦਿੱਤਾ ਜਾਵੇ। ਹੁਣ ਅਸੀਂ ਲੋਨ ਲੈ ਕੇ ਮੰਡੀ ਬੋਰਡ ਵੱਲੋਂ ਇਹ ਮੰਡੀ ਬਣਾਉਣੀ ਚਾਹੁੰਦੇ ਹਾਂ। ਉਮੀਦ ਹੈ ਕਿ ਇਹ ਲੋਨ ਛੇਤੀ ਹੀ ਹੋ ਜਾਵੇਗਾ। ਜਿਹੜੀ ਜ਼ਮੀਨ ਐਕੁਆਇਰ ਕੀਤੀ ਹੈ, ਉਸ ਤੋਂ ਲੋਕ ਖੁਸ਼ ਹਨ ਅਤੇ ਕਹਿੰਦੇ ਹਨ ਕਿ ਸਾਨੂੰ ਭਾਵੇਂ ਸਾਲ ਤੱਕ ਪੈਸੇ ਦੇ ਦਿੱਤੇ ਜਾਣ। ਉਨ੍ਹਾਂ ਨੂੰ ਜ਼ਮੀਨ ਦੇ ਪੂਰੇ ਪੈਸੇ ਮਿਲ ਰਹੇ ਹਨ। ਜਿਹੜੀ ਦੂਰ ਦੀ ਜ਼ਮੀਨ ਹੈ ਉਸਦਾ 40 ਲੱਖ ਰੁਪਿਆ ਪ੍ਰਤੀ ਏਕੜ, ਜਿਹੜੀ ਸੜਕ ਤੋਂ 2 ਤੋਂ 5 ਏਕੜ ਤੱਕ ਦੂਰ ਹੈ, ਉਸ ਦਾ ਰੇਟ 80 ਲੱਖ ਰੁਪਿਆ ਬਣ ਜਾਣਾ ਹੈ ਅਤੇ ਜਿਹੜੀ ਬਿਲਕੁਲ ਮੇਨ ਰੋਡ ਦੇ ਉਤੇ ਹੈ, ਉਸ ਦਾ 1 ਕਰੋੜ 20 ਲੱਖ ਰੁਪਿਆ ਮਿਲ ਜਾਣਾ ਹੈ। ਹੁਣ ਸੈਕਸ਼ਨ-4 ਦਾ ਨੋਟੀਫਿਕੇਸ਼ਨ ਕੀਤਾ ਹੋਇਆ ਹੈ ਪ੍ਰੰਤੂ ਸੈਕਸ਼ਨ-6 ਦਾ ਨੋਟੀਫਿਕੇਸ਼ਨ ਕੀਤਾ ਜਾਣਾ ਹੈ। ਉਸ ਦੀ ਸਾਲ 2016 ਤੱਕ ਮਿਆਦ ਹੈ। ਸਰਕਾਰ ਵੱਲੋਂ ਫਾਈਨਾਂਸ ਵਾਲਿਆਂ ਨੂੰ ਕੇਸ ਭੇਜਿਆ ਹੋਇਆ ਹੈ। ਸਾਨੂੰ ਆਸ ਹੈ ਕਿ ਸਾਡਾ ਲੋਨ ਪ੍ਰਵਾਨ ਹੋ ਜਾਵੇਗਾ। ਇਸ ਲਈ ਅਸੀਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਾਂਗੇ ਕਿ ਕਿਸੇ ਢੰਗ ਨਾਲ ਇਹ ਮੰਡੀ ਬਣ ਜਾਵੇ।

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਸਪੀਕਰ ਸਾਹਿਬ, ਧੰਨਵਾਦ ਜੀ।

---

## ਹਾਈ ਸਕੂਲ ਨੂੰ ਅਪਗ੍ਰੇਡ ਕਰਨਾ

*2175. **ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕਾਦੀਆਂ ਵਿਖੇ ਹਾਈ ਸਕੂਲ ਨੂੰ ਸੀਨੀਅਰ ਸੈਕੰਡਰੀ ਸਕੂਲ ਦੇ ਪੱਧਰ ਤੱਕ ਅਪਗ੍ਰੇਡ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਅਪਗ੍ਰੇਡ ਕੀਤਾ ਜਾਵੇਗਾ?

**ਡਾਕਟਰ ਦਲਜੀਤ ਸਿੰਘ ਚੀਮਾ :** ਨਹੀਂ ਜੀ।

**ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕਈ ਵਾਰੀ ਪਰਪੋਜ਼ਲਾਂ ਬਣੀਆਂ ਹਨ। ਲਾਸਟ ਵਾਰੀ 27 ਜੁਲਾਈ, 2015 ਨੂੰ ਬਣੀ ਹੈ। ਕੀ ਮੰਤਰੀ ਜੀ ਦੱਸਣਗੇ ਕਿ ਇਸ ਕੰਮ ਵਿਚ ਕੀ ਪ੍ਰਾਬਲਮ ਆਉਂਦੀ ਹੈ? ਉਸ ਸਕੂਲ ਵਿਚ ਗਰੀਬਾਂ ਦੇ ਬੱਚੇ ਪੜ੍ਹਦੇ ਹਨ ਅਤੇ ਸਾਡਾ ਇਲਾਕਾ ਕਾਫੀ ਪਛੜਿਆ ਹੋਇਆ ਇਲਾਕਾ ਹੈ। ਇਲਾਕੇ ਦੀ ਇਹ ਬਹੁਤ ਵੱਡੀ ਮੰਗ ਹੈ ਕਿ ਇਸ ਸਕੂਲ ਨੂੰ ਅੱਪਗਰੇਡ ਕੀਤਾ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ, ਕਾਦੀਆਂ ਭਾਵੇਂ ਪਛੜਿਆ ਹੋਇਆ ਹੋਵੇ ਪਰ ਤਿੰਨ ਐਜੂਕੇਸ਼ਨ ਮੰਤਰੀ ਕਾਦੀਆਂ ਦੇ ਹੋਏ ਹਨ। ਸਾਡੇ ਸਤਿਕਾਰਯੋਗ ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਕੋਲ ਵੀ ਸਿੱਖਿਆ ਵਿਭਾਗ ਰਿਹਾ ਹੈ। ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਜੀ ਕੋਲ ਵੀ ਸਿੱਖਿਆ ਵਿਭਾਗ ਰਿਹਾ ਹੈ ਔਰ ਜਿਹੜੇ ਸਾਡੇ ਵੱਲੋਂ ਇਲੈਕਸ਼ਨ ਲੜਦੇ ਹਨ, ਉਨ੍ਹਾਂ ਕੋਲ ਵੀ ਇਹ ਵਿਭਾਗ ਰਿਹਾ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਇਹ ਸਕੂਲ ਇਸ ਕਰਕੇ ਨਹੀਂ ਬਣਿਆ ਕਿਉਂਕਿ ਤਿੰਨ ਏਡਿਡ ਸਕੂਲ ਉਥੇ ਆਲਰੇਡੀ ਚੱਲ ਰਹੇ ਹਨ, ਇੱਕ ਤਾਂ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਹੈ, ਦੂਜਾ ਖਾਲਸਾ ਸਕੂਲ ਹੈ ਅਤੇ ਤੀਜਾ ਆਰੀਆ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਹੈ। ਇਹ ਤਿੰਨ ਸਕੂਲ ਆਲਰੇਡੀ ਚੱਲ ਰਹੇ ਹਨ ਅਤੇ ਜਿਹੜੇ ਸਕੂਲ ਦੀ ਇਹ ਗੱਲ ਕਰ ਰਹੇ ਹਨ, ਇਸ ਵਿੱਚ ਕੇਵਲ 133 ਬੱਚੇ ਹਨ। ਇਸ ਕਰਕੇ ਮੇਰੀ ਬੇਨਤੀ ਹੈ ਕਿ ਮੈਂ ਇਹ ਗੱਲ ਪਹਿਲਾਂ ਇਸੇ ਕਰਕੇ ਕਹੀ ਸੀ ਕਿ ਕਾਦੀਆਂ ਦੇ ਹੀ ਐਜੂਕੇਸ਼ਨ ਮਨਿਸਟਰ ਹੁੰਦੇ ਰਹੇ ਹਨ। ਸਾਨੂੰ ਤਾਂ ਕੋਈ ਇਤਰਾਜ਼ ਨਹੀਂ ਸੀ, ਉਦੋਂ ਇਹ ਇਸ ਸਕੂਲ ਨੂੰ ਅਪਗਰੇਡ ਕਰ ਲੈਂਦੇ ਪਰ ਮਜਬੂਰੀ ਇਹ ਹੈ ਕਿ ਤਿੰਨ ਏਡਿਡ ਸਕੂਲ ਆਲਰੇਡੀ ਚੱਲ ਰਹੇ ਹਨ।

**ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜੋ ਮੰਤਰੀ ਜੀ ਨੇ ਕਿਹਾ ਹੈ ਇਹ ਠੀਕ ਹੈ ਕਿ ਤਿੰਨ ਵਾਰੀ ਐਜੂਕੇਸ਼ਨ ਮਨਿਸਟਰ ਕਾਦੀਆਂ ਦੇ ਰਹੇ ਹਨ ਪਰ ਕੀ ਤੁਸੀਂ ਬੱਚਿਆਂ ਨਾਲ ਵਿਤਕਰਾ ਕਰ ਰਹੇ ਹੋ? ਬਾਜਵਾ ਸਾਹਿਬ ਜਦੋਂ ਐਜੂਕੇਸ਼ਨ ਮਨਿਸਟਰ ਰਹੇ ਸਨ ਤਾਂ ਉਨ੍ਹਾਂ ਨੂੰ ਕੇਵਲ ਦੋ-ਚਾਰ ਮਹੀਨੇ ਹੀ ਮੰਤਰੀ ਦੇ ਤੌਰ ਤੇ ਮਿਲੇ ਸਨ। ਮੇਰੀ ਬੇਨਤੀ ਹੈ ਕਿ ਇਹ ਗਰੀਬ ਬੱਚੇ ਏਡਿਡ ਸਕੂਲਾਂ ਵਿੱਚ ਨਹੀਂ ਜਾ ਸਕਦੇ ਕਿਉਂਕਿ ਏਡਿਡ

ਸਕੂਲਾਂ ਦੀ ਫੀਸ ਬਹੁਤ ਜ਼ਿਆਦਾ ਹੈ। ਇਸ ਸਕੂਲ ਵਿੱਚ ਲੜਕਿਆਂ ਦੀ ਮੰਥਲੀ ਫੀਸ 60/- ਰੁਪਏ ਹੈ ਤੇ ਲੜਕੀਆਂ ਦੀ ਕੇਵਲ 30/- ਰੁਪਏ ਹੈ। ਕੀ ਗਰੀਬ ਬੱਚਾ ਏਡਿਡ ਸਕੂਲਾਂ ਵਿੱਚ ਫੀਸ ਦੇ ਸਕਦਾ ਹੈ?

**ਮੰਤਰੀ :** ਸਪੀਕਰ ਸਾਹਿਬ, ਸਾਡੇ ਭੈਣ ਜੀ ਸਤਿਕਾਰਯੋਗ ਹਨ। ਇਨ੍ਹਾਂ ਦਾ ਹੁਕਮ ਸਿਰ ਮੱਥੇ ਹੈ ਪਰ ਇਹ ਆਪ ਅੱਠ ਸਾਲਾਂ ਤੋਂ ਹੀ ਲੱਗੇ ਹਨ। ਮੈਂ ਇਹ ਗੱਲ ਇਸ ਕਰਕੇ ਕਰ ਰਿਹਾ ਹਾਂ ਕਿ ਜਦੋਂ ਸਮਾਂ ਆਉਂਦਾ ਹੈ, ਉਦੋਂ ਵੀ ਗਰੀਬਾਂ ਦਾ ਕੁਝ ਕਰਨਾ ਚਾਹੀਦਾ ਹੈ। ਅੱਠ ਸਾਲ ਤੋਂ ਜਦੋਂ ਤੋਂ ਸਾਡੀ ਸਰਕਾਰ ਆਈ, ਉਦੋਂ ਤੋਂ ਇਹ ਹੁਣ ਅਜਿਹਾ ਕਹਿਣ ਲੱਗ ਪਏ ਹਨ ।

**ਮਾਨਯੋਗ ਸਪੀਕਰ :** ਚਲੋ, ਉਨ੍ਹਾਂ ਕੋਲੋਂ ਰਹਿ ਗਿਆ ਤੇ ਆਪਾਂ ਦੇਖੋ ਕਿ ਗਰੀਬ ਬੱਚਿਆਂ ਵਾਸਤੇ ਕੀ ਕਰ ਰਹੇ ਹਾਂ।

**ਮੰਤਰੀ :** ਮੈਂ ਪਰਪੋਜ਼ਲ ਬਣਾ ਕੇ ਦੇਖ ਲੈਂਦਾ ਹਾਂ। ਜੇ ਪਾਲਿਸੀ ਮੁਤਾਬਿਕ ਬਣ ਸਕਦਾ ਹੋਇਆ ਤਾਂ ਜ਼ਰੂਰ ਬਣ ਜਾਵੇਗਾ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ. 2096

(ਸੰਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋ ਸਕਿਆ।)

---

## ਨਿਸ਼ਾਨ ਵਾਲਾ ਪ੍ਰਸ਼ਨ ਨੰ. 2114

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਆਪਣੇ ਸਵਾਲ ਦੇ ਸੰਬੰਧ ਵਿੱਚ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਮ.ਐਲ.ਏਜ਼ ਦੇ ਜਿਹੜੇ ਸਵਾਲ ਤੁਸੀਂ ਮਨਜ਼ੂਰ ਕਰ ਲੈਂਦੇ ਹੋ, ਉਨ੍ਹਾਂ ਵਿੱਚ ਉਨ੍ਹਾਂ ਨੂੰ ਆਪਣੀ ਪ੍ਰੈਫਰੈਂਸ ਦੇਣ ਦਾ ਰਾਈਟ ਹੁੰਦਾ ਹੈ। ਮੈਂ ਤਿੰਨ ਵਾਰੀ ਤੁਹਾਡੇ ਦਫਤਰ ਵਿੱਚ ਜਾ ਕੇ ਆਇਆ ਹਾਂ, ਸਬੰਧਤ ਅਧਿਕਾਰੀਆਂ ਨੂੰ ਮਿਲਿਆ ਹਾਂ, ਸਕੱਤਰ ਸਾਹਿਬ ਨੂੰ ਵੀ ਮਿਲਿਆ ਹਾਂ।

**ਮਾਨਯੋਗ ਸਪੀਕਰ :** ਕੀ ਤੁਸੀਂ ਇਸੇ ਸੰਬੰਧ ਵਿੱਚ ਮਿਲੇ ਹੋ?

**ਸਰਦਾਰ ਚਰਨਜੀਤ ਸਿੰਘ ਚੰਨੀ :** ਹਾਂ ਜੀ, ਇਨ੍ਹਾਂ ਸਵਾਲਾਂ ਦੇ ਸੰਬੰਧ ਵਿੱਚ ਹੀ ਮਿਲਿਆ ਹਾਂ।

**ਮਾਨਯੋਗ ਸਪੀਕਰ :** ਸੌਰੀ, ਜੇ ਕਲੱਬ ਕੀਤਾ ਹੁੰਦਾ ਤਾਂ ਮੈਂ ਤੁਹਾਨੂੰ ਜ਼ਰੂਰ ਟਾਈਮ ਦਿੰਦਾ। I feel sorry, ਜੇ ਮੇਰੇ ਦਫਤਰ ਦੀ ਕੋਈ ਇਹੋ ਜਿਹੀ ਗਲਤੀ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਸੰਬੰਧਿਤ ਅਧਿਕਾਰੀਆਂ ਨੇ ਮੇਰੀ ਪ੍ਰੈਫਰੈਂਸ ਨੂੰ ਇਗਨੋਰ ਕਰਕੇ ਕੋਈ ਹੋਰ ਸਵਾਲ ਲਗਾਇਆ ਹੈ, ਜਿਸ ਨਾਲ ਮੇਰਾ ਸੰਬੰਧ ਨਹੀਂ ਸੀ, ਉਹ ਸਵਾਲ ਮੈਂ ਪ੍ਰੋਟੈਸਟ ਵਜੋਂ ਸੁਣਨਾ ਨਹੀਂ ਚਾਹੁੰਦਾ।

**ਮਾਨਯੋਗ ਸਪੀਕਰ :** ਨਹੀਂ, ਇਹ ਗੱਲ ਨਹੀਂ ਹੈ। ਕੋਈ ਖਾਸ ਵਜ੍ਹਾ ਵਰਗੀ ਗੱਲ ਤੁਹਾਡੇ ਨਾਲ ਕੋਈ ਨਹੀਂ ਹੈ। ਕਿਤੇ ਰਹਿ ਗਿਆ ਹੋਣਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਚਾਰ ਸਵਾਲਾਂ ਦੀ ਪ੍ਰੈਫਰੈਂਸ ਦੇ ਕੇ ਆਇਆ ਸੀ ਤੇ ਇਹ ਕਹਿਣ ਲੱਗੇ ਕਿ ਦੋ ਸਵਾਲਾਂ ਦੀ ਪ੍ਰੈਫਰੈਂਸ ਦੇ ਦਿਓ।

**ਮਾਨਯੋਗ ਸਪੀਕਰ :** ਕੀ ਇਹ ਤੁਹਾਡਾ ਸਵਾਲ ਨਹੀਂ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਫਿਰ ਮੈਂ ਦੋ ਸਵਾਲਾਂ ਦੀ ਪ੍ਰੈਫਰੈਂਸ ਦਿੱਤੀ। ਫਿਰ ਇਹ ਕਹਿਣ ਲੱਗੇ ਕਿ ਤੁਹਾਡਾ ਇੱਕ ਸਵਾਲ ਹੀ ਲੱਗਣਾ ਹੈ, ਤੁਸੀਂ ਇੱਕ ਸਵਾਲ ਦੀ ਪ੍ਰੈਫਰੈਂਸ ਦਿਓ। ਮੈਂ ਇੱਕ ਸਵਾਲ ਦੀ ਪ੍ਰੈਫਰੈਂਸ ਵੀ ਦੇ ਆਇਆ।

**ਮਾਨਯੋਗ ਸਪੀਕਰ** : ਕੀ ਇਹ ਤੁਹਾਡਾ ਸਵਾਲ ਨਹੀਂ ਹੈ ?

**ਸਰਦਾਰ ਚਰਨਜੀਤ ਸਿੰਘ ਚੰਨੀ :** ਸਵਾਲ ਤਾਂ ਮੇਰਾ ਹੀ ਹੈ ਪਰ ਜਿਹੜੀ ਮੈਂ ਪ੍ਰੈਫਰੈਂਸ ਦਿੱਤੀ ਹੈ, ਉਹ ਕਿਉਂ ਨਹੀਂ ਲਗਾ ਰਹੇ? ਕੀ ਐਮ.ਐਲ.ਏਜ਼ ਦਾ ਵਿਧਾਨ ਸਭਾ ਵਿੱਚ ਕੋਈ ਰਾਈਟ ਨਹੀਂ ਹੈ?

**ਮਾਨਯੋਗ ਸਪੀਕਰ :** ਤੁਸੀਂ ਗੱਲ ਨਹੀਂ ਸਮਝੇ। ਤੁਸੀਂ ਪ੍ਰੈਫਰੈਂਸ ਇਸ ਸਵਾਲ ਨੂੰ ਦਿੱਤੀ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਇਸ ਸਵਾਲ ਨੂੰ ਤਾਂ ਪ੍ਰੈਫਰੈਂਸ ਦਿੱਤੀ ਹੀ ਨਹੀਂ। ਤੁਸੀਂ ਰਿਕਾਰਡ ਚੈੱਕ ਕਰ ਲਓ। ਮੈਂ ਤਾਂ ਪਹਿਲਾਂ ਚਾਰ ਸਵਾਲਾਂ ਨੂੰ ਪ੍ਰੈਫਰੈਂਸ ਦਿੱਤੀ ਸੀ। ਚਾਰ ਸਵਾਲਾਂ ਵਿੱਚੋਂ ਕਹਿਣ ਲੱਗੇ ਕਿ ਦੋ ਸਵਾਲਾਂ ਦੀ ਪ੍ਰੈਫਰੈਂਸ ਦਿਓ, ਮੈਂ ਦੋ ਸਵਾਲਾਂ ਦੀ ਪ੍ਰੈਫਰੈਂਸ ਦੇ ਦਿੱਤੀ। ਉਸ ਤੋਂ

ਬਾਅਦ ਮੈਂ ਦੁਬਾਰਾ ਗਿਆ। ਮੈਂ ਤਿੰਨ ਵਾਰੀ ਇਸ ਆਫਿਸ ਵਿੱਚ ਜਾ ਆਇਆ ਹਾਂ। ਤੀਸਰੀ ਵਾਰ ਮੈਨੂੰ ਕਹਿਣ ਲੱਗੇ ਕਿ ਤੁਸੀਂ ਇੱਕ ਸਵਾਲ ਦੀ ਪ੍ਰੈਫਰੈਂਸ ਦਿਓ, ਤੁਹਾਡਾ ਤਿੰਨ ਦਿਨਾਂ ਵਿੱਚ ਕੇਵਲ ਇੱਕ ਸਵਾਲ ਹੀ ਲੱਗਣਾ ਹੈ ਤੇ ਹੁਣ ਉਹ ਵੀ ਨਹੀਂ ਲੱਗਿਆ। ਹੁਣ ਕੋਈ ਹੋਰ ਲਗਾ ਦਿੱਤਾ।

**ਮਾਨਯੋਗ ਸਪੀਕਰ :** ਕੀ ਇਹ ਤੁਹਾਡਾ ਸਵਾਲ ਨਹੀਂ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ** ** ਮੈਂ ਅੰਡਰ ਪ੍ਰੋਟੈਸਟ ਇਹ ਸਵਾਲ ਪੁੱਟ ਨਹੀਂ ਕਰਨਾ।

**ਮਾਨਯੋਗ ਸਪੀਕਰ :** ਮੈਂ ਇਸ ਸਬੰਧੀ ਚੈੱਕ ਕਰ ਲਵਾਂਗਾ। ਕੀ ਇਹ ਸਵਾਲ ਹੁਣ ਆਪਾਂ ਪੁੱਛਣਾ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ :** ਨਹੀਂ ਜੀ।

(ਸੰਬੰਧਿਤ ਮਾਨਯੋਗ ਮੈਂਬਰ ਵੱਲੋਂ ਆਪਣੇ ਸਵਾਲਾਂ ਸੰਬੰਧੀ ਦਿੱਤੀ ਗਈ ਪ੍ਰੈਫਰੈਂਸ ਨੂੰ ਨਜ਼ਰਅੰਦਾਜ਼ ਕੀਤੇ ਜਾਣ ਕਾਰਨ ਉਨ੍ਹਾਂ ਵੱਲੋਂ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਸਾਡਾ ਚਿੱਟੀ ਮੱਖੀ ਵਾਲਾ ਸਵਾਲ ਵੀ ਵਿੱਚੇ ਹੀ ਛੱਡ ਦਿੱਤਾ ਗਿਆ ਹੈ।

## ਸੜਕਾਂ ਦੀ ਮੁਰੰਮਤ ਕਰਨਾ

***2165. ਸ਼੍ਰੀਮਤੀ ਕਰਨ ਕੌਰ ਬਰਾੜ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ੍ਰੀ ਮੁਕਤਸਰ ਸਾਹਿਬ ਵਿੱਚ ਮੇਨ ਬੱਸ ਸਟੈਂਡ ਨੂੰ ਜਾਂਦੀ ਖਸਤਾ ਹਾਲਤ ਸੜਕ ਦੀ ਮੁਰੰਮਤ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ੍ਰੀ ਮੁਕਤਸਰ ਸਾਹਿਬ ਵਿੱਚ ਮੇਨ ਬੱਸ ਸਟੈਂਡ ਨੂੰ ਜਾਂਦੀ ਸੜਕ ਦੀ ਮੁਰੰਮਤ ਲਈ 157.14 ਲੱਖ ਰੁਪਏ ਦੀ ਰਾਸ਼ੀ ਮਨਜ਼ੂਰ ਹੋ ਚੁੱਕੀ ਹੈ ਅਤੇ ਇਸ ਦਾ ਕੰਮ 30.04.2016 ਤੱਕ ਪੂਰਾ ਕਰ ਦਿੱਤਾ ਜਾਵੇਗਾ।

** Expunged as ordered by the Chair.

**ਸ਼੍ਰੀਮਤੀ ਕਰਨ ਕੌਰ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਹੈ ਕਿ ਇਹ ਇਕੱਲੀ ਸੜਕ ਉਥੇ ਨਹੀਂ ਜਾਂਦੀ, ਸਾਰੇ ਪਾਸੇ ਤੋਂ ਜਿੰਨੀਆਂ ਵੀ ਸੜਕਾਂ ਇਸ ਬੱਸ ਸਟੈਂਡ ਨੂੰ ਜਾਂਦੀਆਂ ਹਨ, ਉਹ ਸਾਰੀਆਂ ਹੀ ਟੁੱਟੀਆਂ ਹੋਈਆਂ ਹਨ। ਇਹ ਇਤਿਹਾਸਕ-ਧਾਰਮਿਕ ਸ਼ਹਿਰ ਹੈ। ਸਾਰੇ ਪਾਸਿਆਂ ਤੋਂ ਇਨ੍ਹਾਂ ਨੂੰ ਦੇਖਣਾ ਚਾਹੀਦਾ ਹੈ। ਇੱਕ ਅਬੋਹਰ ਰੋਡ ਤੋਂ ਜਾਂਦੀ ਹੈ, ਇੱਕ ਮਲੋਟ ਰੋਡ ਤੋਂ ਜਾਂਦੀ ਹੈ, ਇੱਕ ਕੋਟਕਪੂਰਾ ਰੋਡ ਤੋਂ ਜਾਂਦੀ ਹੈ, ਇੱਕ ਬਠਿੰਡਾ ਰੋਡ ਤੋਂ ਜਾਂਦੀ ਹੈ। ਇਹ ਸਾਰੀਆਂ ਬੱਸ ਸਟੈਂਡ ਦੇ ਵੱਲ ਜਾਂਦੀਆਂ ਹਨ। ਇਨ੍ਹਾਂ ਸਾਰੀਆਂ ਦੀ ਮੁਰੰਮਤ ਦੀ ਗੱਲ ਮੈਂ ਪੁੱਛੀ ਸੀ।

**ਮਾਨਯੋਗ ਸਪੀਕਰ :** ਤੁਸੀਂ ਇੱਕ ਦਾ ਮੈਨਸ਼ਨ ਕੀਤਾ ਹੈ। ਜੇ ਤੁਸੀਂ ਹੋਰਨਾਂ ਦੇ ਬਾਰੇ ਪੁੱਛਣਾ ਹੈ ਤਾਂ ਸੈਪਰੇਟ ਕੁਐਸਚਨ ਵਿੱਚ ਮੈਨਸ਼ਨ ਕਰ ਦਿਓ। At present ਤੁਸੀਂ ਜਿਹੜੀ ਸੜਕ ਦਾ ਪੁੱਛਿਆ ਹੈ, ਉਸ ਦਾ ਹੀ ਇਹ ਜਵਾਬ ਦੇ ਸਕਦੇ ਹਨ।

**ਸ਼੍ਰੀਮਤੀ ਕਰਨ ਕੌਰ ਬਰਾੜ :** ਮੈਂ ਬੱਸ ਸਟੈਂਡ ਨੂੰ ਜਾਂਦੀਆਂ ਸੜਕਾਂ ਬਾਰੇ ਕਿਹਾ ਸੀ।

**ਮਾਨਯੋਗ ਸਪੀਕਰ :** ਦੇਖੋ ਜਾਂ ਤਾਂ ਤੁਸੀਂ ਹੋਰ ਸੜਕਾਂ ਵੀ ਪ੍ਰਸ਼ਨ ਵਿੱਚ ਮੈਨਸ਼ਨ ਕਰਦੇ, ਫਿਰ ਤਾਂ ਆਪਾਂ ਇਨ੍ਹਾਂ ਕੋਲੋਂ ਜਵਾਬ ਲੈਂਦੇ। ਹੁਣ ਉਨ੍ਹਾਂ ਕੋਲ ਜਵਾਬ ਸਿਰਫ ਇਸੇ ਕੁਐਸਚਨ ਦੇ ਸਬੰਧ ਵਿੱਚ ਹੈ।

**ਸ਼੍ਰੀਮਤੀ ਕਰਨ ਕੌਰ ਬਰਾੜ :** ਸਪੀਕਰ ਸਾਹਿਬ, ਮੈਂ ਪਰੋਟੈਸਟ ਕਰਦੀ ਹਾਂ। ਮੈਂ ਕਿਹਾ ਸੀ ਜਿਹੜੀਆਂ ਬੱਸ ਸਟੈਂਡ ਨੂੰ ਸੜਕਾਂ ਜਾਂਦੀਆਂ ਹਨ ਪਰ ਇਨ੍ਹਾਂ ਨੇ ਲਿਖ ਦਿੱਤਾ ਕਿ ਸੜਕ ਜਾਂਦੀ ਹੈ। ਇੱਕ ਸੜਕ ਤਾਂ ਬੱਸ ਸਟੈਂਡ ਨੂੰ ਇਕੱਲੀ ਜਾ ਹੀ ਨਹੀਂ ਸਕਦੀ। ਸਾਡਾ ਮੇਨ ਬੱਸ ਸਟੈਂਡ ਹੈ, ਉਹ ਡਿਸਟ੍ਰਿਕਟ ਹੈਡਕੁਆਰਟਰ ਹੈ। ਕੀ ਇਹ ਸਾਰੀਆਂ ਠੀਕ ਹੋਣਗੀਆਂ, ਮੈਂ ਇਸ ਬਾਰੇ ਪੁੱਛਣਾ ਸੀ।

**ਮੰਤਰੀ :** ਸਪੀਕਰ ਸਾਹਿਬ, ਇਹ ਸਾਰੀਆਂ ਸੜਕਾਂ ਹੀ ਰਿਪੇਅਰ ਕਰ ਦੇਵਾਂਗੇ।

**ਸ਼੍ਰੀਮਤੀ ਕਰਨ ਕੌਰ ਬਰਾੜ :** ਧੰਨਵਾਦ ਜੀ।

---

## ਲੜਕੀਆਂ ਲਈ ਸਰਕਾਰੀ ਕਾਲਜ ਖੋਲ੍ਹਣਾ

***2203. ਸ਼੍ਰੀ ਸੁੰਦਰ ਸ਼ਾਮ ਅਰੋੜਾ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਹੁਸ਼ਿਆਰਪੁਰ ਵਿਚ ਲੜਕੀਆਂ ਵਾਸਤੇ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਹੈ?

**ਸਰਦਾਰ ਸੁਰਜੀਤ ਸਿੰਘ ਰੱਖੜਾ :** ਹੁਸ਼ਿਆਰਪੁਰ ਵਿਖੇ ਲੜਕੀਆਂ ਦਾ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜ਼ਵੀਜ਼ ਨਹੀਂ ਹੈ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਦੇਸ਼ ਦੇ ਅੰਦਰ ਕੋਈ ਐਗਜ਼ਾਮ ਹੋਣ, ਯੂ.ਪੀ.ਐਸ.ਸੀ. ਦੇ ਐਗਜ਼ਾਮ ਹੋਣ, ਸਾਡੇ ਪੰਜਾਬ ਦੇ ਐਗਜ਼ਾਮ ਹੋਣ, ਪੀ.ਸੀ.ਐਸ (ਜੁਡੀਸ਼ੀਅਲ) ਦੇ ਐਗਜ਼ਾਮ ਹੋਣ, ਕੋਈ ਵੀ ਐਗਜ਼ਾਮ ਹੋਵੇ, ਕੋਈ ਰਿਜ਼ਲਟ ਦੇਖ ਲਿਆ ਜਾਵੇ, ਕੋਈ ਐਸਾ ਰਿਜ਼ਲਟ ਨਹੀਂ ਹੋਏਗਾ, ਜਿਥੇ ਹੁਸ਼ਿਆਰਪੁਰ ਦੀਆਂ ਲੜਕੀਆਂ ਅੱਗੇ ਨਹੀਂ ਆਈਆਂ ਹੋਣਗੀਆਂ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਕਿ ਕੀ ਉਥੇ ਕਾਲਜ ਨਹੀਂ ਖੋਲ੍ਹਿਆ ਜਾ ਸਕਦਾ? ਕੀ ਕਮੀ ਹੈ? ਸਾਡੇ ਡਿਸਟ੍ਰਿਕਟ ਦੇ ਵਿੱਚ ਲੜਕੀਆਂ ਦੇ ਲਈ ਕੋਈ ਵੀ ਗੌਰਮਿੰਟ ਕਾਲਜ ਨਹੀਂ ਹੈ। ਜਿਹੜੀ ਪਿਛਲੇ ਸਾਢੇ ਤਿੰਨ ਸਾਲ ਤੋਂ ਮੈਂ ਡਿਮਾਂਡ ਕਰਦਾ ਆ ਰਿਹਾ ਹਾਂ, ਕਈ ਵਾਰ ਕੁਐਸਚਨ ਲਗਾਏ ਹਨ, ਕੀ ਕਾਰਨ ਹੈ ਕਿ ਉਥੇ ਕਾਲਜ ਨਹੀਂ ਖੋਲ੍ਹਿਆ ਜਾ ਸਕਦਾ?

**ਮੰਤਰੀ :** ਸਪੀਕਰ ਸਾਹਿਬ, ਇਹ ਤਾਂ ਬਹੁਤ ਖੁਸ਼ੀ ਦੀ ਗੱਲ ਹੈ ਕਿ ਸਾਡੇ ਦੇਸ਼ ਦੀਆਂ, ਸਾਡੇ ਸੂਬੇ ਦੀਆਂ ਕੁੜੀਆਂ ਪੜ੍ਹਨ ਦੇ ਲਈ ਬਹੁਤ ਹੀ ਵਧੀਆ ਹਨ ਅਤੇ ਬਹੁਤ ਹੀ ਵਧੀਆ ਨੰਬਰ ਆਉਂਦੇ ਹਨ। ਇਸ ਸਮੇਂ ਸਾਡੇ ਰਾਜ ਵਿੱਚ 48 ਸਰਕਾਰੀ ਕਾਲਜ ਹਨ। 136 ਸਰਕਾਰੀ ਏਡਿਡ ਕਾਲਜ ਹਨ।

**ਮਾਨਯੋਗ ਸਪੀਕਰ :** ਪੰਜਾਬ ਦੀ ਗੱਲ ਕਰਦੇ ਹੋ?

**ਮੰਤਰੀ :** ਮੈਂ ਪੰਜਾਬ ਦੀ ਗੱਲ ਕਰ ਰਿਹਾ ਹਾਂ ਜੀ।

**ਮਾਨਯੋਗ ਸਪੀਕਰ :** ਉਹ ਹੁਸ਼ਿਆਰਪੁਰ ਦਾ ਪੁੱਛਦੇ ਹਨ।

**ਮੰਤਰੀ :** ਮੈਂ ਹੁਸ਼ਿਆਰਪੁਰ ਦੀ ਵੀ ਗੱਲ ਕਰਨ ਲੱਗਿਆ ਹਾਂ ਜੀ। ਇਸੇ ਤਰ੍ਹਾਂ ਹੀ ਹੁਸ਼ਿਆਰਪੁਰ ਦੇ ਵਿੱਚ ਤਕਰੀਬਨ 20 ਏਡਿਡ ਕਾਲਜ ਹਨ। 9 ਅਨਏਡਿਡ ਕੁੜੀਆਂ ਦੇ ਕਾਲਜ ਹਨ।

**ਮਾਨਯੋਗ ਸਪੀਕਰ :** ਉਹ ਪੁੱਛਦੇ ਹਨ ਕਿ ਕੀ ਸਰਕਾਰੀ ਕਾਲਜ ਹੈ?

**ਮੰਤਰੀ :** ਤਿੰਨ ਸਰਕਾਰੀ ਕਾਲਜ ਹਨ ਜੀ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਤਾਂ ਜਿਹੜੀ ਇਨ੍ਹਾਂ ਕੋਲ ਇਨਫਰਮੇਸ਼ਨ ਆਈ ਹੈ, ਉਹ ਗਲਤ ਹੈ। ਹੁਸ਼ਿਆਰਪੁਰ ਵਿੱਚ 20 ਏਡਿਡ ਕਾਲਜ ਨਹੀਂ ਹਨ।

**ਮਾਨਯੋਗ ਸਪੀਕਰ :** ਸਾਰੇ ਜ਼ਿਲ੍ਹੇ ਵਿੱਚ?

**ਮੰਤਰੀ :** 20 ਅਨਏਡਿਡ ਹਨ ਅਤੇ 10 ਏਡਿਡ ਹਨ।

**ਮਾਨਯੋਗ ਸਪੀਕਰ :** ਉਹ ਤਾਂ ਸਰਕਾਰੀ ਪੁੱਛਦੇ ਹਨ?

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸਰ, ਜ਼ਿਲ੍ਹੇ ਦੇ ਅੰਦਰ ਇੱਕ ਵੀ ਲੜਕੀਆਂ ਵਾਸਤੇ ਕਾਲਜ ਨਹੀਂ ਹੈ। ਮੈਨੂੰ ਮੰਤਰੀ ਸਾਹਿਬ ਇੰਨਾ ਹੀ ਦੱਸ ਦੇਣ ਕਿ ਅਗਰ ਲੜਕੀਆਂ ਵਾਸਤੇ ਕੋਈ ਕਾਲਜ ਚਾਹੀਦਾ ਹੈ ਤਾਂ ਕੀ ਮਾਪਦੰਡ ਹੋਣੇ ਚਾਹੀਦੇ ਹਨ? ਪੰਜਾਬ ਦੇ ਵਿੱਚ ਲੱਖਾਂ ਰੁਪਿਆ ਲਗਾ ਕੇ ਸਾਰੀਆਂ ਸਰਕਾਰਾਂ ਐਡ ਕਰ ਰਹੀਆਂ ਹਨ ਕਿ ਲੜਕੀਆਂ ਅੱਗੇ ਲਿਆਓ। ਨੰਨੀ ਛਾਂ ਦਾ ਪ੍ਰੋਗਰਾਮ ਚੱਲ ਰਿਹਾ ਹੈ। ਕਿੰਨੇ ਪ੍ਰੋਗਰਾਮ ਚੱਲ ਰਹੇ ਹਨ। ਸਾਡੇ ਹੁਸ਼ਿਆਰਪੁਰ ਵਿੱਚ ਅਗਰ ਲੜਕੇ-ਲੜਕੀਆਂ ਦੀ ਅਨੁਪਾਤ ਦੇਖੀ ਜਾਵੇ ਤਾਂ ਹੁਸ਼ਿਆਰਪੁਰ ਪਹਿਲੇ ਨੰਬਰ ਤੇ ਆਉਂਦਾ ਹੈ। ਡਾਕਟਰ ਸਾਹਿਬ ਵੀ ਇਥੇ ਬੈਠੇ ਹਨ। ਉਸ ਦੇ ਬਾਵਜੂਦ ਅਗਰ ਲੜਕੀਆਂ ਦੇ ਕਾਲਜ ਖੋਲ੍ਹਣ ਦੀ ਗੱਲ ਕੀਤੀ ਜਾਂਦੀ ਹੈ ਤਾਂ ਨਾਂਹ ਜੀ ਦੇ ਵਿੱਚ ਜਵਾਬ ਮਿਲਦਾ ਹੈ ਫੇਰ ਬੜਾ ਦੁੱਖ ਹੁੰਦਾ ਹੈ। ਮੈਂ ਇਸ ਲਈ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ, ਕੋਈ ਮਾਪਦੰਡ ਹੀ ਦੱਸ ਦਿਓ। ਲੜਕੀਆਂ ਤਾਂ ਸਾਡੀਆਂ ਅੱਗੇ ਆ ਗਈਆਂ, ਜ਼ਮੀਨ ਅਸੀਂ ਤੁਹਾਨੂੰ ਦੇ ਦਿੰਦੇ ਹਾਂ। ਸਪੀਕਰ ਸਾਹਿਬ, ਲੜਕੀਆਂ ਦੇ ਸਰਕਾਰੀ ਕਾਲਜ ਖੋਲ੍ਹਣ ਵਾਸਤੇ ਹੋਰ ਕੀ ਮਾਪਦੰਡ ਹੋਣੇ ਚਾਹੀਦੇ ਹਨ, ਮੰਤਰੀ ਜੀ ਇਹ ਦੱਸ ਦੇਣ।

**ਮੰਤਰੀ :** ਜੇ ਇਹ ਜ਼ਮੀਨ ਦੇਣ ਨੂੰ ਤਿਆਰ ਹਨ ਤਾਂ ਵਿਚਾਰ ਕਰ ਲਵਾਂਗੇ ਜੀ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਟਾਈਮ ਫਿਕਸ ਕਰ ਲਵੋ ਜੀ।

**ਮਾਨਯੋਗ ਸਪੀਕਰ :** ਨਹੀਂ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਟਾਈਮ ਫਿਕਸ ਕਰ ਲਵੋ ਜੀ।

**ਸ਼੍ਰੀ ਸੁਨੀਲ ਜਾਖੜ** : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਵੀ ਸਵਾਲ ਉਠਿਆ ਸੀ, ਹੁਣ ਹਾਇਰ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਗੱਲ ਕੀਤੀ ਹੈ, they refer to aided institutions. ਅੱਛੀ ਗੱਲ ਹੈ, ਸਰਕਾਰ ਨੂੰ ਏਡ ਦੇਣੀ ਚਾਹੀਦੀ ਹੈ ਪਰ ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਇੱਕ ਕੰਪੋਜ਼ਿਟ ਫਿਗਰ ਦਿਓਗੇ ਕਿ ਕਿੰਨੀ ਰਕਮ ਬਕਾਇਆ ਪਈ ਹੈ, ਜਿਹੜੀ ਸਰਕਾਰ ਨੇ ਏਡਿਡ ਇੰਸਟੀਚਿਊਸ਼ਨਜ਼ ਨੂੰ ਦੇਣੀ ਹੈ? ਕਿੰਨੇ ਸਾਲਾਂ ਦੀ ਉਨ੍ਹਾਂ ਦੀ ਏਡ ਸਰਕਾਰ ਨੇ ਵਿਦਹੋਲਡ ਕਰ ਰੱਖੀ ਹੈ ਜਾਂ ਰਿਲੀਜ਼ ਨਹੀਂ ਕੀਤੀ, ਕੀ ਉਸ ਬਾਰੇ ਮੰਤਰੀ ਜੀ ਕੁਝ ਦੱਸਣਗੇ?

**ਮੰਤਰੀ :** ਸਰ, ਅਸਲੀ ਫਿਗਰ ਤਾਂ ਹੁਣ ਇਸ ਵੇਲੇ ਮੇਰੇ ਕੋਲ ਨਹੀਂ ਹੈ ਪਰ ਅਸੀਂ ਤਕਰੀਬਨ ਕਾਫੀ ਏਡ ਦੇ ਦਿੱਤੀ ਹੈ ਅਤੇ ਹੁਣ ਕੰਮ ਸਮੂਥ ਚੱਲ ਰਿਹਾ ਹੈ। ਹੁਣ ਜੇ ਤੁਸੀਂ ਕਹੋ ਤਾਂ ਮੈਂ ਤੁਹਾਨੂੰ ਫਿਗਰ ਦੇ ਦਿਆਂਗਾ ਪਰ ਅੱਜ ਮੇਰੇ ਕੋਲ ਹੈ ਨਹੀਂ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸਪੀਕਰ ਸਾਹਿਬ, ਜੋ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਉਸ ਵਿੱਚ ਮੈਂ ਇੱਕ ਗੱਲ ਕਰਨੀ ਚਾਹੁੰਦਾ ਹਾਂ ਕਿ ਸਾਡਾ ਇੱਕੋ ਹੀ ਸਰਕਾਰੀ ਕਾਲਜ ਹੈ ਅਤੇ ਉਸ ਵਿੱਚ ਪਿਛਲੇ ਤਿੰਨ ਸਾਲ ਤੋਂ ਪ੍ਰਿੰਸੀਪਲ ਨਹੀਂ ਹੈ। ਤਿੰਨ ਸਾਲ ਤੋਂ ਉਥੇ ਪ੍ਰਿੰਸੀਪਲ ਨਹੀਂ ਹੈ ਜਿਥੇ ਭਾਰਤ ਦੇ ਪ੍ਰਧਾਨ ਮੰਤਰੀ ਵੀ ਪੜ੍ਹਦੇ ਰਹੇ, ਜਿਥੇ ਭਾਰਤ ਦੇ ਪ੍ਰਧਾਨ ਮੰਤਰੀ ਪੜ੍ਹਾਉਂਦੇ ਵੀ ਰਹੇ, ਉਸ ਕਾਲਜ ਵਿੱਚ ਪਿਛਲੇ ਤਿੰਨ ਸਾਲ ਤੋਂ ਪ੍ਰਿੰਸੀਪਲ ਹੀ ਨਹੀਂ ਹੈ। ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ।

**ਮੰਤਰੀ :** ਸਪੀਕਰ ਸਾਹਿਬ, ਸਾਡੀ ਡੀ.ਪੀ.ਸੀ. ਹੋ ਗਈ ਹੈ ਅਤੇ ਦੋ ਹਫਤੇ ਦੇ ਵਿਚ ਵਿਚ ਪ੍ਰਿੰਸੀਪਲ ਲਗਾ ਦਿਆਂਗੇ।

**ਮਾਨਯੋਗ ਸਪੀਕਰ :** ਧੰਨਵਾਦ ਜੀ।

---

## ਆਂਗਨਵਾੜੀ ਸੈਂਟਰ ਬਣਾਉਣਾ

*2103. **ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ- ੳ) ਰਾਜ ਦੇ ਪਿੰਡਾਂ ਅਤੇ

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਸ਼ਹਿਰਾਂ ਵਿਚ ਕਿੰਨੇ ਅਜਿਹੇ ਆਂਗਣਵਾੜੀ ਸੈਂਟਰ ਚੱਲ ਰਹੇ ਹਨ ਜਿਨ੍ਹਾਂ ਕੋਲ ਆਪਣੀ ਬਿਲਡਿੰਗ ਨਹੀਂ ਹੈ ਅਤੇ ਕਿਰਾਏ ਦੀਆਂ ਥਾਵਾਂ, ਧਰਮਸ਼ਾਲਾਵਾਂ ਜਾਂ ਸਕੂਲਾਂ ਦੀਆਂ ਖੁੱਲ੍ਹੀਆਂ ਥਾਵਾਂ ਵਿਚ ਬਿਨਾਂ ਕਿਸੇ ਸਹੂਲਤਾਂ ਤੋਂ ਛੋਟੇ ਬੱਚੇ ਬੈਠ ਰਹੇ ਹਨ;

ਅ) ਕੀ ਉਪਰੋਕਤ ਆਂਗਣਵਾੜੀ ਸੈਟਰਾਂ ਨੂੰ ਸਹੀ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਆਂਗਣਵਾੜੀ ਸੈਂਟਰਾਂ ਦੀ ਉਸਾਰੀ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਜ਼ਿਲ੍ਹਾ-ਵਾਰ ਵੇਰਵੇ ਦਿੱਤੇ ਜਾਣ ?

**ਸ਼੍ਰੀ ਸੁਰਜੀਤ ਕੁਮਾਰ ਜਿਆਣੀ :** ੳ) ਸ਼੍ਰੀਮਾਨ ਜੀ, ਰਾਜ ਵਿਚ ਕੁੱਲ 26656 ਆਂਗਣਵਾੜੀ ਸੈਂਟਰ ਚੱਲ ਰਹੇ ਹਨ, ਜਿਨ੍ਹਾਂ ਵਿਚੋਂ ਰਾਜ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ 25649 ਅਜਿਹੇ ਆਂਗਣਵਾੜੀ ਸੈਂਟਰ ਚੱਲ ਰਹੇ ਹਨ, ਜਿਨ੍ਹਾਂ ਕੋਲ ਆਪਣੀ ਬਿਲਡਿੰਗ ਨਹੀਂ ਹੈ। (ਵੇਰਵੇ ਅਨੁਲੱਗ "ੳ" ਅਨੁਸਾਰ)

ਅ) ਜੀ ਹਾਂ, ਰਾਜ ਵਿਚ 1126 ਆਂਗਣਵਾੜੀ ਸੈਂਟਰਾਂ ਦੀਆਂ ਬਿਲਡਿੰਗਾਂ ਦੀ ਉਸਾਰੀ ਲਈ ਚਾਲੂ ਵਿੱਤੀ ਸਾਲ 2015-16 ਦੌਰਾਨ ਕੁੱਲ 5354.67 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

## ਅਨੁਲੱਗ ੳ

ਆਈ.ਸੀ.ਡੀ.ਐਸ. ਸਕੀਮ ਅਧੀਨ ਆਪਣੀਆਂ ਬਿਲਡਿੰਗਾਂ ਤੋਂ ਬਿਨਾਂ ਚੱਲ ਰਹੇ ਆਂਗਣਵਾੜੀ ਸੈਟਰਾਂ ਸਬੰਧੀ ਸੂਚਨਾ।

| | |
|---|---|
| ਕਿਰਾਏ ਦੀਆਂ ਬਿਲਡਿੰਗਾਂ ਵਿਚ ਚੱਲ ਰਹੇ ਆਂਗਣਵਾੜੀ ਸੈਂਟਰ | 3481 |
| ਪ੍ਰਾਇਮਰੀ ਸਕੂਲਾਂ ਵਿਚ ਚੱਲ ਰਹੇ ਆਂਗਣਵਾੜੀ ਸੈਂਟਰ | 7667 |
| ਹੋਰ ਸਾਂਝੀਆਂ ਥਾਵਾਂ ਤੇ ਚੱਲ ਰਹੇ ਆਂਗਣਵਾੜੀ ਸੈਂਟਰ | 14501 |
| ਕੁੱਲ ਜੋੜ | 25649 |

ਨੋਟ: ਆਂਗਣਵਾੜੀ ਸੈਂਟਰਾਂ ਵਿਚ ਬੱਚਿਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਰ, ਮੈਂ ਮੁੱਖ ਮੰਤਰੀ ਸਾਹਿਬ ਦਾ ਅਤੇ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ 1126 ਆਂਗਣਵਾੜੀ ਸੈਂਟਰਾਂ ਲਈ ਪੈਸੇ ਉਪਲਬਧ ਕੀਤੇ ਗਏ ਹਨ ਪਰ ਜਿਹੜਾ ਡਿਫਰੈਂਸ ਹੈ ਕਿ 26656 ਆਂਗਣਵਾੜੀ ਸੈਂਟਰਾਂ ਵਿਚੋਂ 25649 ਕੋਲ ਆਪਣੀ ਬਿਲਡਿੰਗ ਹੀ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਹ ਇੱਕ ਬਹੁਤ ਹੀ ਵੱਡੀ ਤਰਾਸਦੀ ਹੈ ਅਤੇ ਇਸ ਬਾਰੇ ਜ਼ਰੂਰ ਕੋਈ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਦੂਸਰਾ ਇਹ ਹੈ ਕਿ ਜਿਹੜੇ ਚੱਲ ਰਹੇ ਹਨ ਇਹ ਜਾਂ ਤਾਂ ਰੈਂਟਿਡ ਬਿਲਡਿੰਗਜ਼ ਵਿਚ ਚੱਲ ਰਹੇ ਹਨ, ਜਿਥੇ ਹੈਲਪਰਜ਼ ਜਾਂ ਆਂਗਣਵਾੜੀ ਵਰਕਰਜ਼ ਨੇ ਬਿਲਡਿੰਗਜ਼ ਅਰੇਂਜ਼ ਕੀਤੀਆਂ ਹਨ, ਕਈਆਂ ਨੇ ਤਾਂ ਆਪਣੇ ਘਰਾਂ ਵਿੱਚ ਕੀਤੀਆਂ ਹੋਈਆਂ ਹਨ। ਉਥੇ ਛੋਟੇ ਬੱਚਿਆਂ ਲਈ ਕੋਈ ਵੀ ਸੁੱਖ-ਸਹੂਲਤ ਉਪਲਬਧ ਨਹੀਂ ਹੈ। ਮੇਰੀ ਬੇਨਤੀ ਹੈ ਕਿ ਉਸ ਦੇ ਵੀ ਕੋਈ ਨਾਰਮਜ਼ ਤੈਅ ਕੀਤੇ ਜਾਣ, ਚਾਹੇ ਬਿਲਡਿੰਗਾਂ ਰੈਂਟ ਤੇ ਹੀ ਲੈਣੀਆਂ ਹਨ, ਉਨ੍ਹਾਂ ਦੇ ਕੋਈ ਨਾਰਮਜ਼ ਹੋਣੇ ਚਾਹੀਦੇ ਹਨ, ਉਹ ਕਿਸੇ ਅਥਾਰਟੀ ਤੋਂ ਪਾਸ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਬੱਚਿਆਂ ਨੂੰ ਅਜਿਹੀਆਂ ਥਾਵਾਂ ਤੇ ਬੈਠਣਾ ਪੈਂਦਾ ਹੈ, ਜਿਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ, ਇਸ ਲਈ ਇਸ ਬਾਰੇ ਵੀ ਮੰਤ੍ਰੀ ਜੀ ਕੋਈ ਧਿਆਨ ਦੇਣਗੇ।

ਬਾਕੀ ਉਹ ਸਕੂਲ ਜਿਹੜੇ ਧਰਮਸ਼ਾਲਾਵਾਂ even ਮੰਦਿਰ ਜਾਂ ਗੁਰਦੁਆਰਾ ਸਾਹਿਬਾਨ ਵਿੱਚ ਚੱਲ ਰਹੇ ਹਨ, ਉਥੇ ਜਦੋਂ ਕੋਈ ਫੰਕਸ਼ਨ ਹੁੰਦਾ ਹੈ ਜਾਂ ਕੋਈ ਧਾਰਮਿਕ ਪ੍ਰੋਗਰਾਮ ਆ ਗਿਆ ਤਾਂ ਉਦੋਂ ਛੁੱਟੀ, ਕੋਈ ਵਿਆਹ ਸ਼ਾਦੀ ਆ ਗਈ ਤਾਂ ਉਦੋਂ ਛੁੱਟੀ, ਕੋਈ ਮਰਗ ਹੋ ਗਈ ਤਾਂ ਉਦੋਂ ਛੁੱਟੀ। ਸੋ, ਇਹ ਬਹੁਤ ਵੱਡੀ ਮੁਸ਼ਕਲ ਹੈ। ਜਿਹੜਾ ਤੁਸੀਂ 1126 ਆਂਗਣਵਾੜੀ ਸੈਂਟਰਾਂ ਦਾ ਟੀਚਾ ਮਿੱਥਿਆ ਹੈ ਇਸ ਨੂੰ ਕਿਰਪਾ ਕਰਕੇ ਕੁਝ ਵਧਾਉ ਤਾਂ ਕਿ ਚਾਰ-ਪੰਜ ਸਾਲ ਵਿੱਚ ਸਾਰੇ ਪੰਜਾਬ ਵਿੱਚ ਇਹ ਸੈਂਟਰ ਬਣਾਏ ਜਾ ਸਕਣ। ਇਸ ਦੇ ਨਾਲ ਹੀ ਜਿਥੇ ਪੰਚਾਇਤਾਂ ਦੀਆਂ ਜ਼ਮੀਨਾਂ ਹਨ, ਪੰਚਾਇਤਾਂ ਕੋਲ ਇਨਕਮ ਹੈ, ਉਨ੍ਹਾਂ ਨੂੰ ਬਾਊਂਡ ਕੀਤਾ ਜਾਵੇ ਕਿ ਉਹ ਘੱਟੋ ਘੱਟ ਆਪਣੇ ਪਿੰਡਾਂ ਵਿੱਚ ਆਂਗਣਵਾੜੀ ਸੈਂਟਰ ਤਿਆਰ ਕਰ ਲੈਣ। ਕੀ ਮੰਤਰੀ ਜੀ ਅਜਿਹਾ ਕੋਈ ਪ੍ਰਾਵਧਾਨ ਕਰਨਗੇ ਜਿਸ ਨਾਲ ਆਪਾਂ ਲੋਕਾਂ ਨੂੰ ਇਹ ਸਹੂਲਤ ਜਲਦੀ ਤੋਂ ਜਲਦੀ ਦੇ ਸਕੀਏ।

**ਮਾਨਯੋਗ ਸਪੀਕਰ :** ਹਾਂ ਜੀ, ਜਿਆਨੀ ਸਾਹਿਬ। ਜਿਆਨੀ ਸਾਹਿਬ, ਵੈਸੇ ਤਾਂ ਪੈਸੇ ਦਾ ਮਸਲਾ ਹੈ, ਜਦੋਂ ਪੈਸਾ ਆ ਜਾਵੇਗਾ ਤਾਂ ਉਦੋਂ ਕਰ ਦਿਉ।

**ਮੰਤਰੀ :** ਸਪੀਕਰ ਸਾਹਿਬ, ਜਦੋਂ ਆਂਗਣਵਾੜੀ ਸੈਂਟਰਾਂ ਦੀ ਪਾਲਿਸੀ ਬਣੀ ਸੀ ਤਾਂ ਕਿਰਾਏ ਦੀਆਂ ਬਿਲਡਿੰਗਾਂ ਵਿਚ ਚਲਾਉਣ ਦੀ ਬਣੀ ਸੀ। ਹੁਣ ਇਹ 1126 ਬਣ ਰਹੇ ਹਨ ਤੇ ਹੁਣ ਜਿਵੇਂ ਹੌਲੀ ਹੌਲੀ ਪੈਸੇ ਆਈ ਜਾਣਗੇ ਤੇ ਬਣਾਉਂਦੇ ਜਾਵਾਂਗੇ।

**ਮਾਨਯੋਗ ਸਪੀਕਰ :** ਧੰਨਵਾਦ। ਅਗਲਾ ਸਵਾਲ, ਸ਼੍ਰੀਮਤੀ ਸੀਮਾ ਕੁਮਾਰੀ ਜੀ।

**ਸ਼੍ਰੀਮਤੀ ਸੀਮਾ ਕੁਮਾਰੀ :** ਸਰ, ਪ੍ਰਸ਼ਨ ਨੰ: 2213 ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਤੁਸੀਂ ਕੱਲ੍ਹ ਵੀ ਕਿਹਾ ਸੀ ਕਿ ਸੀਰੀਅਲ ਵਾਈਜ਼ ਸਵਾਲ ਲਏ ਜਾਣਗੇ ਪਰੰਤੂ ਹੁਣ ਫਿਰ ਸੀਰੀਅਲ ਵਾਈਜ਼ ਦਾ ਸਿਲਸਿਲਾ ਟੁੱਟ ਗਿਆ ਹੈ।

**ਮਾਨਯੋਗ ਸਪੀਕਰ :** ਮੈਂ ਸਮਝਿਆ ਨਹੀਂ?

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਜਿਹੜੇ ਸਵਾਲ ਅਸੀਂ ਦਿੱਤੇ ਹਨ, ਉਹ ਕਿੱਥੇ ਗਏ? ਤੁਸੀਂ ਕੱਲ੍ਹ ਕਿਹਾ ਸੀ ਕਿ ਸਾਰੇ ਸਵਾਲ ਸੀਰੀਅਲ ਵਾਈਜ਼ ਚੱਲ ਰਹੇ ਹਨ, ਆਹ ਵੇਖ ਲਵੋ ਕਿ ਕੀ ਇਹ ਸੀਰੀਅਲ ਵਾਈਜ਼ ਚੱਲ ਰਹੇ ਹਨ?

**ਮਾਨਯੋਗ ਸਪੀਕਰ :** ਨਹੀਂ ਜੀ, ਨਹੀਂ। ਮੈਂਬਰਾਂ ਦੇ ਸਵਾਲ ਹੁੰਦੇ ਹਨ ਤੇ ਉਨ੍ਹਾਂ ਦੀ ਲਿਸਟ ਬਣਦੀ ਹੈ ..

**ਸਰਦਾਰ ਬਲਵਿੰਦਰ ਸਿੰਘ ਬੈਂਸ :** ਆਹ ਸਵਾਲ ਨੰਬਰ ਲੱਗਿਆ ਹੋਇਆ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸੱਤ ਸਵਾਲ ਮੇਰੇ ਸਨ, ਜਿਨ੍ਹਾਂ ਵਿਚੋਂ ਇੱਕ ਵੀ ਨਹੀਂ ਆਇਆ।

**ਮਾਨਯੋਗ ਸਪੀਕਰ :** ਜੇ ਨਹੀਂ ਆਇਆ ਤਾਂ ਮੈਂ ਕੀ ਕਰ ਸਕਦਾ ਹਾਂ। ਤੁਹਾਡਾ ਸਵਾਲ ਲੇਟ ਆਇਆ ਹੋਵੇਗਾ। ਪ੍ਰਾਇਰਟੀ ਦੇਖੀ ਜਾਂਦੀ ਹੈ। ਇਹ ਨਹੀਂ ਹੈ ਕਿ ਮੈਂ ਚੁਣ ਕੇ ਸਵਾਲ ਲਗਾਉਂਦਾ ਹਾਂ। ਸਵਾਲ ਲਗਾਉਣ ਦਾ ਸਿਸਟਮ ਇਹ ਹੈ ਕਿ ਜਿਵੇਂ ਜਿਵੇਂ ਮੈਂਬਰਾਂ ਦੇ ਸਵਾਲ ਆਈ ਜਾਣੇ ਹਨ, ਉਹ ਨੰਬਰ ਅਨੁਸਾਰ ਪਿੱਛੇ ਲਗਦੇ ਰਹਿੰਦੇ ਹਨ। ਬਾਕੀ ਹੋਰ ਕੋਈ ਅਜਿਹੀ ਗੱਲ ਨਹੀਂ ਹੈ।(....ਵਿਘਨ) ਇਹ ਰੂਲਜ਼ ਦੇ ਮੁਤਾਬਕ ਲਗਦੇ ਹਨ, ਮੇਰੀ ਇਸ ਵਿੱਚ ਕੋਈ ਇੰਟਰਫੀਅਰੈਂਸ ਨਹੀਂ ਹੈ।(....ਵਿਘਨ) ਜਿਹੜੇ ਕੁਐਸਚਨ ਐਡਮਿਟ ਹੋਣ

ਵਾਲੇ ਹੁੰਦੇ ਹਨ ਉਹ ਲਏ ਜਾਂਦੇ ਹਨ...

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਸਵਾਲ 2100 ਨੰਬਰ ਤੋਂ 2213 ਨੰਬਰ ਤੇ ਚਲਿਆ ਗਿਆ। ਇਹ ਕਿਹੜਾ ਸੀਰੀਅਲ ਹੁੰਦਾ ਹੈ, ਇਹ ਦੱਸ ਦਿਉ?

**ਮਾਨਯੋਗ ਸਪੀਕਰ :** ਇਹ ਸਵਾਲ ਮੈਂਬਰਵਾਈਜ਼ ਹੁੰਦੇ ਹਨ।

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀਆਂ ਸੀਟਾਂ ਤੇ ਖੜ੍ਹੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਬੈਲਟ (ballot) ਵਿੱਚ ਨਹੀਂ ਆਉਂਦਾ। ਸਿਰਫ਼ ਪ੍ਰਾਈਵੇਟ ਮੈਂਬਰਜ਼ ਬਿਲ ਆਉਂਦਾ ਹੈ, ਉਸ ਵਾਸਤੇ ਇਹ ਲਾਗੂ ਹੁੰਦਾ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਤੁਸੀਂ ਸੈਸ਼ਨ ਦਾ ਸਮਾਂ ਹੋਰ ਵਧਾ ਲਓ ਤਾਂ ਕਿ ਸਾਰੇ ਮੈਂਬਰਜ਼ ਦੇ ਸਵਾਲ ਕੰਸਿਡਰ ਹੋ ਸਕਣ। ਜਿਹੜੇ ਇੰਪਾਰਟੈਂਸ ਵਾਲੇ ਹੁੰਦੇ ਹਨ, ਉਹ ਕੱਢ ਦਿੰਦੇ ਹੋ। (...ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਨਹੀਂ ਜੀ। ਸਾਰੇ ਮੈਂਬਰਾਂ ਦੇ ਕੁਐਸਚਨ ਲਗਦੇ ਹਨ।(...ਵਿਘਨ, ਸ਼ੋਰ) ਮੇਰਾ ਕੋਈ ਇੰਟ੍ਰਸਟ ਨਹੀਂ ਹੁੰਦਾ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਸੈਸ਼ਨ ਦੀ ਡਿਊਰੇਸ਼ਨ ਵਧਾ ਦਿਓ। ਜਦੋਂ ਅਸੀਂ ਕਹਿੰਦੇ ਹਾਂ ਕਿ ਲੰਬਾ ਸੈਸ਼ਨ ਕਰ ਲਓ ਤਾਂ ਤੁਸੀਂ ਕਹਿੰਦੇ ਹੋ ਕਿ ਡਿਸਕਸ ਕਰਨ ਵਾਲਾ ਮਸਲਾ ਹੀ ਕੋਈ ਨਹੀਂ ਹੈ।

**ਮਾਨਯੋਗ ਸਪੀਕਰ :** ਇਹ ਮੇਰੇ ਵਸ ਦੀ ਗੱਲ ਨਹੀਂ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਸਰਕਾਰ ਨੇ ਕਰਨਾ ਹੈ, ਜਿਹੜੀ ਕਹਿੰਦੀ ਹੈ ਕਿ all is well. ਪੰਜਾਬ ਵਿੱਚ ਕੋਈ ਮਸਲਾ ਡਿਸਕਸ ਕਰਨ ਵਾਲਾ ਨਹੀਂ ਹੈ।

**ਮਾਨਯੋਗ ਸਪੀਕਰ :** ਮੇਰੇ ਕੋਲ ਜੋ ਬਿਜ਼ਨਸ ਆਉਣਾ ਹੈ, ਮੈਂ ਉਹ ਕੰਡਕਟ ਕਰਨਾ ਹੈ। ਤੁਸੀਂ ਇਸ ਗੱਲ ਦਾ ਗਿਲਾ ਕਰੋ ਜੇਕਰ ਤੁਹਾਡੇ 20 ਕੁਐਸਚਨ ਨਹੀਂ ਲਗਦੇ। 10 ਕੁਐਸਚਨ ਆਪੋਜ਼ੀਸ਼ਨ ਪਾਰਟੀ ਦੇ ਅਤੇ 10 ਰੂਲਿੰਗ ਪਾਰਟੀ ਵੱਲੋਂ ਲਗਦੇ ਹਨ। (...ਵਿਘਨ, ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਹੀ ਹੈ ਕਿ ਇਸ ਸਮੇਂ ਬਹੁਤ ਇਸ਼ੂਜ਼ ਅਤੇ ਸਵਾਲ ਹਨ। ਜੇਕਰ ਇਸ ਸੈਸ਼ਨ ਦੀ ਡਿਊਰੇਸ਼ਨ ਲੰਬੀ ਹੋ ਜਾਂਦੀ ਹੈ ਤਾਂ ਸਾਰੇ ਅਕੰਮੋਡੇਟ ਹੋ ਜਾਣਗੇ।

**ਮਾਨਯੋਗ ਸਪੀਕਰ :** ਜਿਹੜੇ ਤੁਹਾਡੇ ਸਵਾਲ ਹਨ, ਉਨ੍ਹਾਂ ਦਾ ਜਵਾਬ ਤੁਹਾਨੂੰ ਸਾਰਿਆਂ ਨੂੰ ਆਵੇਗਾ। (...ਵਿਘਨ, ਸ਼ੋਰ) ਬੈਂਸ ਸਾਹਿਬ, ਜਿਹੜਾ ਸਵਾਲ ਹਾਊਸ ਵਿੱਚ ਪੇਸ਼ ਨਹੀਂ ਹੁੰਦਾ, ਉਹ ਰਿਟਨ ਅਲਾਓ ਹੋ ਜਾਂਦਾ ਹੈ ਅਤੇ ਉਸ ਦਾ ਜਵਾਬ ਮੈਂਬਰਾਂ ਨੂੰ ਚਲਾ ਜਾਂਦਾ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜਿਆਨੀ ਸਾਹਿਬ ਨੇ ਪੌਣੇ ਦੋ ਘੰਟੇ ਮੇਰੇ ਵਾਲੇ ਸਵਾਲ ਤੇ ਲਗਾਏ ਹਨ, ਮੈਂ ਕਿਸਾਨਾਂ ਦੀ ਗੱਲ ਕੀਤੀ ਸੀ, ਆਪਣੀ ਖੁਦ ਦੀ ਗੱਲ ਨਹੀਂ ਕੀਤੀ ਸੀ। ** **

(ਇਸ ਸਮੇਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਸ਼੍ਰੀ ਸੁਰਜੀਤ ਕੁਮਾਰ ਜਿਆਨੀ ਆਪਣੀ ਸੀਟ ਤੇ ਖੜ੍ਹੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਜਿਆਨੀ ਸਾਹਿਬ, ਇਸ ਤਰ੍ਹਾਂ ਬਾਕੀ ਰਹਿੰਦੇ ਕੁਐਸਚਨ ਪੁੱਟ ਨਹੀਂ ਹੋ ਸਕਣੇ। ਦੋ ਕੁਐਸਚਨ ਰਹਿੰਦੇ ਹਨ।

(ਇਸ ਸਮੇਂ ਸ਼੍ਰੀ ਸੁਨੀਲ ਜਾਖੜ ਅਤੇ ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ, ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਨਹੀਂ ਜੀ। ਅਗਲਾ ਕੁਐਸਚਨ, ਸ਼੍ਰੀਮਤੀ ਸੀਮਾ ਕੁਮਾਰੀ ਜੀ। (....ਵਿਘਨ, ਸ਼ੋਰ) ਬੈਂਸ ਸਾਹਿਬ, ਤੁਹਾਨੂੰ ਜਵਾਬ ਮਿਲ ਜਾਵੇਗਾ, ਅਜਿਹੀ ਕੋਈ ਗੱਲ ਨਹੀਂ ਹੈ।

---

## ਸਰਕਾਰੀ ਸਕੂਲਾਂ ਵਿੱਚ ਸਾਇੰਸ ਗਰੁੱਪ ਚਾਲੂ ਰੱਖਣ ਬਾਰੇ

*2213. **ਸ਼੍ਰੀਮਤੀ ਸੀਮਾ ਕੁਮਾਰੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਪਠਾਨਕੋਟ ਦੇ ਸਰਕਾਰੀ ਸੀਨੀਅਰ ਸਕੂਲ, ਘਰੋਟਾ ਅਤੇ ਬਮਿਆਲ ਵਿੱਚ ਸਾਇੰਸ ਗਰੁੱਪ ਨਹੀਂ ਹਨ,

** Expunged as ordered by the Chair.

ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸਕੂਲਾਂ ਵਿੱਚ ਸਾਇੰਸ ਗਰੁੱਪ ਕਦੋਂ ਤੱਕ ਚਾਲੂ ਕਰ ਦਿੱਤੇ ਜਾਣਗੇ?

**ਡਾਕਟਰ ਦਲਜੀਤ ਸਿੰਘ ਚੀਮਾ :** ਹਾਂ ਇਹ ਠੀਕ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘਰੋਟਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਮਿਆਲ ਵਿੱਚ ਸਾਇੰਸ ਗਰੁੱਪ ਨਹੀਂ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘਰੋਟਾ ਵਿਚ ਸਾਲ 2004 ਵਿਚ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਮਿਆਲ ਵਿਚ ਸਾਲ 2009 ਵਿਚ ਸਾਇੰਸ ਗਰੁੱਪ ਦੇ ਵਿਦਿਆਰਥੀ ਨਾ ਹੋਣ ਕਾਰਨ ਇਹ ਗਰੁੱਪ ਸ਼ਿਫਟ ਕਰ ਦਿੱਤੇ ਗਏ ਸਨ। ਹੁਣ ਜੇਕਰ ਇਨ੍ਹਾਂ ਦੋਹਾਂ ਸਕੂਲਾਂ ਵਿਚੋਂ ਕਿਸੇ ਵੀ ਸਕੂਲ ਵਿਚ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਅਰਥੀ ਸਾਇੰਸ ਪੜ੍ਹਨ ਦੇ ਇਛੁੱਕ ਹੋਣਗੇ ਤਾਂ ਉਸ ਸਕੂਲ ਵਿਚ ਸਾਇੰਸ ਗਰੁੱਪ ਸ਼ੁਰੂ ਕਰ ਦਿੱਤਾ ਜਾਵੇਗਾ।

**ਸ਼੍ਰੀਮਤੀ ਸੀਮਾ ਕੁਮਾਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਜਿਹੜਾ ਬਮਿਆਲ ਸਕੂਲ ਹੈ, ਇਹ ਬਿਲਕੁਲ ਬਾਰਡਰ ਤੇ ਹੈ। ਇਸ ਵੇਲੇ ਇੱਥੇ +1 ਵਿੱਚ 130 ਬੱਚੇ ਪੜ੍ਹ ਰਹੇ ਹਨ ਅਤੇ +2 ਵਿੱਚ 86 ਬੱਚੇ ਪੜ੍ਹ ਰਹੇ ਹਨ। ਇਸੇ ਤਰ੍ਹਾਂ ਹੀ ਘਰੋਟਾ ਦੇ ਸਕੂਲ ਵਿੱਚ +1 ਵਿੱਚ 157 ਬੱਚੇ ਅਤੇ +2 ਵਿੱਚ 163 ਬੱਚੇ ਪੜ੍ਹ ਰਹੇ ਹਨ।

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਇਸ ਦੇ ਨਾਲ ਹੀ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੇ ਹੱਥ ਵਿੱਚ ਫੜੇ ਹੋਏ ਕਾਗਜ਼ ਸਦਨ ਵਿੱਚ ਦਿਖਾ ਰਹੇ ਸਨ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਨੇ ਆਪਣੇ ਫੜੇ ਕਾਗਜ਼ਾਂ ਨੂੰ ਸਦਨ ਦੇ ਸਾਮ੍ਹਣੇ ਫਾੜਿਆ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।) (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

**Mr. Speaker :** Please sit down.

**ਸ਼੍ਰੀਮਤੀ ਸੀਮਾ ਕੁਮਾਰੀ :** ਮੈਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਇਨ੍ਹਾਂ ਸਕੂਲਾਂ ਵਿੱਚ ਸਾਇੰਸ ਗਰੁੱਪ ਦੀ ਬਹੁਤ ਜ਼ਰੂਰਤ ਹੈ.....

[ ਸ਼੍ਰੀਮਤੀ ਸੀਮਾ ਕੁਮਾਰੀ ]

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ, ਸਰਦਾਰ ਸਿਮਰਜੀਤ ਸਿੰਘ ਬੈਂਸ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਉਹ ਆਪਣੇ ਕੁਐਸਚਨਾਂ ਨੂੰ ਪੁੱਟ ਕਰਨ ਦੀ ਮੰਗ ਕਰ ਰਹੇ ਸਨ ਅਤੇ ਇਸ ਦੇ ਨਾਲ ਹੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਜੋ ਵੀ ਲਫਜ਼ ਮੇਰੀ ਪਰਮਿਸ਼ਨ ਤੋਂ ਬਗੈਰ ਬੋਲੇ ਗਏ ਹਨ, ਉਹ ਕੱਟ ਦਿੱਤੇ ਜਾਣ।

**ਸ਼੍ਰੀਮਤੀ ਸੀਮਾ ਕੁਮਾਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਨ੍ਹਾਂ ਸਕੂਲਾਂ ਵਾਸਤੇ ਸਾਇੰਸ ਗਰੁੱਪ ਸ਼ੁਰੂ ਕਰਨ ਲਈ ਕੋਈ ਟਾਈਮ ਲਿਮਟ ਫਿਕਸ ਕਰਨਗੇ?

**ਮੰਤਰੀ :** ਤੁਸੀਂ ਅਗਲੇ ਸੈਸ਼ਨ ਵਿੱਚ ਬੱਚੇ ਤਿਆਰ ਕਰ ਲਓ, ਅਸੀਂ ਸਾਇੰਸ ਗਰੁੱਪ ਸ਼ੁਰੂ ਕਰ ਦੇਵਾਂਗੇ।

**ਸ਼੍ਰੀਮਤੀ ਸੀਮਾ ਕੁਮਾਰੀ :** ਬੱਚੇ ਤਿਆਰ ਹਨ।

**ਮੰਤਰੀ :** ਸਾਇੰਸ ਗਰੁੱਪ ਬੱਚੇ ਪੂਰੇ ਨਾ ਹੋਣ ਕਰਕੇ ਸ਼ਿਫਟ ਹੋਇਆ ਹੈ। ਤੁਸੀਂ ਬੱਚਿਆਂ ਨੂੰ ਮੋਟੀਵੇਟ ਕਰੋ, ਅਸੀਂ ਗਰੁੱਪ ਸ਼ੁਰੂ ਕਰ ਦੇਵਾਂਗੇ।

**ਸ਼੍ਰੀਮਤੀ ਸੀਮਾ ਕੁਮਾਰੀ :** ਮੰਤਰੀ ਸਾਹਿਬ, ਮੈਂ ਦੱਸਿਆ ਹੈ ਕਿ ਬਮਿਆਲ ਅਤੇ ਘਰੋਟਾ ਦੇ ਸਕੂਲਾਂ ਵਿੱਚ ਬੱਚੇ ਹਨ। ਧੰਨਵਾਦ ਜੀ।

---

## ਝੋਨਾ ਕੱਟਣ ਤੋਂ ਬਾਅਦ ਕਟਰ ਫੇਰਨ ਤੇ ਰੋਕ ਲਗਾਉਣਾ

*2152. **ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੰਬਾਈਨਾਂ ਨਾਲ ਝੋਨਾ ਕੱਟਣ ਤੋਂ ਬਾਅਦ ਕਟਰ ਫੇਰਨ ਤੇ ਰੋਕ ਲਗਾਉਣ ਬਾਰੇ ਸਰਕਾਰ ਕੋਈ ਵਿਚਾਰ ਕਰ ਰਹੀ ਹੈ; ਜੇਕਰ ਵਿਚਾਰ ਕਰ ਰਹੀ ਹੈ ਤਾਂ ਇਹ ਰੋਕ ਕਦੋਂ ਤੱਕ ਲਗਾਈ ਜਾਵੇਗੀ?

**ਸਰਦਾਰ ਤੋਤਾ ਸਿੰਘ :** ਨਹੀਂ ਜੀ, ਝੋਨੇ ਦੀ ਕੰਬਾਈਨ ਨਾਲ ਕਟਾਈ ਉਪਰੰਤ, ਕਟਰ ਚਲਾਉਣ ਤੇ ਰੋਕ ਲਗਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

---

** Expunged as ordered by the Chair.

**ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ ਕਿਉਂਕਿ ਅਗਲੇ ਮਹੀਨੇ ਝੋਨੇ ਦੀ ਕਟਾਈ ਹੋਣੀ ਹੈ। ਝੋਨੇ ਦੀ ਕਟਾਈ ਤੋਂ ਬਾਅਦ ਨਾਲ ਹੀ ਕਟਰ ਦੇ ਨਾਲ ਸਾਰੇ ਟਾਂਢੇ ਕੱਟੇ ਜਾਂਦੇ ਹਨ। ਮੇਰਾ ਖਿਆਲ ਹੈ ਕਿ ਕਟਰ ਆਏ ਨੂੰ 20 ਕੁ ਸਾਲ ਹੋਏ ਹਨ। ਝੋਨਾ 40-45 ਸਾਲ ਤੋਂ ਲੱਗ ਰਿਹਾ ਹੈ। ਪਹਿਲਾਂ ਹਾਲਾਂ ਕਿ ਇੰਨੇ ਸਾਧਨ ਵੀ ਨਹੀਂ ਸਨ, ਜ਼ਮੀਨ ਤਵੀਆਂ ਨਾਲ ਹੀ ਵਾਹੀ ਜਾਂਦੀ ਸੀ। ਇਸ ਕਟਰ ਕਰਕੇ ਅੱਗ ਲਗਾਈ ਜਾਂਦੀ ਹੈ, ਜਿਸ ਨਾਲ ਕਾਫੀ ਨੁਕਸਾਨ ਹੋ ਰਹੇ ਹਨ। ਸਾਡੇ ਵਾਯੂਮੰਡਲ ਦੀ ਓਜ਼ੋਨ ਲੇਅਰ ਨੂੰ ਨੁਕਸਾਨ ਹੋ ਰਿਹਾ ਹੈ। ਏਅਰ ਪੋਲਿਊਸ਼ਨ ਹੋ ਰਿਹਾ ਹੈ, ਧੂੰਏ ਕਾਰਨ ਦਮੇ ਦੇ ਮਰੀਜ਼ਾਂ ਨੂੰ ਇਸ ਇੱਕ ਮਹੀਨੇ ਵਿੱਚ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਇਸ ਤੋਂ ਬਿਨਾਂ ਅੱਗ ਤੇ ਧੂੰਏ ਕਾਰਨ ਐਕਸੀਡੈਂਟ ਵੀ ਹੁੰਦੇ ਹਨ। ਤੀਸਰਾ, ਸਾਡੀ ਸੋਆਇਲ ਦੀ ਫਰਟੇਲਿਟੀ ਭਾਵ ਉਪਜਾਊ ਸ਼ਕਤੀ ਵੀ ਘਟਦੀ ਹੈ। ਜਿਹੜਾ ਸਾਡਾ ਆਰਗੈਨਿਕ ਮਾਦਾ ਹੈ, ਉਹ ਵੀ ਇਸ ਕਾਰਨ ਘਟਦਾ ਹੈ। ਸਰਕਾਰ ਨੇ ਬੇਸ਼ੱਕ ਬਹੁਤ ਸਾਰੇ ਯਤਨ ਇਸ ਪਾਸੇ ਕੀਤੇ ਹਨ। ਬਹੁਤ ਸਾਰੇ ਸੰਦ ਅਜਿਹੇ ਆ ਗਏ ਹਨ, ਜਿਵੇਂ ਕਿ chopper cum seeder ਆਇਆ ਹੈ, ਉਸ ਤੇ ਸਰਕਾਰ ਨੇ ਸਬਸਿਡੀ ਦਿੱਤੀ ਹੈ। ਰੋਟਾਵੇਟਰ ਤੇ ਵੀ ਸਬਸਿਡੀ ਦਿੱਤੀ ਗਈ ਹੈ। ਰੈਕੰਟਰ-ਕਮ-ਬੇਲਰ ਵੀ ਆ ਗਿਆ ਹੈ। ਅਸੀਂ ਅੱਗ ਲਗਾਉਣ ਤੇ ਤਾਂ ਪਾਬੰਦੀ ਲਗਾ ਦਿੱਤੀ ਹੈ ਲੇਕਿਨ ਅਜੇ ਤੱਕ ਕਟਰ ਤੇ ਪਾਬੰਦੀ ਨਹੀਂ ਲੱਗੀ। ਸਾਰੇ ਜ਼ਿੰਮੀਦਾਰਾਂ ਦੀ ਸਲਾਹ ਨਾਲ ਕਟਰ ਤੇ ਪਾਬੰਦੀ ਲਗਾਈ ਜਾਵੇ, ਮੈਂ ਆਪ ਵੀ ਜ਼ਿੰਮੀਦਾਰ ਹਾਂ। ਮੈਂ ਵੀ ਖੇਤੀ ਕਰਦਾ ਹਾਂ। ਅਸੀਂ ਕਾਫ਼ੀ ਜ਼ਿੰਮੀਦਾਰਾਂ ਨਾਲ ਬੈਠ ਕੇ ਗੱਲਬਾਤ ਕੀਤੀ ਹੈ। ਸਾਰੇ ਹੀ ਇਸ ਗੱਲ ਤੇ ਸਹਿਮਤ ਹਨ। ਕੀ ਕੋਈ ਨਾ ਕੋਈ ਇਸ ਤਰ੍ਹਾਂ ਜ਼ਿੰਮੀਦਾਰਾਂ ਦੀ ਰਾਇ ਨਾਲ ਇਸ ਸਬੰਧ ਵਿੱਚ ਫੈਸਲਾ ਲਿਆ ਜਾ ਸਕਦਾ ਹੈ ਕਿਉਂਕਿ ਇਸ ਤਰ੍ਹਾਂ ਨਾਲ ਅਸੀਂ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਨੂੰ ਅਤੇ ਪੰਜਾਬ ਵਿੱਚ ਜਿਨ੍ਹਾਂ ਲੋਕਾਂ ਨੂੰ ਇਸ ਧੂੰਏ ਦੇ ਕਾਰਨ ਦਮੇ ਦੀ ਬਿਮਾਰੀ ਹੋ ਰਹੀ ਹੈ, ਉਨ੍ਹਾਂ ਨੂੰ ਬਚਾ ਸਕਦੇ ਹਾਂ। ਕੀ ਇਸ ਤਰ੍ਹਾਂ ਦਾ ਕੋਈ ਫੈਸਲਾ ਲਿਆ ਜਾ ਸਕਦਾ ਹੈ?

**ਮੰਤਰੀ :** ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਜਦੋਂ ਅੱਗ ਖੇਤਾਂ ਨੂੰ ਲਗਾਈ ਜਾਂਦੀ ਹੈ ਤਾਂ ਧੂੰਆਂ ਪੈਦਾ ਹੁੰਦਾ ਹੈ ਜੋ ਕਿ ਮਨੁੱਖੀ ਜੀਵਨ ਵਾਸਤੇ ਬੜਾ ਖਤਰਨਾਕ ਹੈ। ਪੰਜਾਬ ਵਿੱਚ ਧਾਨ ਦੀ ਬਿਜਾਈ ਬਹੁਤ ਵੱਡੇ ਸਕੇਲ ਤੇ ਹੋ ਰਹੀ

[ ਖੇਤੀਬਾੜੀ ਮੰਤਰੀ ]

ਹੈ ਔਰ ਤਕਰੀਬਨ 70 ਲੱਖ ਏਕੜ ਤੋਂ ਉਤੇ, 28 ਲੱਖ ਹੈਕਟੇਅਰ ਵਿੱਚ ਝੋਨਾ ਬੀਜਿਆ ਗਿਆ ਹੈ। ਜੇ ਆਪਾਂ ਕਹਿ ਦੇਈਏ ਕਿ ਸਾਰਿਆਂ ਵਾਸਤੇ ਇਕਦਮ ਕਟਰ ਬੰਦ ਕਰਕੇ ਕੋਈ ਹੋਰ ਇੰਤਜ਼ਾਮ ਕੀਤਾ ਜਾਵੇ ਤਾਂ ਇਹ ਬੜਾ ਔਖਾ ਹੈ। ਇਹ ਕਹਿਣਾ ਸੌਖਾ ਹੈ ਪਰ ਅਜਿਹਾ ਕਰਨਾ ਬੜਾ ਔਖਾ ਹੈ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਣਕ ਦੀ ਬਿਜਾਈ ਇਸ ਤੋਂ ਵੱਧ ਹੈ, ਜੋ ਕਿ 35 ਲੱਖ ਹੈਕਟੇਅਰ ਵਿੱਚ ਹੁੰਦੀ ਹੈ। ਪਹਿਲਾਂ ਜਦੋਂ ਕੰਬਾਈਨਾਂ ਨਾਲ ਕਣਕ ਵੱਢਦੇ ਰਹੇ ਹਾਂ ਤਾਂ ਲੋਕ ਪਰਾਲੀ ਨੂੰ ਵੀ ਅੱਗ ਲਗਾਉਂਦੇ ਸੀ। ਹੁਣ ਲੋਕ ਜਾਗਰੂਕ ਹੋ ਗਏ ਹਨ। ਕਣਕ ਦੀ ਤੂੜੀ ਦੀ ਕੀਮਤ ਵਧਣ ਲੱਗ ਪਈ ਹੈ। ਤਕਰੀਬਨ ਤਿੰਨ ਤਿੰਨ ਹਜ਼ਾਰ ਰੁਪਏ ਪ੍ਰਤੀ ਏਕੜ ਕਣਕ ਦੀ ਤੂੜੀ ਵਿਕਦੀ ਹੈ। ਤਕਰੀਬਨ ਸਭ ਨੇ ਮਸ਼ੀਨਾਂ ਲੈ ਲਈਆਂ ਅਤੇ ਹੁਣ ਮਸ਼ੀਨਾਂ ਨਾਲ ਤੂੜੀ ਬਣਦੀ ਹੈ, ਕੋਈ ਖੇਤ ਵਿੱਚ ਅੱਗ ਨਹੀਂ ਲਗਾਉਂਦਾ। ਕਿਸਾਨ ਆਪਣੀ ਤੂੜੀ ਬਣਾ ਕੇ ਵੇਚਦੇ ਹਨ ਜਾਂ ਘਰ ਵਾਸਤੇ ਤੂੜੀ ਦੀ ਵਰਤੋਂ ਕਰਦੇ ਹਨ। ਮਹਿਕਮੇ ਵੱਲੋਂ ਇਸ ਤਰ੍ਹਾਂ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਹੈ।

ਪੰਜਾਬ ਵਿੱਚ ਪੀ.ਏ.ਯੂ. ਵਲੋਂ ਮਾਨਤਾ ਪ੍ਰਾਪਤ ਜਿੰਨੀਆਂ ਵੀ ਫੈਕਟਰੀਆਂ ਅਤੇ ਵਰਕਸ਼ਾਪਾਂ ਹਨ, ਉਨ੍ਹਾਂ ਤੋਂ ਕਿਸਾਨ ਆਪਣੀ ਮਰਜ਼ੀ ਦੀ ਮਸ਼ੀਨ ਲੈ ਸਕਦਾ ਹੈ, ਉਨ੍ਹਾਂ ਤੇ ਸਬਸਿਡੀ ਦਿੱਤੀ ਜਾਂਦੀ ਹੈ ਤਾਂ ਕਿ ਤੂੜੀ ਬਣਾਈ ਜਾਵੇ। ਪਹਿਲਾਂ ਕਟਰ ਨਾਲ ਕੱਟਣਾ ਪੈਂਦਾ ਹੈ, ਜਦੋਂ ਉਹ ਸੁੱਕ ਜਾਂਦਾ ਹੈ ਫਿਰ ਉਸ ਦੀ ਤੂੜੀ ਬਣਾਈ ਜਾਂਦੀ ਹੈ। ਹੁਣ ਬੇਲਾਂ ਬੰਨ੍ਹਣ ਵਾਲੀ ਸਭ ਤੋਂ ਕਾਮਯਾਬ ਮਸ਼ੀਨ ਆ ਗਈ ਹੈ। ਉਹ ਮਹਿੰਗੀ ਹੈ, ਤਕਰਬੀਨ 7-8 ਲੱਖ ਰੁਪਏ ਦੀ ਹੈ ਪਰ ਉਸ ਤੇ ਵੀ ਸਬਸਿਡੀ ਦਿੱਤੀ ਹੈ। ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਜਿਹੜੀਆਂ ਤਿੰਨ-ਚਾਰ ਕੰਪਨੀਆਂ ਹਨ, ਉਨ੍ਹਾਂ ਤੋਂ ਆਪਣੀ ਮਰਜ਼ੀ ਨਾਲ ਜਿਸ ਤੋਂ ਮਰਜ਼ੀ ਕਿਸਾਨ ਲੈ ਸਕਦਾ ਹੈ। ਉਸ ਤੇ ਸਬਸਿਡੀ ਹੈ ਪਰ ਉਸ ਦੇ ਲਈ ਫੰਡ ਸੀਮਤ ਹਨ। ਕਈ ਲੋਕਾਂ ਨੇ ਆਪਣੀ ਪੱਧਰ ਤੇ ਪ੍ਰਾਈਵੇਟ ਤੌਰ ਤੇ ਕਣਕ ਤੋਂ ਤੂੜੀ ਬਣਾਉਣ ਵਾਲੀਆਂ ਮਸ਼ੀਨਾਂ ਲਈਆਂ ਸਨ। ਹੁਣ ਪਰਾਲੀ ਤੋਂ ਤੂੜੀ ਬਣਾਉਣ ਵਾਲੀ ਮਸ਼ੀਨ ਔਰ ਬੇਲਾਂ ਬੰਨਣ ਵਾਲੀ ਮਸ਼ੀਨ, ਜਿਹੜੀ ਗੱਠਾਂ ਬੰਨ੍ਹਦੀ ਹੈ, ਉਹ ਵੀ ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਨੇ ਲਈਆਂ ਹਨ।

ਮੈਨੂੰ ਆਸ ਹੈ ਕਿ ਕਿਸਾਨ ਜਾਗਰੂਕ ਹੋਣਗੇ। ਜਿਹੜੇ ਖੁਸ਼ਹਾਲ ਕਿਸਾਨ ਹਨ, ਉਹ ਆਪਣੇ ਪੱਧਰ ਤੇ ਵੀ ਗੱਠਾਂ ਬੰਨ੍ਹਣ ਵਾਲੀ ਜਾਂ ਤੂੜੀ ਬਣਾਉਣ ਵਾਲੀ ਮਸ਼ੀਨ ਲੈ ਰਹੇ ਹਨ। ਇਸ ਮਸ਼ੀਨ ਨਾਲ ਤੂੜੀ ਬਣਦੀ ਵੀ ਬੜੀ ਸੋਹਣੀ ਹੈ।

ਝੋਨੇ ਦੀ ਕਿਸਮ 1121 ਦੀ ਤੂੜੀ ਵਿਚ ਕਣਕ ਦੀ ਤੂੜੀ ਨਾਲੋਂ ਵੀ ਵੱਧ ਪ੍ਰੋਟੀਨ ਹੈ। ਅਸੀਂ ਐਨੀਮਲ ਹਸਬੈਂਡਰੀ ਯੂਨੀਵਰਸਿਟੀ ਤੋਂ ਇਹ ਚੈੱਕ ਕਰਵਾਇਆ ਸੀ। ਪਹਿਲਾਂ ਲੋਕਾਂ ਨੂੰ ਡਰ ਪਾਇਆ ਗਿਆ ਸੀ ਕਿ ਸ਼ਾਇਦ ਪਰਾਲੀ ਦੀ ਤੂੜੀ ਖਾਣ ਨਾਲ ਡੰਗਰ ਬਿਮਾਰ ਪੈ ਜਾਂਦੇ ਹਨ ਪਰ ਇਹ ਦੇਖਿਆ ਗਿਆ ਹੈ ਕਿ ਇਸ ਤੂੜੀ ਨੂੰ ਖਾਣ ਨਾਲ ਕੋਈ ਡੰਗਰ ਬਿਮਾਰ ਨਹੀਂ ਹੁੰਦਾ। ਇਸ ਲਈ ਇਸ ਕਟਰ ਤੇ ਇਕਦਮ ਪਾਬੰਦੀ ਲਗਾਉਣੀ ਔਖੀ ਹੈ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਜੇ ਇਜ਼ਾਜ਼ਤ ਹੋਵੇ ਤਾਂ ਮੈਂ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਇਯਾਲੀ ਸਾਹਿਬ ਦਾ ਕੁਐਸਚਨ ਹੈ, ਪਹਿਲਾਂ ਉਨ੍ਹਾਂ ਨੂੰ ਆਪਣੀ ਸਪਲੀਮੈਂਟਰੀ ਕਰ ਲੈਣ ਦਿਉ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਸੁਝਾਅ ਦੇ ਲੈਣ ਦਿਉ। ਮੈਂ ਆਪਣੀ ਸਪਲੀਮੈਂਟਰੀ ਬਾਅਦ ਵਿੱਚ ਕਰ ਲਵਾਂਗਾ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਮੈਂ ਇਸ ਦਾ ਜਵਾਬ ਦੇ ਦਿੰਦਾ ਹਾਂ। ਇਸ ਤਰ੍ਹਾਂ ਹੈ ਕਿ ਤੁਹਾਡਾ ਪਹਿਲਾ ਸਵਾਲ ਵੀ ਬੜਾ ਵਧੀਆ ਸੀ, ਝੋਨਾ ਲਾਉਣ ਤੋਂ ਬਾਅਦ ਪੈਨ ਭਾਵ ਧਰਤੀ ਵਿੱਚ ਇੱਕ ਕਰੱਸਟ ਬਣ ਜਾਂਦੀ ਹੈ। ਦੂਜਾ ਸਵਾਲ ਖੇਤਾਂ ਵਿੱਚ ਅੱਗ ਲਗਾਉਣ ਕਾਰਨ ਏਅਰ ਪੋਲਿਊਸ਼ਨ ਹੋਣ ਬਾਰੇ ਹੈ, ਇਹ ਸਵਾਲ ਵੀ ਬੜਾ ਵਧੀਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਅਤੇ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਦਾ ਜਵਾਬ reversible ploughing ਹੈ, ਜਿਸ ਨੂੰ ਉਲਟਾਵਾਂ ਹੱਲ ਕਹਿੰਦੇ ਹਨ। ਮੰਤਰੀ ਜੀ, ਤੁਸੀਂ ਜਿਹੜੀ ਗੱਲ ਕੀਤੀ ਹੈ ਕਿ ਆਪਾਂ ਪਰਾਲੀ ਇਕੱਠੀ ਕਰੀਏ....

**ਮਾਨਯੋਗ ਸਪੀਕਰ :** ਪ੍ਰਸ਼ਨ ਖਤਮ ਹੁੰਦੇ ਹਨ।

---

## UNSTARRED QUESTIONS AND ANSWERS

### ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 215**

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।)

---

**Reply to this unstarred Question No. 215 has not been received till 8.7.16 i.e. the date on which this debates was sent to the Press for final printing.

## ਔਰਤਾਂ ਵਿਰੁੱਧ ਅੱਤਿਆਚਾਰਾਂ ਸਬੰਧੀ ਦਰਜ ਕੀਤੇ ਗਏ ਕੇਸ

**216. ਰਾਣਾ ਗੁਰਜੀਤ ਸਿੰਘ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

ੳ) ਸਾਲ 2012 ਤੋਂ ਹੁਣ ਤੱਕ ਔਰਤਾਂ ਨਾਲ ਜਬਰਜਨਾਹ, ਅੱਤਿਆਚਾਰ/ਤਸ਼ੱਦਦ ਦੇ ਦਰਜ ਕੀਤ ਗਏ ਕੇਸਾਂ ਦੀ ਸਾਲ-ਵਾਰ ਅਤੇ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ;

ਅ) ਉਪਰੋਕਤ ਵਰਣਿਤ ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿੱਚ ਦੋਸ਼ੀਆਂ ਨੂੰ ਅਦਾਲਤ ਦੁਆਰਾ ਸਜ਼ਾ ਦਿੱਤੀ ਗਈ ਹੈ?

**ਸਰਦਾਰ ਸੁਖਬੀਰ ਸਿੰਘ ਬਾਦਲ :** ਸ਼੍ਰੀਮਾਨ ਜੀ,

ੳ) ਸਾਲ 2012 ਤੋਂ ਹੁਣ ਤੱਕ (31.08.2015) ਔਰਤਾਂ ਨਾਲ ਜਬਰਜਨਾਹ (376 ਭ.ਦ.) ਦੇ 3146, ਅੱਤਿਆਚਾਰ/ਤਸ਼ੱਦਦ (498 ਏ ਭ.ਦ., ਘਰੇਲੂ ਹਿੰਸਾ ਐਕਟ) ਅਤੇ ਜਿਸਮਾਨੀ ਛੇੜਛਾੜ (354 ਭ.ਦ.) ਦੇ 9102 ਕੇਸ ਦਰਜ ਕੀਤੇ ਗਏ। ਇਨ੍ਹਾਂ ਕੇਸਾਂ ਦੀ ਸਾਲ-ਵਾਰ ਅਤੇ ਜ਼ਿਲ੍ਹਾ-ਵਾਰ ਗਿਣਤੀ ਅਨੁਲੱਗ 'ੳ' ਉੱਤੇ ਦਿੱਤੀ ਗਈ ਹੈ।

ਅ) ਉਪਰੋਕਤ ਵਰਣਿਤ ਕੇਸਾਂ ਵਿਚੋਂ 783 ਕੇਸਾਂ ਵਿੱਚ ਅਦਾਲਤ ਦੁਆਰਾ ਸਜ਼ਾ ਦਿੱਤੀ ਗਈ ਹੈ।

ੲ) ਸਰਕਾਰ ਦੁਆਰਾ ਅਜਿਹੇ ਖਤਰੇ ਨੂੰ ਠੱਲ੍ਹ ਪਾਉਣ ਲਈ ਚੁੱਕੇ ਗਏ ਕਦਮ ਅਨੁਲੱਗ 'ਅ' ਤੇ ਨੱਥੀ ਹਨ।

---

ਅਨੁਲੱਗ- 'ੳ'

ਸਾਲ 2012 ਤੋਂ ਲੈ ਕੇ 31.08.2015 ਤੱਕ ਜਿਲ੍ਹਾ ਵਾਰ ਜਬਰਜਨਾਹ, ਘਰੇਲੂ ਹਿੰਸਾ (ਪੀ) ਐਕਟ, ਛੇੜ-ਛਾੜ ਅਤੇ ਦਹੇਜ ਸਬੰਧੀ ਦਰਜ ਹੋਏ ਮੁਕੱਦਮਿਆਂ ਦੀ ਗਿਣਤੀ।

| ਜਿਲ੍ਹਾ | ਜਬਰਜਨਾਹ | | | | ਘਰੇਲੂ ਹਿੰਸਾ | | | | ਛੇੜ-ਛਾੜ-354 ਭ.ਦ | | | | ਦਹੇਜ ਸਬੰਧੀ ਦਰਜ ਹੋਏ ਮੁਕੱਦਮੇ (498-ਏ ਭ.ਦ) | | | | ਕੁੱਲ ਜਬਰਜਨਾਹ ਦੇ ਮੁਕੱਦਮੇ | ਕੁੱਲ(ਘਰੇਲੂ ਹਿੰਸਾ, ਛੇੜ-ਛਾੜ ਅਤੇ ਦਹੇਜ ਸਬੰਧੀ ਮੁਕੱਦਮੇ) |
|---|---|---|---|---|---|---|---|---|---|---|---|---|---|---|---|---|---|---|
| | 2012 | 2013 | 2014 | 2015 | 2012 | 2013 | 2014 | 2015 | 2012 | 2013 | 2014 | 2015 | 2012 | 2013 | 2014 | 2015 | | |
| ਕਮਿਸ਼ਨਰ ਅੰਮ੍ਰਿਤਸਰ | 27 | 29 | 34 | 13 | 1 | 0 | 2 | 0 | 14 | 53 | 45 | 25 | 105 | 101 | 150 | 74 | 103 | 570 |
| ਕਮਿਸ਼ਨਰ ਜਲੰਧਰ | 33 | 41 | 49 | 26 | 0 | 0 | 0 | 0 | 17 | 78 | 77 | 58 | 107 | 162 | 108 | 73 | 149 | 678 |
| ਕਮਿਸ਼ਨਰ ਲੁਧਿਆਣਾ | 89 | 109 | 111 | 71 | 1 | 0 | 0 | 0 | 30 | 81 | 98 | 90 | 135 | 140 | 158 | 99 | 360 | 832 |
| ਤਰਨਤਾਰਨ | 23 | 34 | 29 | 23 | 0 | 1 | 0 | 1 | 10 | 43 | 48 | 29 | 38 | 34 | 52 | 34 | 109 | 290 |
| ਅੰਮ੍ਰਿਤਸਰ (ਦਿਹਾਤੀ) | 18 | 34 | 31 | 36 | 0 | 0 | 0 | 0 | 12 | 60 | 78 | 42 | 49 | 50 | 53 | 36 | 119 | 382 |
| ਗੁਰਦਾਸਪੁਰ | 14 | 23 | 26 | 13 | 0 | 0 | 0 | 0 | 11 | 41 | 37 | 14 | 45 | 44 | 47 | 23 | 76 | 262 |
| ਬਟਾਲਾ | 25 | 31 | 30 | 20 | 0 | 1 | 0 | 0 | 10 | 26 | 36 | 21 | 19 | 35 | 37 | 27 | 106 | 212 |
| ਪਠਾਨਕੋਟ | 13 | 11 | 11 | 9 | 0 | 0 | 0 | 0 | 2 | 10 | 11 | 19 | 25 | 32 | 80 | 43 | 44 | 221 |
| ਜਲੰਧਰ (ਦਿਹਾਤੀ) | 29 | 39 | 31 | 21 | 0 | 0 | 0 | 0 | 34 | 61 | 37 | 28 | 53 | 71 | 32 | 27 | 120 | 333 |
| ਹੁਸ਼ਿਆਰਪੁਰ | 33 | 38 | 43 | 30 | 0 | 0 | 0 | 0 | 14 | 54 | 41 | 42 | 70 | 154 | 93 | 70 | 142 | 538 |
| ਕਪੂਰਥਲਾ | 16 | 30 | 29 | 17 | 0 | 0 | 0 | 0 | 8 | 40 | 33 | 28 | 46 | 62 | 59 | 28 | 92 | 303 |
| ਪਟਿਆਲਾ | 44 | 56 | 38 | 35 | 0 | 0 | 0 | 0 | 24 | 18 | 22 | 82 | 86 | 20 | 175 | 81 | 173 | 486 |
| ਸੰਗਰੂਰ | 34 | 56 | 57 | 32 | 0 | 0 | 0 | 0 | 24 | 29 | 34 | 38 | 40 | 24 | 85 | 42 | 179 | 316 |
| ਬਰਨਾਲਾ | 25 | 17 | 31 | 20 | 0 | 0 | 0 | 0 | 4 | 13 | 22 | 23 | 14 | 47 | 27 | 17 | 93 | 187 |
| ਲੁਧਿਆਣਾ (ਦਿਹਾਤੀ) | 11 | 17 | 14 | 5 | 1 | 0 | 0 | 0 | 5 | 84 | 86 | 17 | 23 | 159 | 30 | 18 | 47 | 403 |
| ਖੰਨਾ | 14 | 18 | 23 | 12 | 0 | 0 | 0 | 0 | 3 | 48 | 54 | 11 | 18 | 63 | 38 | 23 | 65 | 258 |
| ਫਤਿਹਗੜ੍ਹ ਸਾਹਿਬ | 15 | 17 | 26 | 16 | 0 | 0 | 0 | 0 | 3 | 11 | 17 | 22 | 21 | 17 | 28 | 31 | 74 | 150 |
| ਰੂਪਨਗਰ | 22 | 30 | 21 | 15 | 0 | 0 | 0 | 0 | 13 | 29 | 52 | 25 | 15 | 27 | 37 | 23 | 88 | 221 |
| ਐਸ.ਏ.ਐਸ. ਨਗਰ | 23 | 51 | 59 | 30 | 0 | 0 | 0 | 0 | 31 | 92 | 57 | 34 | 127 | 191 | 74 | 81 | 163 | 687 |
| ਸ਼ਹੀਦ ਭਗਤ ਸਿੰਘ ਨਗਰ | 21 | 21 | 20 | 12 | 0 | 0 | 0 | 0 | 3 | 13 | 18 | 10 | 25 | 31 | 35 | 19 | 74 | 154 |
| ਫਿਰੋਜ਼ਪੁਰ | 15 | 17 | 55 | 16 | 0 | 0 | 0 | 0 | 4 | 8 | 31 | 32 | 43 | 48 | 45 | 29 | 103 | 240 |
| ਫਰੀਦਕੋਟ | 17 | 20 | 24 | 17 | 0 | 0 | 0 | 0 | 11 | 29 | 16 | 27 | 20 | 21 | 16 | 10 | 78 | 150 |
| ਮੋਗਾ | 23 | 29 | 29 | 13 | 0 | 0 | 0 | 0 | 14 | 22 | 38 | 24 | 25 | 24 | 27 | 14 | 94 | 189 |
| ਫਾਜ਼ਿਲਕਾ | 32 | 34 | 52 | 28 | 0 | 0 | 0 | 0 | 1 | 14 | 18 | 29 | 36 | 33 | 59 | 27 | 144 | 217 |
| ਮੁਕਤਸਰ | 18 | 18 | 29 | 16 | 0 | 0 | 0 | 0 | 10 | 20 | 24 | 14 | 30 | 39 | 26 | 28 | 81 | 191 |
| ਬਠਿੰਡਾ | 44 | 52 | 58 | 38 | 0 | 1 | 0 | 0 | 19 | 57 | 77 | 41 | 55 | 86 | 74 | 39 | 190 | 452 |
| ਮਾਨਸਾ | 22 | 18 | 22 | 14 | 0 | 0 | 0 | 0 | 9 | 16 | 22 | 19 | 23 | 23 | 39 | 36 | 78 | 187 |
| ਜੀ.ਆਰ.ਪੀ. ਪਟਿਆਲਾ | 0 | 2 | 1 | 1 | 0 | 0 | 0 | 0 | 0 | 5 | 3 | 3 | 0 | 0 | 0 | 0 | 4 | 11 |
| ਕੁੱਲ | 680 | 888 | 981 | 597 | 3 | 3 | 2 | 1 | 340 | 1045 | 1113 | 526 | 1293 | 1741 | 1681 | 1054 | 3146 | 9102 |

[ ਉਪ ਮੁੱਖ ਮੰਤਰੀ ]

## ਅਨੁਲੱਗ 'ਅ'

ਸਾਲ 2012 ਤੋਂ ਲੈ ਕੇ 31.08.2015 ਤੱਕ ਜ਼ਿਲ੍ਹਾ ਵਾਰ ਜਬਰਜਨਾਹ, ਘਰੇਲੂ ਹਿੰਸਾ (ਪੀ) ਐਕਟ, ਛੇੜ-ਛਾੜ ਅਤੇ ਦਹੇਜ ਸਬੰਧੀ ਸਜ਼ਾ ਜ਼ਾਬਤਾ ਕੇਸਾਂ ਦੀ ਗਿਣਤੀ।

| ਜ਼ਿਲ੍ਹਾ | ਜਬਰਜਨਾਹ | | | | ਘਰੇਲੂ ਹਿੰਸਾ | | | | ਛੇੜ-ਛਾੜ-354 ਭ.ਦ | | | | ਦਹੇਜ ਸਬੰਧੀ ਦਰਜ ਹੋਏ ਮੁਕੱਦਮੇ (498-ਏ ਭ.ਦ) | | | | ਕੁੱਲ ਜਬਰਜਨਾਹ ਦੇ ਮੁਕੱਦਮੇ | ਕੁੱਲ(ਘਰੇਲੂ ਹਿੰਸਾ, ਛੇੜ-ਛਾੜ ਅਤੇ ਦਹੇਜ ਸਬੰਧੀ ਮੁਕੱਦਮੇ) |
|---|---|---|---|---|---|---|---|---|---|---|---|---|---|---|---|---|---|---|
| | 2012 | 2013 | 2014 | 2015 | 2012 | 2013 | 2014 | 2015 | 2012 | 2013 | 2014 | 2015 | 2012 | 2013 | 2014 | 2015 | | |
| ਕਮਿਸ਼ਨਰ ਅੰਮ੍ਰਿਤਸਰ | 5 | 14 | 16 | 0 | 0 | 0 | 0 | 0 | 1 | 2 | 4 | 0 | 2 | 1 | 0 | 0 | 35 | 10 |
| ਕਮਿਸ਼ਨਰ ਜਲੰਧਰ | 12 | 3 | 2 | 0 | 0 | 0 | 0 | 0 | 0 | 4 | 2 | 0 | 0 | 0 | 0 | 0 | 17 | 6 |
| ਕਮਿਸ਼ਨਰ ਲੁਧਿਆਣਾ | 12 | 53 | 22 | 22 | 0 | 0 | 0 | 0 | 3 | 4 | 9 | 5 | 6 | 8 | 9 | 3 | 109 | 47 |
| ਤਰਨਤਾਰਨ | 8 | 5 | 1 | 0 | 0 | 0 | 0 | 0 | 1 | 3 | 0 | 0 | 0 | 0 | 0 | 0 | 14 | 4 |
| ਅੰਮ੍ਰਿਤਸਰ (ਦਿਹਾਤੀ) | 3 | 9 | 7 | 0 | 0 | 0 | 0 | 0 | 1 | 4 | 0 | 0 | 0 | 0 | 0 | 0 | 19 | 5 |
| ਗੁਰਦਾਸਪੁਰ | 2 | 5 | 6 | 0 | 0 | 0 | 0 | 0 | 1 | 0 | 0 | 0 | 0 | 0 | 0 | 0 | 13 | 1 |
| ਬਟਾਲਾ | 7 | 1 | 2 | 0 | 0 | 0 | 0 | 0 | 0 | 1 | 0 | 0 | 0 | 0 | 0 | 0 | 10 | 1 |
| ਪਠਾਨਕੋਟ | 4 | 5 | 4 | 1 | 0 | 0 | 0 | 0 | 1 | 1 | 0 | 0 | 0 | 0 | 0 | 0 | 14 | 2 |
| ਜਲੰਧਰ (ਦਿਹਾਤੀ) | 3 | 5 | 0 | 0 | 0 | 0 | 0 | 0 | 1 | 2 | 1 | 0 | 0 | 0 | 0 | 0 | 8 | 4 |
| ਹੁਸ਼ਿਆਰਪੁਰ | 8 | 6 | 3 | 0 | 0 | 0 | 0 | 0 | 0 | 3 | 1 | 0 | 0 | 0 | 0 | 0 | 17 | 4 |
| ਕਪੂਰਥਲਾ | 7 | 3 | 2 | 0 | 0 | 0 | 0 | 0 | 0 | 0 | 0 | 0 | 1 | 1 | 1 | 0 | 12 | 3 |
| ਪਟਿਆਲਾ | 16 | 14 | 12 | 0 | 0 | 0 | 0 | 0 | 0 | 8 | 3 | 0 | 0 | 0 | 0 | 0 | 42 | 11 |
| ਸੰਗਰੂਰ | 15 | 24 | 10 | 2 | 0 | 0 | 0 | 0 | 1 | 4 | 4 | 0 | 0 | 1 | 0 | 0 | 51 | 10 |
| ਬਰਨਾਲਾ | 9 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 9 | 0 |
| ਲੁਧਿਆਣਾ (ਦਿਹਾਤੀ) | 2 | 0 | 0 | 0 | 0 | 0 | 0 | 0 | 0 | 1 | 0 | 0 | 0 | 0 | 0 | 0 | 2 | 1 |
| ਖੰਨਾ | 1 | 1 | 0 | 0 | 0 | 0 | 0 | 0 | 0 | 1 | 0 | 0 | 1 | 1 | 0 | 0 | 2 | 3 |
| ਫਤਿਹਗੜ੍ਹ ਸਾਹਿਬ | 6 | 4 | 7 | 0 | 0 | 0 | 0 | 0 | 0 | 3 | 0 | 0 | 0 | 0 | 0 | 0 | 17 | 3 |
| ਰੂਪਨਗਰ | 7 | 7 | 3 | 0 | 0 | 0 | 0 | 0 | 1 | 2 | 1 | 0 | 0 | 1 | 0 | 0 | 17 | 5 |
| ਐਸ.ਏ.ਐਸ. ਨਗਰ | 10 | 10 | 8 | 0 | 0 | 0 | 0 | 0 | 2 | 3 | 0 | 0 | 1 | 1 | 0 | 0 | 28 | 7 |
| ਸ਼ਹੀਦ ਭਗਤ ਸਿੰਘ ਨਗਰ | 8 | 2 | 3 | 0 | 0 | 0 | 0 | 0 | 0 | 0 | 2 | 0 | 1 | 0 | 0 | 0 | 13 | 3 |
| ਫਿਰੋਜ਼ਪੁਰ | 5 | 1 | 1 | 0 | 0 | 0 | 0 | 0 | 0 | 0 | 1 | 3 | 0 | 0 | 0 | 0 | 7 | 4 |
| ਫਰੀਦਕੋਟ | 9 | 4 | 3 | 1 | 0 | 0 | 0 | 0 | 0 | 3 | 2 | 0 | 0 | 0 | 0 | 0 | 17 | 5 |
| ਮੋਗਾ | 4 | 11 | 7 | 3 | 0 | 0 | 0 | 0 | 1 | 1 | 11 | 3 | 1 | 1 | 1 | 0 | 25 | 19 |
| ਫਾਜ਼ਿਲਕਾ | 10 | 20 | 9 | 0 | 0 | 0 | 0 | 0 | 0 | 6 | 0 | 0 | 2 | 2 | 2 | 0 | 39 | 12 |
| ਮੁਕਤਸਰ | 4 | 6 | 4 | 0 | 0 | 0 | 0 | 0 | 0 | 1 | 1 | 0 | 0 | 0 | 0 | 0 | 14 | 2 |
| ਬਠਿੰਡਾ | 10 | 12 | 5 | 0 | 0 | 0 | 0 | 0 | 5 | 1 | 3 | 0 | 0 | 0 | 0 | 0 | 27 | 9 |
| ਮਾਨਸਾ | 8 | 3 | 4 | 0 | 0 | 0 | 0 | 0 | 2 | 1 | 3 | 0 | 1 | 0 | 0 | 0 | 15 | 7 |
| ਜੀ.ਆਰ.ਪੀ ਪਟਿਆਲਾ | 0 | 2 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 2 | 0 |
| ਕੁੱਲ | 195 | 230 | 141 | 29 | 0 | 0 | 0 | 0 | 21 | 69 | 48 | 11 | 16 | 17 | 13 | 3 | 585 | 188 |

## ਅਨੁਲੱਗ-ਅ

## ਇਸਤਰੀਆਂ ਵਿਰੁੱਧ ਜੁਰਮ ਨੂੰ ਰੋਕਣ ਲਈ ਚੁੱਕੇ ਕਦਮ

- "ਡਾਇਲ 181" ਪੰਜਾਬ ਪੁਲਿਸ ਹੈਲਪਲਾਇਨ ਮਿਤੀ 22.08.2013 ਨੂੰ ਨਾਗਰਿਕਾਂ ਅਤੇ ਖਾਸ ਕਰਕੇ ਇਸਤਰੀਆਂ ਜਿਹਨਾਂ ਨੂੰ ਪੁਲਿਸ ਸਟੇਸ਼ਨਾਂ ਅਤੇ ਪੁਲਿਸ ਦਫਤਰਾਂ ਵਿੱਚ ਜਾਤੀ ਤੌਰ ਤੇ ਜਾਣ ਵਿੱਚ ਝਿਜਕ ਮਹਿਸੂਸ ਹੁੰਦੀ ਸੀ, ਦੀ ਮਦਦ ਲਈ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਾਰਾ ਦਿਨ 24 ਘੰਟੇ ਲਈ ਸ਼ੁਰੂ ਕੀਤੀ ਗਈ।

- ਨਾਜੁਕ ਕਿਸਮ ਦੇ ਕੇਸਾਂ ਅਤੇ ਸ਼ਿਕਾਇਤਾਂ ਨੂੰ ਹਰ ਵਕਤ ਅੱਛਾ ਰਿਸਪੋਂਸ ਦੇਣ ਨੂੰ ਯਕੀਨੀ ਬਣਾਉਣ ਲਈ ਪੁਲਿਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਅਲੱਰਟ ਕੀਤਾ ਜਾ ਰਿਹਾ ਹੈ। ਇਸਤਰੀਆਂ ਦੀਆਂ ਸ਼ਿਕਾਇਤਾਂ ਕਮਿਸ਼ਨਰ ਪੁਲਿਸ ਅਤੇ ਐਸ.ਐਸ.ਪੀਜ਼ ਦੇ ਪੱਧਰ ਤੇ ਮੌਨੀਟਰ ਕੀਤੀਆਂ ਜਾਂਦੀਆਂ ਹਨ ਅਤੇ ਇਹਨਾਂ ਵਿਚੋਂ ਗੰਭੀਰ ਕਿਸਮ ਦੀਆਂ ਸ਼ਿਕਾਇਤਾਂ ਨੂੰ ਏ.ਡੀ.ਜੀ.ਪੀ. ਲਾਅ ਐਂਡ ਆਰਡਰ ਦੇ ਪੱਧਰ ਤੇ ਰੋਜਾਨਾ ਮੌਨੀਟਰ ਕੀਤਾ ਜਾਂਦਾ ਹੈ।

- ਉਪਰੋਕਤ ਦਰਸਾਈ ਹੈਲਪਲਾਇਨ ਨੂੰ ਪਹਿਲਾਂ ਦਿੱਤੀ ਜਾਂਦੀ ਪਬਲੀਸਿਟੀ ਤੋਂ ਇਲਾਵਾ ਪੁਲਿਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਸ ਹੈਲਪਲਾਈਨ "181" ਨੂੰ ਸਾਰੀਆਂ ਜਨਤਕ ਥਾਵਾਂ ਤੇ ਲੋਕ ਸੰਪਰਕ ਵਿਭਾਗ ਨਾਲ ਤਾਲਮੇਲ ਕਰਕੇ ਜ਼ਿਲ੍ਹਾ ਅਤੇ ਕਮਿਸ਼ਨਰੇਟ ਪੱਧਰ ਤੇ ਇਸ ਦੀ ਪਬਲੀਸਿਟੀ ਨੂੰ ਯਕੀਨੀ ਬਣਾਉਣ।

- ਸਾਰੇ ਪੁਲਿਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਇਹ ਵੀ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਜ਼ਿਲ੍ਹਾ ਅਤੇ ਕਮਿਸ਼ਨਰੇਟ ਪੁਲਿਸ ਵਿੱਚ ਸਪੈਸ਼ਲ ਤੌਰ ਤੇ ਸਿਖਲਾਈ ਪ੍ਰਾਪਤ ਮਹਿਲਾ ਪੁਲਿਸ ਕਰਮਚਾਰਨਾਂ ਦੇ ਸਪੈਸ਼ਲ ਸਕੁਆਡ ਅਤੇ ਸੈਕਸ਼ੂਅਲ ਅਸਾਲਟ ਰਿਸਪੌਂਸ ਟੀਮਾਂ ਬਣਾਉਣ ਜਿਹਨਾਂ ਨੂੰ ਤਸੱਲੀਬਖਸ਼ ਗੱਡੀਆਂ ਮੁਹੱਈਆ ਕਰਵਾਈਆਂ ਜਾਣ ਅਤੇ ਉਹਨਾਂ ਦੇ ਕੰਮ ਕਰਨ ਦੇ ਏਰੀਏ ਨਿਸ਼ਚਤ ਕੀਤੇ ਜਾਣ। ਇਹ ਸਕੁਆਡ/ਟੀਮਾਂ ਪੜ੍ਹਾਈ ਸੰਸਥਾਵਾਂ/ਸਕੂਲਾਂ ਅਤੇ ਹੋਰ ਨਾਜੁਕ ਕਿਸਮ ਦੀਆਂ ਥਾਵਾਂ ਤੇ ਤਾਇਨਾਤ ਕੀਤੀਆਂ ਜਾਣ ਤਾਂ ਕਿ ਇਹਨਾਂ ਥਾਵਾਂ ਤੇ ਇਹਨਾਂ ਦੀ ਤਾਇਨਾਤੀ/ਮੌਜੂਦਗੀ ਨਾਲ ਔਰਤਾਂ ਵਿਰੁੱਧ ਕੀਤੇ ਜਾਂਦੇ ਜੁਰਮ ਤੇ ਰੋਕ ਲਾਈ ਜਾ ਸਕੇ ਅਤੇ ਡਰ ਪੈਦਾ

[ ਉਪ ਮੁੱਖ ਮੰਤਰੀ ]

ਕੀਤਾ ਜਾ ਸਕੇ।

• ਜ਼ਿਲ੍ਹਾ ਪੱਧਰ ਤੇ ਮੌਜੂਦਾ ਇਸਤਰੀ ਪੁਲਿਸ ਮੁਲਾਜਮਾਂ ਵਿਚੋਂ ਬਣਾਈਆਂ ਗਈਆਂ ਸਪੈਸ਼ਲ ਮੋਬਾਇਲ ਇਸਤਰੀ ਸਕੁਆਡਜ਼/ਟੀਮਾਂ ਪੜ੍ਹਾਈ ਸੰਸਥਾਵਾਂ ਅਤੇ ਹੋਰ ਨਾਜੁਕ ਥਾਵਾਂ/ਸੰਸਥਾਵਾਂ ਤੇ ਇਸਤੀਆਂ ਵਿਰੁੱਧ ਕੀਤੇ ਜਾਂਦੇ ਜੁਰਮ ਤੇ ਰੋਕ ਦਾ ਕੰਮ ਕਰ ਰਹੀਆਂ ਹਨ।

• 5 ਡੀ.ਐਸ.ਪੀ., 21 ਸਬ ਇਸਪੈਕਟਰ ਅਤੇ 467 ਲੇਡੀ ਸਿਪਾਹੀਆਂ ਨੇ ਮਹਾਰਾਜਾ ਰਣਜੀਤ ਸਿੰਘ, ਪੰਜਾਬ ਪੁਲਿਸ ਅਕੈਡਮੀ, ਫਿਲੌਰ ਵਿਖੇ ਆਪਣੀ ਬੇਸਿਕ ਟ੍ਰੇਨਿੰਗ ਪੂਰੀ ਕਰ ਲਈ ਹੈ ਅਤੇ ਮਿਤੀ: 21.03.2015 ਨੂੰ ਪਾਸ ਆਊਟ ਕਰ ਲਿਆ ਹੈ। ਹੁਣੇ ਜਿਹੇ ਇਹਨਾਂ ਲੇਡੀ ਪੁਲਿਸ ਮੁਲਾਜਮਾਂ ਦੀ ਜ਼ਿਲ੍ਹਿਆਂ ਵਿੱਚ ਤਾਇਨਾਤੀ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ 103 ਲੇਡੀ ਸਬ ਇੰਸਪੈਕਟਰਜ਼ ਹੋਰ ਭਰਤੀ ਕੀਤੀਆਂ ਗਈਆਂ ਹਨ ਅਤੇ ਬੇਸਿਕ ਟ੍ਰੇਨਿੰਗ ਪੂਰੀ ਕਰਨ ਤੋਂ ਬਾਅਦ ਇਹਨਾਂ ਦੀ ਵੀ ਜ਼ਿਲ੍ਹਿਆਂ ਵਿੱਚ ਤਾਇਨਾਤੀ ਕਰ ਦਿੱਤੀ ਜਾਵੇਗੀ। ਇਸ ਤਰ੍ਹਾਂ ਇਸਤਰੀਆਂ ਵਿਰੁੱਧ ਹੋਣ ਵਾਲੇ ਜੁਰਮ ਦੀ ਤਫ਼ਤੀਸ਼ ਅਤੇ ਰੋਕ ਨੂੰ ਤਸੱਲੀਬਖਸ਼ ਅਤੇ ਲੌੜੀਂਦੀ ਹੱਦ ਤੱਕ ਲਾਗੂ ਕਰਨ ਲਈ ਲੋੜੀਂਦੇ ਯਤਨ ਕੀਤੇ ਜਾ ਰਹੇ ਹਨ।

• ਜ਼ਿਲ੍ਹਾ ਪੱਧਰ ਤੇ ਪੰਜ ਮਾਲੀਆ ਜ਼ਿਲ੍ਹਿਆਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਬਠਿੰਡਾ ਵਿਚ ਨੋਟੀਫ਼ਾਈਡ ਵੋਮੈਨ ਪੁਲਿਸ ਸਟੇਸ਼ਨ ਸਥਾਪਿਤ ਕੀਤੇ ਗਏ ਜੋ ਪੂਰੀ ਤਰ੍ਹਾਂ ਔਰਤਾਂ ਵਿਰੁੱਧ ਜੁਰਮ ਨੂੰ ਹੀ ਡੀਲ ਕਰਦੇ ਹਨ। ਇਸ ਤੋਂ ਇਲਾਵਾ ਸਮੂਹ ਕਮਿਸ਼ਨਰੇਟਸ ਅਤੇ ਜ਼ਿਲ੍ਹਿਆਂ ਵਿੱਚ ਵੋਮੈਨ ਸੈਲ ਐਸ.ਪੀ. ਰੈਂਕ ਦੀ ਦੇਖ-ਰੇਖ ਵਿੱਚ ਸਥਾਪਿਤ ਕੀਤੇ ਗਏ ਹਨ। ਇਹ ਵਿਆਹ/ਸ਼ਾਦੀਆਂ ਸਬੰਧੀ ਝਗੜਿਆਂ ਨੂੰ ਡੀਲ ਕਰਦੇ ਹਨ। ਐਡਵਾਈਜ਼ਰੀ ਕਮੇਟੀ, ਜ਼ਿਨ੍ਹਾਂ ਵਿੱਚ ਆਮ ਲੋਕਾਂ, ਡਾਕਟਰਾਂ, ਪ੍ਰੋਫੈਸਰਾਂ ਅਤੇ ਵਕੀਲਾਂ ਨੂੰ ਸਲਾਹ ਦੇਣ ਲਈ ਗਠਿਤ ਕੀਤੀਆਂ ਗਈਆਂ ਹਨ। ਇਨ੍ਹਾਂ ਕਮੇਟੀਆਂ ਦੀ ਹਫ਼ਤੇ ਵਿੱਚ ਚਾਰ ਦਿਨ ਬੈਠਕ ਹੁੰਦੀ ਹੈ ਜੋ ਕੌਂਸਲਿੰਗ ਰਾਹੀਂ ਔਰਤਾਂ ਸਬੰਧੀ ਝਗੜਿਆਂ ਨੂੰ ਨਿਪਟਾਉਂਦੀਆਂ ਹਨ।

• ਸਮੂਹ ਜ਼ਿਲ੍ਹਿਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਔਰਤਾਂ ਸਬੰਧੀ ਝਗੜਿਆਂ ਬਾਰੇ ਸ਼ਿਕਾਇਤਾਂ ਉੱਤੇ ਪਹਿਲ ਦੇ ਅਧਾਰ ਤੇ ਕਾਰਵਾਈ ਕੀਤੀ ਜਾਵੇ।

• ਸਰਕਾਰੀ ਦਫ਼ਤਰਾਂ ਅਤੇ ਦੂਜੇ ਅਦਾਰਿਆਂ ਜਿੱਥੇ ਔਰਤਾਂ ਕੰਮ ਕਰਦੀਆਂ ਹਨ ਅਤੇ ਹੋਰ ਦੂਜੀਆਂ ਥਾਵਾਂ ਜਿਵੇਂ ਕਿ ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਦੂਜੀਆਂ ਭੀੜ-ਭੜੱਕੇ ਵਾਲੀਆਂ ਥਾਵਾਂ ਤੇ ਪੁਲਿਸ ਪੈਟਰੋਲਿੰਗ ਦਾ ਪ੍ਰਬੰਧ ਕੀਤਾ ਗਿਆ ਹੈ।

• ਔਰਤਾਂ ਵਿਰੁੱਧ ਜੁਰਮ ਨੂੰ ਰੋਕਣ ਲਈ ਭਾਰਤ ਸਰਕਾਰ, ਗ੍ਰਹਿ ਮਾਮਲੇ, ਨਵੀਂ ਦਿੱਲੀ ਤੋਂ ਪ੍ਰਾਪਤ ਅਡਵਾਇਜ਼ਰੀਆਂ ਸਮੇਂ-ਸਮੇਂ ਸਿਰ ਸਮੂਹ ਜ਼ਿਲ੍ਹਿਆਂ ਨੂੰ ਜਰੂਰੀ ਕਾਰਵਾਈ ਲਈ ਭੇਜੀਆਂ ਜਾਂਦੀਆਂ ਹਨ ਤਾਂ ਕਿ ਇਹੋ ਜਿਹੇ ਜੁਲਮਾਂ ਨੂੰ ਰੋਕਿਆ ਜਾ ਸਕੇ।

• ਸਮੂਹ ਆਈ.ਜੀ.ਪੀ. ਜ਼ੋਨਜ਼, ਸਮੂਹ ਕਮਿਸ਼ਨਰ ਪੁਲਿਸ ਅਤੇ ਸਮੂਹ ਐਸ.ਐਸ.ਪੀਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਇਹ ਸੁਨਿਸ਼ਚਤ ਕੀਤਾ ਜਾਵੇ ਕਿ ਜਦੋਂ ਔਰਤਾਂ ਉੱਤੇ ਜੁਰਮ ਸਬੰਧੀ ਘਟਨਾ ਵਾਪਰਦੀ ਹੈ ਤਾਂ ਖੁਦ ਹਲਕਾ ਡੀ.ਐਸ.ਪੀ. ਅਤੇ ਮੁੱਖ ਅਫ਼ਸਰ ਤੁਰੰਤ ਜ਼ਿਲ੍ਹੇ ਦੇ ਕਮਿਸ਼ਨਰੇਟ/ਐਸ.ਐਸ.ਪੀ. ਦੇ ਧਿਆਨ ਵਿਚ ਲਿਆਵੇ।

------

## ਨਵੀਆਂ ਐਂਬੂਲੈਂਸਾਂ ਮੁਹੱਈਆ ਕਰਵਾਉਣ ਸਬੰਧੀ

**217. ਸ਼੍ਰੀ ਸੁੰਦਰ ਸ਼ਾਮ ਅਰੋੜਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ 5 ਸਾਲਾਂ ਦੌਰਾਨ ਸਰਕਾਰੀ ਹਸਪਤਾਲਾਂ ਵਿੱਚ ਕਿੰਨੀਆਂ ਨਵੀਆਂ ਏ.ਸੀ. ਜਾਂ ਨਾਨ ਏ.ਸੀ. (Non-A.C) ਐਂਬੂਲੈਂਸਾਂ ਪਾਈਆਂ ਗਈਆਂ ਹਨ?

**ਸ਼੍ਰੀ ਸੁਰਜੀਤ ਕੁਮਾਰ ਜਿਆਣੀ :** ਸ਼੍ਰੀਮਾਨ ਜੀ, ਪਿਛਲੇ 5 ਸਾਲਾਂ ਦੌਰਾਨ, ਸਾਲ 2010 ਵਿਚ ਸਰਕਾਰੀ ਹਸਪਤਾਲਾਂ ਲਈ 50 (ਪੰਜਾਹ) ਨਵੀਆਂ (ਨਾਨ-ਏ.ਸੀ.) ਐਂਬੂਲੈਂਸਾਂ ਮੁਹੱਈਆ ਕਰਵਾਈਆਂ ਗਈਆਂ ਹਨ।

---

**ਮਾਨਯੋਗ ਸਪੀਕਰ :** ਅਗਲੀ ਆਈਟਮ, ਧਿਆਨ ਦਿਵਾਊ ਨੋਟਿਸ, ਸਰਦਾਰ ਚਰਨਜੀਤ ਸਿੰਘ ਚੰਨੀ ਜੀ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਹੁਣ ਜ਼ੀਰੋ ਆਵਰ ਦਾ ਟਾਈਮ ਹੈ।

**ਮਾਨਯੋਗ ਸਪੀਕਰ :** ਤੁਸੀਂ ਜ਼ੀਰੋ ਆਵਰ ਪਹਿਲਾਂ ਕਰਨਾ ਚਾਹੁੰਦੇ ਹੋ?

**ਸ੍ਰੀ ਸੁਨੀਲ ਜਾਖੜ :** ਤੁਸੀਂ ਪਹਿਲਾਂ ਕੀ ਕਰਨਾ ਚਾਹੁੰਦੇ ਹੋ?

**ਮਾਨਯੋਗ ਸਪੀਕਰ :** ਮੈਂ ਪਹਿਲਾਂ ਧਿਆਨ ਦਿਵਾਊ ਨੋਟਿਸ ਲੈਣੇ ਸੀ।

**ਸ੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ ** **

**ਮਾਨਯੋਗ ਸਪੀਕਰ :** ਨਹੀਂ ਜੀ, ਇਸ ਤਰ੍ਹਾਂ ਨਹੀਂ ਹੈ। ਇਹ ਪ੍ਰਾਸੈਸ ਵਾਲੇ ਲਫਜ਼ ਐਕਸਪੰਜ ਕਰ ਦਿੱਤੇ ਜਾਣ ਜੀ। ਜ਼ੀਰੋ ਆਵਰ, ਹਾਂ ਜੀ ਸਰਦਾਰ ਬਲਬੀਰ ਸਿੰਘ ਸਿੱਧੂ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੋਹਾਲੀ ਦੇ ਇਰਦ-ਗਿਰਦ ਲੋਕਾਂ ਨੇ ਕਈ ਹਾਊਸਿੰਗ ਕੋਆਪਰੇਟਿਵ ਸੁਸਾਇਟੀਆਂ ਬਣਾਈਆਂ ਹਨ। ਜਿਨ੍ਹਾਂ ਵਿਚੋਂ ਇੱਕ ਸਕਾਈ ਰੌਕ ਸੁਸਾਇਟੀ ਹੈ....

**ਮਾਨਯੋਗ ਸਪੀਕਰ :** ਇਕ ਮਿੰਟ ਸਿੱਧੂ ਸਾਹਿਬ, ਮੈਨੂੰ ਇਕ ਗੱਲ ਯਾਦ ਆਈ ਹੈ। ਜਾਖੜ ਸਾਹਿਬ, ਜਿਹੜੇ ਤੁਹਾਡੇ ਪ੍ਰਸ਼ਨ ਹੁੰਦੇ ਹਨ, ਉਹ ਪ੍ਰਸ਼ਨ ਪ੍ਰੋਪੋਸ਼ਨੇਟਲੀ ਲਗਦੇ ਹਨ। ਮੇਰੇ ਮਨ ਵਿਚ ਇਹੋ ਜਿਹੀ ਕੋਈ ਗੱਲ ਨਹੀਂ ਹੈ ਕਿ ਪ੍ਰਸ਼ਨ ਇਧਰੋਂ (ਰੂਲਿੰਗ ਪਾਰਟੀ ਵੱਲੋਂ) ਆਉਂਦੇ ਹਨ ਜਾਂ ਉੱਧਰੋਂ (ਆਪੋਜ਼ੀਸ਼ਨ ਪਾਰਟੀ ਵੱਲੋਂ) ਆਉਂਦੇ ਹਨ। ਮੈਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਹੁੰਦਾ। ਬੈਂਸ ਸਾਹਿਬ, ਮੈਂ ਤੁਹਾਡੀ ਗੱਲ ਦਾ ਜਵਾਬ ਦੇਣ ਲੱਗਿਆ ਹਾਂ। ਤੁਹਾਡੇ ਜਿੰਨੇ ਵੀ ਪ੍ਰਸ਼ਨ ਹਨ, ਮੈਂ ਰਿਕਾਰਡ ਵੇਖਿਆ ਹੈ, ਉਹ ਲਾਸਟ ਡੇਟਾਂ ਵਿਚ ਆਉਂਦੇ ਹਨ। ਜਦੋਂ ਸੈਸ਼ਨ ਖਤਮ ਹੁੰਦਾ ਹੈ, ਉਸ ਤੋਂ ਬਾਅਦ ਤੁਸੀਂ ਪ੍ਰਸ਼ਨ ਦੇਣੇ ਸ਼ੁਰੂ ਕਰ ਸਕਦੇ ਹੋ। ਜੇਕਰ ਤੁਹਾਡੇ ਪ੍ਰਸ਼ਨ ਹੀ ਲਾਸਟ ਡੇਟਾਂ ਵਿਚ ਆਉਣਗੇ ਤਾਂ ਫਿਰ ਮੈਂ ਕੀ ਕਰ ਸਕਦਾ ਹਾਂ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ** **

**ਮਾਨਯੋਗ ਸਪੀਕਰ:** ਨਹੀਂ ਜੀ, ਮੈਂ ਜਾਣਬੁੱਝ ਕੇ ਨਹੀਂ ਕਰਦਾ। ਉਹ ਪ੍ਰਪੋਸ਼ਨੇਟਲੀ ਲਗਦੇ ਹਨ। ਤੁਸੀਂ ਮੇਰੇ ਕੋਲ ਆ ਜਾਇਓ, ਮੈਂ ਤੁਹਾਨੂੰ ਦੱਸ ਦਿਆਂਗਾ ਕਿ ਕਿਹੜੇ ਪ੍ਰੋਸੀਜ਼ਰ ਨਾਲ ਸਵਾਲ ਲਗਦੇ ਹਨ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ** **

** Expunged as ordered by the Chair.

**ਮਾਨਯੋਗ ਸਪੀਕਰ :** ਜੇਕਰ ਕੋਈ ਮੈਂਬਰ 20 ਸਵਾਲ ਦਿੰਦਾ ਹੈ ਤਾਂ ਉਸ ਦੇ 20 ਸਵਾਲ ਥੋੜ੍ਹਾ ਲੱਗ ਜਾਣਗੇ। ਇਹ ਤਾਂ ਸੀਰੀਅਲ ਵਾਈਜ਼ ਲੱਗਣੇ ਹਨ। ਪ੍ਰੋਪੋਸ਼ਨੇਟਲੀ ਉਸ ਦੇ ਨੰਬਰ ਲੱਗਣੇ ਹਨ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਅਜ਼ਾਦ ਦਾ ਮਤਲਬ ਇਹ ਨਹੀਂ ਹੈ ਕਿ ਉਸੇ ਦਿਨ ਸਵਾਲ ਦੇ ਦਿਓ ਅਤੇ ਮੈਂ ਲਗਾ ਦਿਆਂਗਾ। ਮੈਨੂੰ ਸਾਰਾ ਪ੍ਰਾਸੈਸ ਦੇਖਣਾ ਪੈਂਦਾ ਹੈ। ਮੈਨੂੰ ਤੁਹਾਡੇ ਨਾਲ ਕੁਝ ਨਹੀਂ ਹੈ। ਹਾਂ ਜੀ, ਸਿੱਧੂ ਸਾਹਿਬ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ, ਕਿਉਂਕਿ ਇਹ ਮਹਿਕਮਾ ਇਨ੍ਹਾਂ ਦੇ ਕੋਲ ਹੈ।

**ਮਾਨਯੋਗ ਸਪੀਕਰ :** ਬੈਂਸ ਸਾਹਿਬ ਵੱਲੋਂ ਜੋ ਕੁਝ ਬੋਲਿਆ ਗਿਆ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ।

---

## MATTERS RAISED DURING ZERO HOUR AND STATEMENTS MADE BY CHIEF MINISTER/ MINISTERS THEREON

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੋਹਾਲੀ ਵਿਚ ਬਹੁਤ ਸਾਰੀਆਂ ਕੋਆਪਰੇਟਿਵ ਸੋਸਾਇਟੀਆਂ ਬਣੀਆਂ ਹੋਈਆਂ ਹਨ। ਇਸ ਵਿੱਚ ਕੁਝ ਲੋਕਾਂ ਨੇ ਆਪਣੇ ਇਜਾਰੇਦਾਰੀ ਬਣਾਈ ਹੋਈ ਹੈ। ਉਹ ਥੋੜ੍ਹੀ ਬਹੁਤ ਜ਼ਮੀਨ ਖਰੀਦ ਲੈਂਦੇ ਹਨ ਅਤੇ ਬਾਹਰ ਆਪਣਾ ਬੋਰਡ ਲਗਾ ਕੇ ਸੋਸਾਇਟੀ ਬਣਾ ਕੇ ਲੋਕਾਂ ਤੋਂ ਕਰੋੜਾਂ ਰੁਪਿਆ ਇਕੱਠਾ ਕਰਦੇ ਹਨ। ਜਦੋਂ 40-50 ਕਰੋੜ ਰੁਪਿਆ ਇਕੱਠਾ ਹੋ ਜਾਂਦਾ ਹੈ ਤਾਂ ਉਹ ਫਰਾਰ ਹੋ ਜਾਂਦੇ ਹਨ। ਇਕ ਵੈਂਬਲੇ ਕੋਆਪਰੇਟਿਵ ਸੋਸਾਇਟੀ ਹੈ, ਇਕ ਸਕਾਈਰੌਕ, ਇਕ ਯੂ.ਕੇ. ਸੋਸਾਇਟੀ ਹੈ ਅਤੇ ਇਕ ਯੂਨਾਈਟਡ ਸੋਸਾਇਟੀ ਹੈ, ਜਿਨ੍ਹਾਂ ਨੇ ਲੋਕਾਂ ਨਾਲ ਤਕਰੀਬਨ 200-250 ਕਰੋੜ ਦਾ ਫਰਾਡ ਕੀਤਾ ਹੋਇਆ ਹੈ। ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਦੀ ਬਕਾਇਦਾ ਵਿਜੀਲੈਂਸ ਇਨਕੁਆਰੀ ਕਰਵਾਈ ਜਾਵੇ ਅਤੇ ਜਿਹੜੇ ਇਨ੍ਹਾਂ ਸੋਸਾਇਟੀਆਂ ਦੇ ਪ੍ਰਧਾਨ

** Expunged as ordered by the Chair.

[ ਸਰਦਾਰ ਬਲਬੀਰ ਸਿੰਘ ਸਿੱਧੂ ]

ਹਨ, ਉਨ੍ਹਾਂ ਵਿਚੋਂ ਬਹੁਤ ਸਾਰੇ ਦੇਸ਼ ਛੱਡ ਕੇ ਚਲੇ ਗਏ ਹਨ। ਇਨ੍ਹਾਂ ਦੀ ਜਗ੍ਹਾ ਤੇ ਸਰਕਾਰ ਵੱਲੋਂ ਪ੍ਰਬੰਧਕ ਲਗਾਏ ਜਾਣ ਤਾਂ ਕਿ ਲੋਕਾਂ ਨੂੰ ਇਨਸਾਫ਼ ਮਿਲ ਸਕੇ। ਜਿਹੜਾ ਮਕਾਨ 12 ਲੱਖ ਦਾ ਸੀ, ਉਸ ਦਾ 50-50 ਲੱਖ ਰੁਪਿਆ ਵੀ ਇਹ ਲੈ ਚੁੱਕੇ ਹਨ ਪਰ ਲੋਕਾਂ ਨੂੰ ਮਕਾਨ ਫੇਰ ਵੀ ਨਹੀਂ ਮਿਲੇ। ਇਸ ਲਈ ਇਹ ਬਹੁਤ ਜ਼ਰੂਰੀ ਅਤੇ ਅਹਿਮ ਮੁੱਦਾ ਹੈ। ਇਸ ਵਿਚ ਸਰਕਾਰੀ ਮੁਲਾਜ਼ਮ ਅਤੇ ਰਿਟਾਇਰੀ ਵੀ ਫਸੇ ਹੋਏ ਹਨ। ਇਨ੍ਹਾਂ ਸੋਸਾਇਟੀਆਂ ਵਾਲਿਆਂ ਨੂੰ ਸਰਕਾਰ ਦੀ ਪੁਸ਼ਤਪਨਾਹੀ ਹਾਸਲ ਹੈ। ਇਹ ਸਭ ਸਰਕਾਰ ਦੀ ਸ਼ਹਿ ਤੇ ਠੱਗੀਆਂ ਮਾਰ ਰਹੇ ਹਨ।

**ਮਾਨਯੋਗ ਸਪੀਕਰ :** ਤੁਹਾਡਾ ਪੁਆਇੰਟ ਆ ਗਿਆ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਮਾਮਲਾ ਹੈ। ਮੈਂ ਇਸ ਗੱਲ ਦੀ ਮੰਗ ਕਰਦਾ ਹਾਂ ਕਿ ਕੀ ਸੀ.ਐਮ. ਸਾਹਿਬ ਇਸ ਗੱਲ ਦੀ ਇਨਕੁਆਰੀ ਕਰਵਾਉਣਗੇ?

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ ਸਾਨੂੰ ਐਮ.ਐਲ.ਏਜ਼ ਨੂੰ ਵੀ ਲੁੱਟ ਲਿਆ ਹੈ, ਇਸ ਦੀ ਇਨਕੁਆਇਰੀ ਕਰਵਾਓ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮੈਨੂੰ ਲਿਖ ਕੇ ਦੇ ਦੇਣ, ਮੈਂ ਇਸ ਦੀ ਇਨਕੁਆਇਰੀ ਕਰਵਾ ਦਿਆਂਗਾ।

**ਮਾਨਯੋਗ ਸਪੀਕਰ :** ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਤੁਸੀਂ ਲਿਖ ਕੇ ਦੇ ਦਿਓ ਤਾਂ ਇਨਕੁਆਇਰੀ ਕਰਵਾ ਦੇਣਗੇ। ਹਾਂ ਜੀ, ਸ਼੍ਰੀ ਰਜਨੀਸ਼ ਕੁਮਾਰ ਜੀ।

**ਸ਼੍ਰੀ ਰਜਨੀਸ਼ ਕੁਮਾਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਦਾ ਧਿਆਨ ਸਾਡੇ ਮੁਕੇਰੀਆਂ ਹਲਕੇ ਦੇ ਹਰੀਪੁਰ ਬਲਾਕ ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਥੇ ਇਲਲੀਗਲ ਮਾਈਨਿੰਗ ਬੜੇ ਜ਼ੋਰਾਂ ਤੇ ਹੋ ਰਹੀ ਹੈ। ਕੋਰਟ ਦੀ ਸਟੇਅ ਦੇ ਬਾਵਜੂਦ 27.07.2015 ਨੂੰ ਮਾਈਨਿੰਗ ਅਫ਼ਸਰ ਅਤੇ ਪੁਲਿਸ ਅਫ਼ਸਰ ਮੌਕੇ ਤੇ ਗਏ, ਜਿਥੇ ਦੋ ਕਰੈਸ਼ਰਾਂ (ਮੀਰੀ ਪੀਰੀ ਅਤੇ ਸਤਿਗੁਰ ਤੇਰੀ ਓਟ) ਨੂੰ ਬੰਦ ਕਰਵਾਇਆ। ਮਾਈਨਿੰਗ ਅਫ਼ਸਰ ਕਹਿ ਕੇ ਗਿਆ ਸੀ ਕਿ ਖੱਡਿਆਂ ਨੂੰ ਭਰਤੀ ਪਾ ਕੇ ਬੰਦ ਕਰ ਦਿਓ। ਹਰੀਪੁਰ ਦੇ

ਐਸ.ਐਚ.ਓ ਦਾ ਦਫਤਰ ਦਿਨੇ ਤਾਂ ਬੰਦ ਰਹਿੰਦਾ ਹੈ ਤੇ ਰਾਤ ਨੂੰ 11 ਵਜੇ ਉਹ ਉਥੋਂ ਗੱਡੀਆਂ ਕੱਢਣੀਆਂ ਸ਼ੁਰੂ ਕਰ ਦਿੰਦੇ ਹਨ। ਇਥੋਂ ਤੱਕ ਹੀ ਨਹੀਂ, ਸਪੀਕਰ ਸਾਹਿਬ, ਜਿਹੜੀਆਂ ਟਿਊਬਵੈੱਲ ਕਾਰਪੋਰੇਸ਼ਨ ਦੀਆਂ ਪਾਈਪਾਂ, ਜਿਸ ਨਾਲ 70-80 ਏਕੜ ਜ਼ਮੀਨ ਦੀ ਸਿੰਜਾਈ ਹੁੰਦੀ ਹੈ, ਉਹ ਪਾਈਪਾਂ ਵੀ ਉਨ੍ਹਾਂ ਨੇ ਪੁੱਟ ਦਿੱਤੀਆਂ ਹਨ। 60 ਫੁੱਟ ਤੋਂ 80 ਫੁੱਟ ਤੱਕ ਉਥੇ ਟੋਏ ਪਏ ਹੋਏ ਹਨ। ਸ਼ਾਹ ਨਹਿਰ ਜਿਸ ਤੇ ਹਰੀਪੁਰ ਡਿਸਟਰੀਬਿਊਟਰੀ ਹੈ ਉਸ ਤੇ ਕਾਂਜੂਪੀਰ, ਛਿੱਬੇਚੱਕ, ਭਵਨਾਲ ਪਿੰਡ ਹਨ, ਉਸ ਨਹਿਰ ਦੇ ਉੱਤੋਂ ਵੱਡੀਆਂ ਗੱਡੀਆਂ ਲੰਘ ਨਹੀਂ ਸਕਦੀਆਂ। ਤੁਸੀਂ ਜਾਣਦੇ ਹੀ ਹੋ ਕਿ ਪੁਰਾਣੇ ਸਮੇਂ ਵਿੱਚ ਪਰਮਿਟ ਲੈਣਾ ਪੈਂਦਾ ਸੀ ਜਦੋਂ ਕਿਸੇ ਨਹਿਰ ਦੇ ਉਪਰੋਂ ਗੱਡੀ ਕੱਢਣੀ ਹੁੰਦੀ ਸੀ ਪਰ ਹੁਣ ਉਥੋਂ ਵੱਡੀਆਂ ਗੱਡੀਆਂ ਲੰਘਦੀਆਂ ਹਨ ਅਤੇ ਉਹ ਵੀ ਰਾਤ ਦੇ ਟਾਈਮ, ਸਟੇਅ ਹੋਣ ਦੇ ਬਾਵਜੂਦ। ਲੋਕ ਉਥੇ ਧਰਨਾ ਲਗਾਉਂਦੇ ਹਨ ਤਾਂ ਪੁਲਿਸ ਦੇ 40-50 ਬੰਦੇ ਆ ਕੇ ਉਨ੍ਹਾਂ ਨੂੰ ਫੜ ਲੈਂਦੇ ਹਨ। ਰਾਤ ਨੂੰ ਫੇਰ ਛੱਡ ਦਿੰਦੇ ਹਨ ਤੇ ਫਿਰ ਉਹ ਉਥੋਂ ਗੱਡੀਆਂ ਕੱਢਣੀਆਂ ਸ਼ੁਰੂ ਕਰ ਦਿੰਦੇ ਹਨ। ਜਿਹੜੀ Wakf Board ਦੀ 8-9 ਏਕੜ ਜ਼ਮੀਨ ਸੀ ਉਥੇ ਵੀ 70-80 ਫੁੱਟ ਟੋਏ ਪੈ ਗਏ ਹਨ। ਜਦੋਂ ਕਿ ਮਾਲ ਮਹਿਕਮਾ 6 ਮਹੀਨੇ ਬਾਅਦ ਗਿਰਦਾਵਰੀ ਕਰਕੇ ....

**ਮਾਨਯੋਗ ਸਪੀਕਰ :** ਤੁਹਾਡਾ ਸਪੈਸੇਫਿਕ ਕੁਐਸਚਨ ਕੀ ਹੈ?

**ਸ਼੍ਰੀ ਰਜਨੀਸ਼ ਕੁਮਾਰ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਕਰੈਸ਼ਰ ਬੰਦ ਹੋਣੇ ਚਾਹੀਦੇ ਹਨ ਜਿਹੜੇ ਇਲਲੀਗਲ ਤੌਰ ਤੇ ਮਾਈਨਿੰਗ ਕਰਦੇ ਹਨ। ਜੇਕਰ ਮੌਕਾ ਦੇਖਿਆ ਜਾਵੇ ਤਾਂ 70-80 ਫੁੱਟ ਟੋਏ ਪਏ ਹੋਏ ਹਨ। ਜੇਕਰ ਉਸ ਵਿੱਚ ਕੋਈ ਡੰਗਰ ਗਿਰ ਗਿਆ ਜਾਂ ਨਿਆਣਾ ਗਿਰ ਗਿਆ ਤਾਂ ਨੁਕਸਾਨ ਪਹੁੰਚ ਸਕਦਾ ਹੈ। ਇਸ ਲਈ ਸੀ.ਐਮ. ਸਾਹਿਬ ਧਿਆਨ ਦੇਣ। ਮੇਰੀ ਬੇਨਤੀ ਹੈ ਕਿ ਇਨ੍ਹਾਂ ਕਰੈਸ਼ਰਾਂ ਨੂੰ ਬੰਦ ਕਰਵਾ ਦਿੱਤਾ ਜਾਵੇ। ਇਹ ਸਾਰਿਆਂ ਨੂੰ ਪਤਾ ਹੀ ਹੈ ਕਿ ਕਰੈਸ਼ਰ ਕਿਸ ਦੇ ਹਨ।

**ਮਾਨਯੋਗ ਸਪੀਕਰ :** ਤੁਹਾਡਾ ਪੁਆਇੰਟ ਆ ਗਿਆ ਜੀ। ਬੈਠ ਜਾਓ। ਹਾਂ ਜੀ, ਸ਼੍ਰੀ ਸੁਨੀਲ ਜਾਖੜ ਜੀ।

**ਸ਼੍ਰੀ ਸੁਨੀਲ ਜਾਖੜ** : ਧੰਨਵਾਦ, ਸਪੀਕਰ ਸਾਹਿਬ। ਅੱਜ ਦਾ ਇਸ਼ੂ ਬਹੁਤ ਹੀ ਅਰਜੈਂਟ ਹੈ। ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਇਹ ਲੈ ਕੇ ਆਉਣਾ ਚਾਹੁੰਦਾ ਹਾਂ ਕਿ ਤੁਹਾਡਾ ਟਾਈਮ ਖਰਾਬ ਨਾ

[ ਸ਼੍ਰੀ ਸੁਨੀਲ ਜਾਖੜ ]

ਹੋਵੇ ਇਸ ਵਾਸਤੇ ਅਸੀਂ ਕਾਲ ਅਟੈਂਸ਼ਨ ਦੇ ਹਿਸਾਬ ਨਾਲ ਇੱਕ ਤੋਹਫੇ ਦੀ ਟੋਕਰੀ ਲੈ ਕੇ ਤੁਹਾਡੇ ਲਈ ਅੱਜ ਬਾਹਰ ਗੇਟ ਤੇ ਖੜ੍ਹੇ ਸੀ। ਬਹੁਤ ਸਾਰੀਆਂ ਗੱਲਾਂ ਜਿਹੜੀਆਂ ਸੀ.ਐਮ. ਸਾਹਿਬ ਤੋਂ ਮੈਂ ਸਿੱਖੀਆਂ ਹਨ ਉਨ੍ਹਾਂ ਵਿੱਚੋਂ ਇੱਕ ਇਹ ਵੀ ਹੈ ਕਿ he is very punctual. ਪਹਿਲਾਂ ਜਦੋਂ ਅਸੀਂ ਕਾਂਗਰਸ ਵਾਲਿਆਂ ਨੇ ਇਨ੍ਹਾਂ ਦੀ ਕੋਠੀ ਦੇ ਮੂਹਰੇ ਧਰਨਾ ਲਾਇਆ ਸੀ, ਅਸੀਂ ਇਨ੍ਹਾਂ ਤੋਂ ਟਾਈਮ ਲਿਆ ਸੀ। ਉਸ ਵੇਲੇ ਅਸੀਂ ਅੱਧਾ ਘੰਟੇ ਲੇਟ ਹੋ ਗਏ ਸੀ, ਇਹ ਆਪਣੀ ਕੋਠੀ ਟਾਈਮ ਤੇ ਪਹੁੰਚ ਗਏ ਸਨ ਅਤੇ ਥੋੜ੍ਹੀ ਦੇਰ ਬਾਅਦ ਉਠ ਕੇ ਚਲੇ ਗਏ ਸਨ। ਅੱਜ ਅਸੀਂ ਪਹਿਲਾਂ ਤੋਂ ਬਾਹਰ ਖੜ੍ਹੇ ਸੀ ਪਰ ਸੀ.ਐਮ. ਸਾਹਿਬ ਪਹਿਲੀ ਵਾਰ he has come late. ਅਸੀਂ ਟੋਕਰੀ ਇਸ ਲਈ ਲੈ ਕੇ ਖੜ੍ਹੇ ਸੀ ਤਾਂਕਿ ਤੁਹਾਡਾ ਟਾਈਮ ਨਾ ਵੇਸਟ ਹੋਵੇ। ਹੁਣ ਮੈਂ ਆਮ ਆਦਮੀ ਦੀ ਗੱਲ ਕਰਨ ਲੱਗਿਆ ਹਾਂ। ਸਾਡੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਸਾਹਿਬ ਇਥੇ ਬੈਠੇ ਹਨ। ਪਿਛਲੇ ਅਪ੍ਰੈਲ ਤੋਂ ਦਾਲਾਂ ਨਹੀਂ ਮਿਲੀਆਂ। ਇਕ ਸਾਲ ਪੰਜ ਮਹੀਨੇ ਹੋ ਗਏ ਹਨ, ਜਿਹੜੀ 20/- ਰੁਪਏ ਕਿਲੋ ਦੇ ਹਿਸਾਬ ਨਾਲ ਦਾਲਾਂ ਦੇਣ ਦੀ ਗੱਲ ਕੀਤੀ ਗਈ ਸੀ, ਅੱਜ ਤੱਕ ਉਹ ਦਾਲ ਨਹੀਂ ਮਿਲ ਰਹੀ। ਅੱਜ ਮੂੰਗ ਦੀ ਦਾਲ 110/- ਰੁਪਏ ਬਜ਼ਾਰ ਵਿੱਚ ਮਿਲ ਰਹੀ ਹੈ। ਪਿਆਜ 70/- ਰੁਪਏ ਕਿਲੋ, ਗਰੀਬ ਦੇ ਘਰ ਵਿੱਚ ਕਿਧਰੋਂ ਦਾਲ ਆਏਗੀ ਅਤੇ ਕਿਧਰੋਂ ਗਰੀਬ ਦਾ ਚੁੱਲ੍ਹਾ ਜਲੇਗਾ। ਅਸੀਂ ਗਰੀਬਾਂ ਦੀਆਂ ਗੱਲਾਂ ਕਰੀ ਜਾਂਦੇ ਹਾਂ ਪਰ ਉਸ ਮੁੱਦੇ ਤੇ ਬਹਿਸ ਹੋਣੀ ਚਾਹੀਦੀ ਸੀ। ਮੈਂ ਸਮ-ਅੱਪ ਕਰਨਾ ਚਾਹੁੰਦਾ ਹਾਂ। ਕੱਲ੍ਹ ਵੀ ਇਹ ਕਿਹਾ ਜਾ ਰਿਹਾ ਸੀ ਕਿ ਬਦਲਾਅ ਆ ਗਿਆ ਹੈ, ਚੰਗੇ ਦਿਨ ਆ ਗਏ ਹਨ। ਚੰਗੇ ਦਿਨਾਂ ਲਈ ਹੋ ਕੀ ਰਿਹਾ ਹੈ? ਕਈਆਂ ਦੇ ਚੰਗੇ ਦਿਨ ਆ ਵੀ ਗਏ ਹਨ। ਇਸ ਵਾਸਤੇ ਮੈਂ ਤੁਹਾਨੂੰ ਫਿੱਗਰਾਂ ਦੇ ਰਿਹਾ ਹਾਂ।

**ਮਾਨਯੋਗ ਸਪੀਕਰ :** ਆਪਾਂ ਇਸ ਗੱਲ ਤੇ ਲੈਕਚਰ ਨਹੀਂ ਕਰਨਾ ਹੈ। ਤੁਹਾਡਾ ਪੁਆਇੰਟ ਆ ਗਿਆ ਹੈ।

**ਸ਼੍ਰੀ ਸੁਨੀਲ ਜਾਖੜ :** ਪਿਛਲੇ ਸਾਲ ਨਾਲੋਂ ਇਸ ਸਾਲ ਪਿਆਜ ਦੀ ਫਸਲ ਘੱਟੋ ਘੱਟ 20 ਲੱਖ ਟਨ ਫਾਲਤੂ ਹੈ।

**ਮਾਨਯੋਗ ਸਪੀਕਰ :** ਹੁਣ ਬਹਿਸ ਦਾ ਟਾਈਮ ਨਹੀਂ ਹੈ ਜਦੋਂ ਆਵੇਗਾ ਉਦੋਂ ਤੁਸੀਂ ਸਾਰੇ ਇਸ਼ੂਜ਼ ਨੂੰ ਇਕੱਠਾ ਹੀ ਡਿਸਕਸ ਕਰ ਲੈਣਾ। ਤੁਹਾਡਾ ਦਾਲ ਦਾ ਪੁਆਇੰਟ ਸੀ, ਉਹ ਆ ਗਿਆ ਹੈ।

**ਸ਼੍ਰੀ ਸੁਨੀਲ ਜਾਖੜ** : ਸਪੀਕਰ ਸਾਹਿਬ, ਬਿਜਲੀ ਦੇ ਸਰਚਾਰਜ ਉੱਤੇ 5% ਸੈਸ ਲਗਾ ਦਿੱਤਾ ਹੈ। ਮਾਰਚ ਤੱਕ ਇਸ ਸਰਕਾਰ ਨੇ 12 ਲੱਖ 38 ਹਜ਼ਾਰ ਟਨ ਆਲੂ ਐਕਸਪੋਰਟ ਕੀਤਾ ਹੈ। ਫੇਰ ਵੀ ਅੱਜ ਆਲੂਆਂ ਦੀ ਘਾਟ ਹੈ।

**ਮਾਨਯੋਗ ਸਪੀਕਰ :** ਤੁਸੀਂ ਇੰਨੇ ਸਮਝਦਾਰ ਹੋ, ਇੰਟੈਲੀਜੈਂਟ ਹੋ। ਇਹ ਤੁਹਾਨੂੰ ਵੀ ਪਤਾ ਹੈ ਕਿ ਇਹ ਕੋਈ ਡਿਬੇਟ ਦਾ ਟਾਈਮ ਨਹੀਂ ਹੈ ਜੀ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਫਿਰ ਕਦੋਂ ਡਿਬੇਟ ਕਰਾਂਗੇ? 6 ਮਹੀਨੇ ਤੇ ਗੱਲ ਪੈ ਜਾਣੀ ਹੈ। ਇਸ ਤੋਂ ਬਾਅਦ ਤਾਂ ਬਜਟ ਸੈਸ਼ਨ ਹੋਵੇਗਾ। (...ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਗੱਲ ਨਹੀਂ ਹੈ। (....ਸ਼ੋਰ) This is not the way.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜੇ ਇਸ ਤੇ ਬਹਿਸ ਨਹੀਂ ਕਰ ਸਕਦੇ ਤਾਂ ਕਿਸ ਤੇ ਕਰਾਂਗੇ? (....ਵਿਘਨ)

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਥੋੜ੍ਹਾ ਹੈ ਕਿ ਅਸੀਂ ਬਹਿਸ ਕਰਨੀ ਹੈ। ਹਾਂ ਜੀ, ਸੇਖੜੀ ਸਾਹਿਬ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਸ਼ੁਕਰੀਆ। ਤੁਸੀਂ ਮੈਨੂੰ ਜ਼ੀਰੋ ਆਵਰ ਤੇ ਸਮਾਂ ਦਿੱਤਾ। ਮੇਰੇ ਦੋ ਛੋਟੇ-ਛੋਟੇ ਇਸ਼ੂ ਹਨ।

**ਮਾਨਯੋਗ ਸਪੀਕਰ :** ਦੋ ਨਹੀਂ ਜੀ, ਸਿਰਫ ਇੱਕ ਹੀ ਕਰੋ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਬਟਾਲਾ ਹਲਕੇ ਵਿੱਚ ਜਿਹੜਾ ਬਟਾਲਾ ਸਿਟੀ ਪੈਂਦਾ ਹੈ, ਉਥੇ 1 ਲੱਖ 60 ਹਜ਼ਾਰ ਤੋਂ ਜ਼ਿਆਦਾ ਪਾਪੂਲੇਸ਼ਨ ਹੈ। ਪਿੱਛੇ ਜਿਹੇ ਉਥੇ ਧਰਨਾ ਦੇਣਾ ਪਿਆ ਕਿਉਂਕਿ ਜਿੰਨੇ ਵੀ ਸਾਡੇ ਬਜ਼ੁਰਗ ਹਨ, ਉਨ੍ਹਾਂ ਦੀਆਂ ਪੈਨਸ਼ਨਾਂ ਕੱਟ ਦਿੱਤੀਆਂ ਗਈਆਂ। ਮੇਰੀ ਇੱਕ ਕਾਲ ਤੇ 2000 ਤੋਂ ਵੱਧ ਬਜ਼ੁਰਗ ਐਸ.ਡੀ.ਐਮ. ਦੇ ਦਫ਼ਤਰ ਦੇ ਬਾਹਰ ਧਰਨਾ ਦੇਣ ਲਈ ਆ ਗਏ। ਅਸੀਂ ਉਥੇ ਧਰਨੇ ਤੇ ਬੈਠੇ। ਉਨ੍ਹਾਂ ਵਿਚੋਂ ਇੱਕ ਔਰਤ ਅਤੇ ਇੱਕ ਬਜ਼ੁਰਗ, ਜਿਨ੍ਹਾਂ ਦੀ ਉਮਰ 70 ਸਾਲ ਤੋਂ ਵੱਧ ਸੀ, ਉਨ੍ਹਾਂ ਦੀ ਪੈਨਸ਼ਨ ਇਸ ਕਰਕੇ ਕੱਟ ਦਿੱਤੀ ਗਈ ਕਿਉਂਕਿ ਕਹਿ ਦਿੱਤਾ ਗਿਆ ਕਿ ਉਨ੍ਹਾਂ ਦੀ ਡੈੱਥ ਹੋ ਚੁੱਕੀ ਹੈ। ਐਸੇ-ਐਸੇ ਕੇਸ ਹੋਏ ਹਨ ਜਿਨ੍ਹਾਂ ਨੂੰ ਸੁਣ ਕੇ ਸ਼ਰਮ ਵੀ ਆਉਂਦੀ ਹੈ ਕਿ ਕਿਸ ਤਰ੍ਹਾਂ ਦਾ ਨਿਜ਼ਾਮ ਚੱਲ ਰਿਹਾ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਤੁਹਾਡੇ

[ ਸ੍ਰੀ ਅਸ਼ਵਨੀ ਸੇਖੜੀ ]

ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਉਹ ਵੀ ਸੀਨੀਅਰ ਸਿਟੀਜ਼ਨ ਹਨ, ਜਿਹੜਾ ਬਜ਼ੁਰਗਾਂ ਨਾਲ ਧੱਕਾ ਹੋ ਰਿਹਾ ਹੈ, ਉਸ ਨੂੰ ਰੋਕਿਆ ਜਾਵੇ। ਪੰਜਾਬ ਵਿੱਚ ਜਿਹੜੀਆਂ ਪੈਨਸ਼ਨਾਂ ਕੱਟੀਆਂ ਗਈਆਂ ਹਨ ਉਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ ਅਤੇ ਯੋਗ ਬੰਦਿਆਂ ਦੀ ਪੈਨਸ਼ਨ ਲੱਗਣੀ ਚਾਹੀਦੀ ਹੈ। ਜਿਨ੍ਹਾਂ ਦੀ ਉਮਰ 60 ਸਾਲ ਤੋਂ ਵੱਧ ਹੈ ਉਹ ਮਹਿਜ਼ 250/- ਰੁਪਏ ਪਿੱਛੇ ਜ਼ਲੀਲ ਹੋ ਰਹੇ ਹਨ। ਇਹ ਬੰਦ ਹੋਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਸ਼੍ਰੀ ਅਸ਼ਵਨੀ ਸੇਖੜੀ :** ਸਰ, ਦੂਜੀ ਗੱਲ ਮੈਂ ਸਿਰਫ਼ ਅੱਧੇ ਮਿੰਟ ਵਿੱਚ ਕਹਿ ਦੇਵਾਂਗਾ। ਸ਼ਿਵ ਕੁਮਾਰ ਬਟਾਲਵੀ ਜੀ ਪੰਜਾਬੀ ਦੇ ਮਹਾਨ ਕਵੀ ਹੋਏ ਹਨ। ਪਿਛਲੇ 35 ਸਾਲਾਂ ਤੋਂ ਬਟਾਲਾ ਵਿੱਚ ਇੱਕ ਆਡੀਟੋਰੀਅਮ ਬਣ ਰਿਹਾ ਹੈ। ਮੁੱਖ ਮੰਤਰੀ ਜੀ ਵੀ ਉਥੇ ਜਾ ਕੇ ਅਨਾਊਂਸ ਕਰ ਕੇ ਆਏ ਸਨ ਕਿ ਇਸ ਨੂੰ ਕੰਪਲੀਟ ਕਰਵਾ ਦਿਆਂਗੇ ਪਰ ਇਸ ਨੂੰ ਵੀ ਪੰਜ ਸਾਲ ਬੀਤ ਗਏ ਹਨ। ਇਸ ਮਹਾਨ ਨਾਇਕ ਦੇ ਨਾਂ ਤੇ ਜਿਹੜਾ 35 ਸਾਲਾਂ ਤੋਂ ਆਡੀਟੋਰੀਅਮ ਬਣ ਰਿਹਾ ਹੈ ਇਸ ਨੂੰ ਕੰਪਲੀਟ ਕਰਵਾ ਦਿੱਤਾ ਜਾਵੇ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹੁਣ ਮਜੀਠੀਆ ਜੀ।

**ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ। ਇਹ ਮੈਂ ਅੱਜ ਅਖਬਾਰ ਵਿੱਚ ਪੜ੍ਹਿਆ ਸੀ ਅਤੇ ਮਾਮਲਾ ਬੜਾ ਗੰਭੀਰ ਹੈ। ਕਾਂਗਰਸ ਦੇ ਇੱਕ ਐਮ.ਐਲ.ਏ. ਨੇ ਆਪਣੀ ਜਾਨ ਨੂੰ ਖਤਰੇ ਬਾਰੇ ਗੱਲ ਕੀਤੀ ਹੈ। ਸੇਖੜੀ ਸਾਹਿਬ ਬਾਰੇ ਮੈਂ ਪੜ੍ਹਿਆ ਹੈ। ਮੇਰੀ ਤੁਹਾਨੂੰ ਬੇਨਤੀ ਹੈ ਕਿ ਇਨ੍ਹਾਂ ਦੀ ਜਾਨ ਨੂੰ ਜਿਨ੍ਹਾਂ ਤੋਂ ਖਤਰਾ ਹੈ, ਉਸ ਲਈ ਕਿਰਪਾ ਕਰਕੇ.......(ਹਾਸਾ, ਸ਼ੋਰ) ਅਖਬਾਰ ਨੇ ਤਾਂ ਦੱਸਿਆ ਹੈ ਪਰ ਤੁਸੀਂ ਵੀ ਜ਼ਰਾ ਦੱਸ ਦਿਉ।(....ਵਿਘਨ) ਸਪੀਕਰ ਸਾਹਿਬ, ਇਹ ਬਹੁਤ ਸੀਰੀਅਸ ਮਾਮਲਾ ਹੈ। ਵਿਧਾਨ ਸਭਾ ਦਾ ਇੱਕ ਐਮ.ਐਲ.ਏ. ਵਿਧਾਨ ਸਭਾ ਵਿੱਚ ਥਰੈਟ ਮਹਿਸੂਸ ਕਰ ਰਿਹਾ ਹੈ। He has asked for security. ਸੇਖੜੀ ਸਾਹਿਬ, ਤੁਸੀਂ ਮਾਝੇ ਦੇ ਐਮ.ਐਲ.ਏ. ਹੋ, ਮੈਨੂੰ ਤੁਹਾਡਾ ਫਿਕਰ ਹੈ ਕਿ ਤੁਹਾਡੀ ਜਾਨ ਨਾਲ ਕੋਈ ਇਸ ਤਰ੍ਹਾਂ ਨਾ ਖੇਡੇ।(....ਵਿਘਨ) ਸਪੀਕਰ ਸਾਹਿਬ, ਜਿਹੜੇ ਬੰਦੇ ਇਨ੍ਹਾਂ ਨੂੰ ਸਤਾਅ ਰਹੇ ਹਨ, ਤੰਗ ਪ੍ਰੇਸ਼ਾਨ ਕਰ ਰਹੇ ਹਨ, ਟ੍ਰਿਬਿਊਨ ਅਖਬਾਰ ਵਿੱਚ ਉਨ੍ਹਾਂ ਦਾ ਜ਼ਿਕਰ ਆਇਆ ਹੈ।(...ਵਿਘਨ, ਸ਼ੋਰ) ਮੇਰੀ ਤੁਹਾਨੂੰ ਬੇਨਤੀ

ਹੈ ਕਿ ਸਾਡੇ ਭਰਾ ਨੂੰ ਇਸ ਤਰ੍ਹਾਂ ਤੰਗ ਨਾ ਕੀਤਾ ਜਾਵੇ। ਉਹ ਲੋਕ ਇਨ੍ਹਾਂ ਦੀ ਖਿੱਚ-ਧੂਹ ਕਰਦੇ ਹਨ। ਅੱਜ ਇਨ੍ਹਾਂ ਨੂੰ ਬੁਲਟ ਪਰੂਫ ਜੈਕੇਟ ਪਾ ਕੇ ਆਉਣੀ ਪਈ ਹੈ। ਕੱਲ੍ਹ ਮੈਂ ਦੇਖਿਆ ਸੀ ਇਹ ਜੈਕੇਟ ਤੋਂ ਬਗੈਰ ਆਏ ਸਨ। (ਸ਼ੋਰ)

**ਮਾਨਯੋਗ ਸਪੀਕਰ :** ਮੇਰੇ ਕੋਲ ਜਦੋਂ ਲਿਖਤੀ ਮਸਲਾ ਆਵੇਗਾ, ਉਦੋਂ ਦੇਖ ਲਵਾਂਗਾ। It will be dealt with according to the rules.

**ਸ਼੍ਰੀ ਸੁਨੀਲ ਜਾਖੜ :** ਤੁਸੀਂ ਮਜ਼ਾਕ ਵਿੱਚ ਪੈ ਗਏ ਹੋ। ਕਿੰਨੇ ਸੀਰੀਅਸ ਮਸਲੇ ਹਨ। ਕਿਸਾਨ ਆਤਮ ਹੱਤਿਆ ਕਰ ਰਹੇ ਹਨ ਅਤੇ ਅਸੀਂ ਇੱਥੇ ਮਜ਼ਾਕ ਕਰੀ ਜਾਂਦੇ ਹਾਂ।(ਵਿਘਨ, ਸ਼ੋਰ)

**ਮਾਲ ਤੇ ਮੁੜ ਵਸੇਬਾ ਮੰਤਰੀ :** ਸਪੀਕਰ ਸਾਹਿਬ, ਕਾਂਗਰਸ ਦੇ ਐਮ.ਐਲ.ਏ. ਅੱਜ ਥਰੈਟਨਡ ਮਹਿਸੂਸ ਕਰ ਰਹੇ ਹਨ। (ਵਿਘਨ)

**ਮਾਨਯੋਗ ਸਪੀਕਰ :** ਕੋਈ ਲਿਖ ਕੇ ਤਾਂ ਦੇਵੇ। (ਸ਼ੋਰ) ਇੱਕ ਮਿੰਟ ਲਈ ਸੇਖੜੀ ਸਾਹਿਬ ਨੂੰ ਸੁਣ ਲੈਣ ਦਿਉ ਕਿਉਂਕਿ ਉਨ੍ਹਾਂ ਦਾ ਨਾਂ ਆ ਗਿਆ ਹੈ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਇਸ਼ੂ ਰੇਜ਼ ਕੀਤਾ ਹੈ। ਮੈਂ ਤੁਹਾਨੂੰ ਚੈਂਬਰ ਵਿੱਚ ਮਿਲਣ ਲਈ ਟਾਈਮ ਮੰਗਿਆ ਸੀ ਪਰ ਹੁਣ ਹਾਊਸ ਵਿੱਚ ਗੱਲ ਆ ਗਈ ਹੈ। ਇਹ ਅਜ਼ੀਮ ਸਦਨ ਹੈ....

**ਮਾਨਯੋਗ ਸਪੀਕਰ :** ਜਦੋਂ ਤੁਸੀਂ ਕਿਹਾ ਤਾਂ ਮੈਂ ਤੁਹਾਨੂੰ ਕਿਹਾ ਸੀ ਕਿ ਤੁਸੀਂ ਲਿਖ ਕੇ ਦੇ ਦਿਉ। (ਵਿਘਨ)

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਇਸ ਸਦਨ ਵਿੱਚ ਜਿੰਨੇ ਵੀ ਮੈਂਬਰ ਆਉਂਦੇ ਹਨ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਉਹ ਲੋਕਾਂ ਦੀ ਇੱਛਾ ਨਾਲ ਚੁਣ ਕੇ ਆਉਂਦੇ ਹਨ। ਲੋਕਾਂ ਦੀ ਇੱਜ਼ਤ ਉਨ੍ਹਾਂ ਦੇ ਹੱਥ ਵਿੱਚ ਹੁੰਦੀ ਹੈ ਅਤੇ ਉਨ੍ਹਾਂ ਦੀ ਇੱਜ਼ਤ ਲੋਕਾਂ ਦੇ ਹੱਥ ਵਿੱਚ ਹੁੰਦੀ ਹੈ। ਕੋਈ ਵੀ ਇਨਸਾਨ ਚਾਹੇ ਉਹ ਪ੍ਰੈਸ ਵਾਲਾ ਹੈ, ਚਾਹੇ ਅਫ਼ਸਰ ਹੈ, ਚਾਹੇ ਤੁਹਾਡਾ ਮੁਲਾਜ਼ਮ ਹੈ ਜਾਂ ਐਮ.ਐਲ.ਏ. ਹੈ, ਜੇਕਰ ਇਸ ਸਦਨ ਵਿੱਚ ਉਸ ਦੀ ਇਨਸਲਟ ਹੁੰਦੀ ਹੈ ਤਾਂ ਹਾਊਸ ਦੀ ਇਨਸਲਟ ਹੁੰਦੀ ਹੈ। (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਮੈਨੂੰ ਆਪਣੀ ਇਨਸਲਟ ਦੀ ਕੋਈ ਪ੍ਰਵਾਹ ਨਹੀਂ ਹੈ। ਜੇਕਰ ਕੋਈ ਸਦਨ ਵਿੱਚ ਆ ਰਿਹਾ ਹੈ ਅਤੇ ਉਸ ਨੂੰ ਕੋਈ ਥਰੈੱਟ ਕਰਦੇ ਹਨ, They have threatened the House, the very democratic system of the House.

**ਇੱਕ ਅਵਾਜ਼ :** ਕਿਸ ਨੇ ਥਰੈਟ ਕੀਤਾ ਹੈ?

**ਮਾਨਯੋਗ ਸਪੀਕਰ :** ਤੁਸੀਂ ਮੈਨੂੰ ਲਿਖ ਕੇ ਦੇ ਦਿਉ।

**ਸ਼੍ਰੀ ਅਸ਼ਵਨੀ ਸੇਖੜੀ:** ਸਰ, ਇਸ ਸਬੰਧੀ ਅੱਜ ਅਖਬਾਰ ਵਿਚ ਵੀ ਆਇਆ ਹੈ।

(ਇਸ ਸਮੇਂ ਮਾਲ ਮੰਤਰੀ ਬਿਨਾਂ ਇਜਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਤੁਸੀਂ ਮੈਨੂੰ ਲਿਖ ਕੇ ਦਿਉ, I will take action according to the rules.

**Parliamentary Affairs Minister (Shri Madan Mohan Mittal) :** It is very serious matter . It is our duty to protect ... (Interruption)

**ਮਾਨਯੋਗ ਸਪੀਕਰ :** ਸੇਖੜੀ ਜੀ, ਤੁਸੀਂ ਮੈਨੂੰ ਲਿਖ ਕੇ ਦੇਣਾ, I will take action according to the rules.

**Shri Ashwani Sekhri** : You are the custodian of the House. ਜੋ ਵੀ ਕਾਨੂੰਨੀ ਐਕਸ਼ਨ ਬਣਦਾ ਹੈ, ਲੈਣਾ ਚਾਹੀਦਾ ਹੈ। (....ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਮੈਨੂੰ ਅਰਜ਼ੀ ਲਿਖ ਕੇ ਦੇ ਦੇਣਾ। ਮੈਂ ਨਿਯਮਾਂ ਅਨੁਸਾਰ ਐਕਸ਼ਨ ਲਵਾਂਗਾ।

**Revenue Minister :** Sir, you must take suo motu cognizance. ਸਪੀਕਰ ਸਾਹਿਬ, ਵਿਧਾਨ ਸਭਾ ਦੇ ਇਤਿਹਾਸ ਵਿਚ ਅੱਜ ਤੱਕ ਕਿਸੇ ਮੈਂਬਰ ਨੂੰ ਇਸ ਦੀ ਲੋੜ ਨਹੀਂ ਪਈ ਕਿ ਉਸ ਨੂੰ ਵਿਧਾਨ ਸਭਾ ਦੇ ਅੰਦਰ ਸਕਿਓਰਟੀ ਦੇਣ ਦੀ ਮੰਗ ਉਠੀ ਹੋਵੇ। Speaker Sahib, if the person is feeling threatened, you should take suo motu action.

**ਮਾਨਯੋਗ ਸਪੀਕਰ :** ਮਨਿਸਟਰ ਸਾਹਿਬ, ਮੇਰੀ ਗੱਲ ਸੁਣੋ। (.....ਸ਼ੋਰ) ਇਕ ਮਿੰਟ, ਪਹਿਲਾਂ ਗੱਲ ਸੁਣ ਲਵੋ। ਕਿਸ ਉਤੇ ਐਕਸ਼ਨ ਲਵਾਂ, ਕੋਈ ਨਾਂ ਲਵੇਗਾ ਜਾਂ ਲਿਖ ਕੇ ਦੇਵੇਗਾ ਤਾਂ ਹੀ ਮੈਂ ਐਕਸ਼ਨ ਲੈ ਸਕਾਂਗਾ। ਐਵੇਂ ਮੈਂ ਐਕਸ਼ਨ ਕਿਸ ਉਤੇ ਲੈ ਲਵਾਂ। (....ਵਿਘਨ, ਸ਼ੋਰ)

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਮੈਂ ਲਿਖ ਕੇ ਦਿੰਦਾ ਹਾਂ। (ਵਿਘਨ, ਸ਼ੋਰ)

(ਇਸ ਸਮੇਂ ਮਾਲ ਮੰਤਰੀ ਬਿਨਾਂ ਇਜਾਜ਼ਤ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਹੋਣ ਕਾਰਨ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**Shri Sunil Jakhar:** Speaker Sahib, I appreciate your concern. ਅੱਜ ਤੁਸੀਂ about the safety ਜਿਹੜਾ unduly concerned ਹੋ ਰਹੇ ਹੋ, ਇਸੇ ਹਾਊਸ ਵਿੱਚ ਗਾਲੀ-ਗਲੋਚ ਹੋਏ ਸਨ। ਜਿਹੜੇ ਸ਼੍ਰੀਮਾਨ ਜੀ ਅੱਜ ਇੰਨੇ ਕੰਸਰਨਡ ਹੋ ਰਹੇ ਹਨ, ਉਦੋਂ ਤੁਸੀਂ ਕਿਹੜਾ ਐਕਸ਼ਨ ਲਿਆ ਸੀ।(...ਵਿਘਨ, ਸ਼ੋਰ) ਮਜ਼ਾਕ ਨਾ ਬਣਾਓ, ਸਪੀਕਰ ਸਾਹਿਬ। You don't become a party. ਸਪੀਕਰ ਸਾਹਿਬ, ਇਨ੍ਹਾਂ ਤੇ ਕਿਹੜਾ ਐਕਸ਼ਨ ਲਿਆ ਸੀ।

**(ਅਵਾਜ਼ਾਂ :** ਜਦ ਮੀਆਂ ਬੀਵੀ ਰਾਜ਼ੀ.....)

**ਮਾਨਯੋਗ ਸਪੀਕਰ :** ਤੁਸੀਂ ਕਿਵੇਂ ਚਾਹੁੰਦੇ ਹੋ?

**ਸ਼੍ਰੀ ਸੁਨੀਲ ਜਾਖੜ :** ਤੁਸੀਂ ਤਾਂ ਜੱਫੀਆਂ ਪਾ ਲਈਆਂ। ਇਹ ਵੀ ਰਾਜ਼ੀ ਹਨ। ਬਿਲਕੁਲ ਰਾਜ਼ੀ ਕਰ ਦਿਆਂਗੇ। ਫਿਕਰ ਨਾ ਕਰੋ। (...ਵਿਘਨ, ਸ਼ੋਰ) ** **

**ਮਾਲ ਮੰਤਰੀ :** ** **

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ :** ** **

**Mr. Speaker :** Whatever is being said without my permission should not be recorded.(interruptions) ਕੁਝ ਵੀ ਰਿਕਾਰਡ ਨਹੀਂ ਹੋ ਰਿਹਾ। ਸੇਖੜੀ ਸਾਹਿਬ, ਮੈਨੂੰ ਤੁਹਾਡੇ ਨਾਲ ਹਮਦਰਦੀ ਹੈ। ਤੁਸੀਂ ਲਿਖ ਕੇ ਦੇ ਦਿਉ, I will take action according to rules. ਹੁਣ ਮੈਡਮ ਸਿੱਧੂ ਨੂੰ ਸੁਣ ਲਈਏ।

**ਮੁੱਖ ਸੰਸਦੀ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ (ਡਾਕਟਰ ਨਵਜੋਤ ਕੌਰ ਸਿੱਧੂ) :** ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਨੂੰ ਅਪੀਲ ਕਰਨੀ ਚਾਹਾਂਗੀ ਕਿ ਇਕ ਬਹੁਤ ਜ਼ਰੂਰੀ ਕਲੀਨੀਕਲ ਰੈਗੂਲੇਸ਼ਨ ਐਕਟ, ਜਿਹੜਾ ਕਿ ਯੂਨੀਅਨ ਗੌਰਮਿੰਟ ਵੱਲੋਂ ਪਹਿਲਾਂ ਹੀ ਲਾਗੂ ਹੋ ਚੁੱਕਾ ਹੈ, ਉਨ੍ਹਾਂ ਨੇ

** Not recorded as ordered by the Chair.

[ਮੁੱਖ ਸੰਸਦੀ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ]

ਕਿਹਾ ਹੈ ਕਿ ਸਟੇਟਾਂ ਇਸ ਨੂੰ ਛੇਤੀ ਤੋਂ ਛੇਤੀ ਲਾਗੂ ਕਰਨ। ਉਸ ਨਾਲ ਜਿਹੜੇ ਪ੍ਰਾਈਵੇਟ ਖੇਤਰ ਦੇ ਹਸਪਤਾਲ ਹਨ, ਜੋ ਮਰੀਜ਼ਾਂ ਨੂੰ ਲੁੱਟ ਰਹੇ ਹਨ, ਜਿਵੇਂ ਇਕ ਮਰੀਜ਼ ਇਕ ਹਸਪਤਾਲ ਵਿਚੋਂ 25,000/- ਰੁਪਏ ਵਿਚ ਅਪਰੇਸ਼ਨ ਕਰਵਾਉਂਦਾ ਹੈ ਅਤੇ ਦੂਜਾ 50,000/- ਰੁਪਏ ਵਿਚ ਕਰਵਾਉਂਦਾ ਹੈ। 15,000/- ਰੁਪਏ ਵਾਲਾ ਸਟੰਟ 75,000/-75,000/- ਰੁਪਏ ਵਿਚ ਪਾਇਆ ਜਾ ਰਿਹਾ ਹੈ। ਉਸ ਵਾਸਤੇ ਇਹ ਐਕਟ ਲਾਗੂ ਕਰਨਾ ਬਹੁਤ ਜ਼ਰੂਰੀ ਹੈ ਤਾਂ ਕਿ ਪ੍ਰਾਈਵੇਟ ਹਸਪਤਾਲਾਂ ਤੇ ਕੰਟਰੋਲ ਹੋ ਸਕੇ। ਸਾਰੇ ਪ੍ਰਾਈਵੇਟ ਹਸਪਤਾਲ ਰਜਿਸਟਰਡ ਹੋ ਸਕਣ, ਲੁੱਟ ਨਾ ਮਚੇ। ਇਹ ਹਸਪਤਾਲ ਵਿੱਚ ਆਪਣੀਆਂ ਕੈਮਿਸਟ ਸ਼ਾਪਸ ਖੋਲ੍ਹ ਕੇ ਆਪ ਹੀ ਦਵਾਈਆਂ ਵੇਚ ਰਹੇ ਹਨ। 20/- ਰੁਪਏ ਦੀ ਦਵਾਈ 200/- ਰੁਪਏ ਵਿਚ ਵੇਚ ਰਹੇ ਹਨ। ਕੋਈ ਉਨ੍ਹਾਂ ਨੂੰ ਪ੍ਰੋਟੈਕਟ ਨਾ ਕਰੇ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਰੰਧਾਵਾ ਜੀ, ਤੁਸੀਂ ਦੱਸੋ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ....(ਵਿਘਨ, ਸ਼ੋਰ)

**ਸਰਦਾਰ ਸੁਖਜਿੰਦਰ ਸਿੰਘ :** ** ** (...ਵਿਘਨ, ਸ਼ੋਰ) ਤੁਸੀਂ ਇਕ ਮਿੰਟ ਬਹਿ ਜਾਉ। (Referring to Parliamentary Affairs Minister)

**Mr. Speaker :** He has the right to speak. (Referring to Parliamentary Affairs Minister)

**ਸੰਸਦੀ ਮਾਮਲੇ ਮੰਤਰੀ :** ਸਰ, ਮੇਰੀ ਸਬਮਿਸ਼ਨ ਹੈ ਕਿ Mr. Sekhri has raised the issue and he has not withdrawn it yet. He still says that his respect is in your hands. ਜਾਖੜ ਸਾਹਿਬ ਨੇ ਕਿਹਾ ਹੈ ਕਿ ਅਸੀਂ ਮਨਾ ਲਵਾਂਗੇ ਪਰ ਸੇਖੜੀ ਸਾਹਿਬ ਨੇ ਇਹ ਨਹੀਂ ਕਿਹਾ ਕਿ ਮੈਂ ਆਪਣੀ ਗੱਲ ਵਾਪਸ ਲੈਂਦਾ ਹਾਂ। ਉਨ੍ਹਾਂ ਨੇ ਅੱਜ ਵੀ ਇਹ ਗੱਲ ਇੱਥੇ ਰੱਖੀ ਹੋਈ ਹੈ ਕਿ ਤੁਹਾਡੇ ਹੱਥ ਵਿੱਚ ਇੱਜ਼ਤ ਬਚਾਉਣਾ ਹੈ। ਹਾਲੇ ਵੀ ਉਨ੍ਹਾਂ ਦੇ ਮਨ ਵਿੱਚ ਇੰਨਾ ਜ਼ਿਆਦਾ ਥਰੈਟ ਹੈ but he has not withdrawn the charges ਔਰ ਜਦੋਂ ਚਾਰਜ ਇੱਥੇ ਲੱਗ ਗਿਆ, ਇੰਨਾ ਓਪਨਲੀ ਚਾਰਜ ਲੱਗ ਗਿਆ। This should not be talked over. (ਟਰੈਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

**ਮਾਨਯੋਗ ਸਪੀਕਰ :** ਮਿੱਤਲ ਸਾਹਿਬ, ਮੇਰੀ ਬੇਨਤੀ ਸੁਣ ਲਓ।

** Not recorded as ordered by the Chair.

ਐਵੇਂ ਹਾਊਸ ਦਾ ਟਾਈਮ ਵੇਸਟ ਨਾ ਕਰੋ। ਮੈਂ ਜਿਹੜੀ ਗੱਲ ਕਹਿ ਚੁੱਕਾ ਹਾਂ.... (ਵਿਘਨ, ਸ਼ੋਰ)

**Parliamentary Affairs Minister :** ** **

**ਮਾਨਯੋਗ ਸਪੀਕਰ :** ਮਿੱਤਲ ਸਾਹਿਬ, ਨਹੀਂ। No, No. Now it will not come on record. ਮੇਰੀ ਪਹਿਲਾਂ ਗੱਲ ਸੁਣ ਲਓ ਕਿ ਮੈਂ ਕੀ ਕਹਿਣਾ ਚਾਹੁੰਦਾ ਹਾਂ। (...ਵਿਘਨ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**Mr. Speaker :** Nothing should be recorded. (...ਵਿਘਨ, ਸ਼ੋਰ) ਉਹ ਨਾਂ ਤਾਂ ਦੱਸਣ। ਬਿਨਾਂ ਨਾਂ ਤੋਂ ਮੈਂ ਕਿਸ ਦੇ ਖਿਲਾਫ਼ ਐਕਸ਼ਨ ਲਵਾਂ? (...ਵਿਘਨ) ਮੈਨੂੰ ਜਿੰਨੀ ਦੇਰ ਤੱਕ ਇਨ ਰਾਈਟਿੰਗ ਨਾਂ ਨਹੀਂ ਆਉਂਦੇ, I can't take action. (...ਵਿਘਨ) ਕੋਈ ਨਾਂ ਤਾਂ ਲੈਣ?

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਦੋ ਬੰਦਿਆਂ ਨੇ ਮੇਰੀ ਬੇਇੱਜ਼ਤੀ ਕੀਤੀ ਹੈ, they have threatened me.

**ਮਾਨਯੋਗ ਸਪੀਕਰ** : ਮੈਂ ਕਿਹਾ ਜੀ, ਨਾਂ ਤਾਂ ਦਿਓ। ਮੈਨੂੰ ਨਾਂ ਲਿਖ ਕੇ ਦਿਓ, ਫਿਰ ਮੈਂ ਐਕਸ਼ਨ ਲਵਾਂਗਾ।

**ਸ਼੍ਰੀ ਅਸ਼ਵਨੀ ਸੇਖੜੀ :** ਮਿਸਟਰ ਸਿੱਕੀ ਤੇ ਮਿਸਟਰ ਗਿਲਜੀਆਂ, ਮੈਂ ਦੋ ਬੰਦਿਆਂ ਦੇ ਨਾਂ ਲੈ ਰਿਹਾ ਹਾਂ। ਇਨ੍ਹਾਂ ਦੋ ਬੰਦਿਆਂ ਨੇ ਮੇਰੀ ਬੇਇੱਜ਼ਤੀ ਕੀਤੀ ਹੈ ਔਰ ਮੇਰੇ ਬਟਾਲੇ ਦੇ ਇੱਕ ਲੱਖ ਅੱਸੀ ਹਜ਼ਾਰ ਬੰਦਿਆਂ ਦੀ ਬੇਇੱਜ਼ਤੀ ਕੀਤੀ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

**ਮਾਨਯੋਗ ਸਪੀਕਰ :** ਠੀਕ ਹੈ। Please, silence now. ਹਾਂ ਜੀ, ਰੰਧਾਵਾ ਸਾਹਿਬ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

** Not recorded as ordered by the Chair.

**ਮਾਨਯੋਗ ਸਪੀਕਰ :** ਤੁਸੀਂ ਨਾਂ ਦੱਸ ਦਿੱਤੇ ਹਨ। ਹੁਣ ਠੀਕ ਹੈ। Now I will decide.

**ਸਰਦਾਰ ਸੁਖਜਿੰਦਰ ਸਿੰਘ :** ਚੀਮਾ ਸਾਹਿਬ, ਤੁਸੀਂ ਫਿਕਰ ਨਾ ਕਰੋ। ਸਪੀਕਰ ਸਾਹਿਬ ਨੇ ਆਪੇ ਮਸਲਾ ਹੱਲ ਕਰ ਲੈਣਾ ਹੈ।(...ਵਿਘਨ, ਸ਼ੋਰ) ਤੁਹਾਨੂੰ ਬਹੁਤ ਫਿਕਰ ਹੈ। ਕੋਈ ਨਹੀਂ, ਸਪੀਕਰ ਸਾਹਿਬ ਆਪ ਮਸਲਾ ਹੱਲ ਕਰ ਲੈਣਗੇ। ਸਪੀਕਰ ਸਾਹਿਬ, 22 ਅਗਸਤ ਦੀਆਂ ਚਾਰ ਅਖਬਾਰਾਂ ਵਿੱਚ ਆਇਆ ਹੈ ਕਿ ਪੰਜਾਬ ਲਈ.....

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਮੈਂ ਕਿਹਾ ਤਾਂ ਹੈ ਕਿ ਮੈਂ ਐਕਸ਼ਨ ਲਵਾਂਗਾ। (...ਵਿਘਨ, ਸ਼ੋਰ) ਮੈਂ ਕਹਿ ਰਿਹਾ ਹਾਂ ਕਿ ਐਕਸ਼ਨ ਲਵਾਂਗਾ। ਹੋਰ ਕੀ ਕਹਾਂ। ਉਨ੍ਹਾਂ ਨੇ ਨਾਂ ਦੇ ਦਿੱਤੇ ਹਨ, ਠੀਕ ਹੈ, ਹੁਣ ਐਕਸ਼ਨ ਲਵਾਂਗਾ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਮੈਂ ਕਹਿ ਰਿਹਾ ਹਾਂ ਕਿ ਐਕਸ਼ਨ ਲਵਾਂਗਾ, ਨਾਂ ਆ ਗਏ ਹਨ, ਐਕਸ਼ਨ ਲਵਾਂਗਾ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਜਦ ਮੈਂ ਕਹਿ ਰਿਹਾ ਹਾਂ ਕਿ ਐਕਸ਼ਨ ਲਵਾਂਗਾ । ਹੁਣ ਮੈਂ ਐਕਸ਼ਨ ਹੀ ਲਵਾਂਗਾ, ਹੋਰ ਕੀ ਕਰਾਂਗਾ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਤੁਹਾਡੇ ਨੋਟਿਸ ਵਿੱਚ ਆ

ਗਿਆ ਹੈ। ਤੁਸੀਂ ਡਿਸੀਜ਼ਨ ਲੈ ਲਓ ਪਰ ਹਾਊਸ ਦਾ ਕੰਮ ਤਾਂ ਚਲਾਓ।(...ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਇਹੀ ਗੱਲ ਤਾਂ ਮੈਂ ਸਾਰਿਆਂ ਨੂੰ ਕਹਿ ਰਿਹਾ ਹਾਂ।

**ਸ਼੍ਰੀ ਸੁਨੀਲ ਜਾਖੜ :** ਉਨ੍ਹਾਂ ਦੋ ਬੰਦਿਆਂ ਨਾਲ ਗੱਲ ਕਰ ਲਵਾਂਗੇ। ਤੁਸੀਂ ਇਨ੍ਹਾਂ ਨੂੰ ਪ੍ਰੋਟੈਕਸ਼ਨ ਦੇ ਦਿਓ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਨਾ ਤੁਹਾਡੇ ਬੰਦੇ ਚੁੱਪ ਕਰ ਰਹੇ ਹਨ ਤਾਂ ਨਾ ਹੀ ਦੂਜੇ ਪਾਸੇ ਤੋਂ ਚੁੱਪ ਕਰ ਰਹੇ ਹਨ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਕ ਇਕੱਲੇ ਐਮ.ਐਲ. ਏ. ਦੀ ਜਾਨ ਦੀ ਫਿਕਰ ਨਾ ਕਰੋ। ਬਠਿੰਡੇ ਵਿੱਚ ਕਿਸਾਨ ਮਰ ਰਹੇ ਹਨ। ਰਾਤ ਹੀ ਕਿਸਾਨ ਨੇ ਉਥੇ ਆਤਮ ਹੱਤਿਆ ਕੀਤੀ ਹੈ। ਅਸੀਂ ਸੀ.ਐਮ. ਸਾਹਿਬ ਤੋਂ ਜਵਾਬ ਲਵਾਂਗੇ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ (ਸਰਦਾਰ ਵਿਰਸਾ ਸਿੰਘ ਵਲਟੋਹਾ) :** ਸਪੀਕਰ ਸਾਹਿਬ ....

**ਮਾਨਯੋਗ ਸਪੀਕਰ :** ਵਲਟੋਹਾ ਜੀ, ਮੈਂ ਸੀ.ਐਮ. ਸਾਹਿਬ ਨੂੰ ਵੀ ਸੁਣਨਾ ਹੈ ....(ਵਿਘਨ) ਵਲਟੋਹਾ ਜੀ.....

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਕਿਸਾਨਾਂ ਦੀ ਗੱਲ ਸੁਣੋ, ਮਜ਼ਾਕ ਨਾ ਬਣਾਓ....(ਵਿਘਨ) 117 ਬੰਦੇ ਮਰ ਜਾਣ, ਨਾ ਮਰ ਜਾਣ, ਪਰਵਾਹ ਨਹੀਂ। ਅੱਜ ਕਿਸਾਨ ਲੱਖਾਂ ਦੀ ਤਾਦਾਦ ਵਿੱਚ ਮਰ ਰਹੇ ਹਨ.....(ਵਿਘਨ) ਤੁਸੀਂ ਉਨ੍ਹਾਂ ਦੀ ਗੱਲ ਕਰੋ ਜਿਹੜੇ ਹੋਰਾਂ ਨੂੰ ਮਾਰਨ ਨੂੰ ਤਿਆਰ ਹਨ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਬਹੁਤ

[ ਸ਼੍ਰੀ ਸੁਨੀਲ ਜਾਖੜ ]

ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**Mr. Speaker :** Please silence. ਮਲੂਕਾ ਸਾਹਿਬ, ਸੀ.ਐਮ. ਸਾਹਿਬ ਨੂੰ ਵੀ ਸੁਣਨਾ ਹੈ। Please do not waste the time. ਮੈਂ ਕਿਹਾ ਜੀ, ਬੈਠ ਜਾਓ। ਰੰਧਾਵਾ ਸਾਹਿਬ, ਤੁਸੀਂ ਦੱਸੋ।.....(ਵਿਘਨ)

**ਸਰਦਾਰ ਸੁਖਜਿੰਦਰ ਸਿੰਘ :** ਸਪੀਕਰ ਸਾਹਿਬ, ਬੜਾ ਅਹਿਮ ਮੁੱਦਾ ਹੈ। ਮੇਰੇ ਕੋਲ ਚਾਰ ਅਖਬਾਰ ਹਨ, ਇਨ੍ਹਾਂ ਵਿੱਚ ਪੰਜਾਬ ਦੀਆਂ ਜੇਲ੍ਹਾਂ ਬਾਰੇ ਕਿਹਾ ਗਿਆ ਹੈ ਕਿ ਚੌਟਾਲਾ ਦੀ ਆਮਦ ....

**Mr. Speaker :** You cannot believe on papers only.

**ਸਰਦਾਰ ਸੁਖਜਿੰਦਰ ਸਿੰਘ :** ਇਹ ਪੰਜਾਬ ਦੇ ਨਾਲ ਜੁੜਿਆ ਹੈ ਜੀ। ਦੋ ਦਹਾਕਿਆਂ ਤੋਂ ਪੰਜਾਬ ਦੇ ਬੰਦੇ ਜਿਹੜੇ ਕੈਦੀ ਬੈਠੇ ਹਨ, ਉਨ੍ਹਾਂ ਦੀ ਤਾਂ ਅਸੀਂ ਗੱਲ ਨਹੀਂ ਕਰਦੇ? ਬਾਦਲ ਸਾਹਿਬ ਨੂੰ ਇਨ੍ਹਾਂ ਨਾਲ ਇੰਨਾ ਪਿਆਰ ਹੈ, ਇਨ੍ਹਾਂ ਨੂੰ ਪੰਜਾਬ ਵਿੱਚ ਆਪਾਂ ਕਿਸ ਲਈ ਲੈ ਕੇ ਆਉਣਾ ਚਾਹੁੰਦੇ ਹਾਂ? ਇਸ ਨਾਲ ਪੰਜਾਬ ਦੀ ਕੀ ਡਿਵੈਲਪਮੈਂਟ ਹੋਵੇਗੀ? ਅਸੀਂ ਲੋਕਾਂ ਨੂੰ ਕੀ ਦੱਸਣਾ ਚਾਹੁੰਦੇ ਹਾਂ? ਹਾਈ ਕੋਰਟ ਨੇ, ਸੁਪਰੀਮ ਕੋਰਟ ਨੇ ਕੁਰੱਪਸ਼ਨ ਦੇ ਕੇਸ ਵਿੱਚ ਇੱਕ ਸਾਬਕਾ ਮੁੱਖ ਮੰਤਰੀ ਨੂੰ ਅੰਦਰ ਦਿੱਤਾ ਹੋਵੇ ਅਤੇ ਅਸੀਂ ਆਪਣਾ ਯਾਰਾਨਾ ਪਾਲਣ ਲਈ ਉਸ ਨੂੰ ਦਿੱਲੀ ਤੋਂ ਪੰਜਾਬ ਦੀ ਜੇਲ੍ਹ ਵਿੱਚ ਲੈ ਕੇ ਆਉਣਾ ਚਾਹੁੰਦੇ ਹਾਂ ਅਤੇ ਨਾਲ ਹੀ ਮੈਂ ਇਹ ਪੁੱਛਣਾ ਚਾਹੁੰਦਾ ਹਾਂ ** **

**Mr. Speaker :** No, no.

**ਸ਼੍ਰੀ ਸੁਨੀਲ ਜਾਖੜ** : ਕਿਉਂ, ਸਪੀਕਰ ਸਾਹਿਬ? ਪਾਣੀਆਂ ਦੇ ਮੁੱਦੇ ਦੀ ਗੱਲ ਕਰੋ। ** **....(ਵਿਘਨ)

**Mr.Speaker** : This is administrative matter..... (Interruptions) No, this is administrative matter....

**ਸਰਦਾਰ ਸੁਖਜਿੰਦਰ ਸਿੰਘ :** ਸਪੀਕਰ ਸਾਹਿਬ, ਮੇਰਾ ਹੱਕ ਬਣਦਾ ਹੈ। ਜ਼ੀਰੋ ਆਵਰ ਵਿੱਚ ਮੇਰਾ ਮੁੱਦਾ ਚੁੱਕਣ ਦਾ ਹੱਕ ਬਣਦਾ ਹੈ ** **....(ਵਿਘਨ)

**ਮਾਨਯੋਗ ਸਪੀਕਰ :** ਮੋਫਰ ਸਾਹਿਬ, ਤੁਸੀਂ ਬੋਲੋ। .....(ਵਿਘਨ)

** Not recorded as ordered by the Chair.

ਨਹੀਂ ਜੀ, ਨਹੀਂ। ਰੰਧਾਵਾ ਜੀ, ਨਹੀਂ, Not allowed.... not allowed....

**ਸ਼੍ਰੀ ਸੁਨੀਲ ਜਾਖੜ :** ਪਾਣੀਆਂ ਦਾ ਮੁੱਦਾ ਖਤਮ ਹੋ ਗਿਆ ....(ਵਿਘਨ) ** **

**Mr. Speaker :** Nothing should be recorded.

**ਸਰਦਾਰ ਸੁਖਜਿੰਦਰ ਸਿੰਘ :** ** **

**Mr. Speaker :** Nothing is being recorded. Randhawa ji, nothing is going to be recorded. ਜੋ ਕੁਝ ਵੀ ਵਿਦਾਊਟ ਪਰਮਿਸ਼ਨ ਬੋਲਿਆ ਗਿਆ ਹੈ, ਉਹ ਐਕਸਪੰਜ ਕਰ ਦਿਓ.....(ਵਿਘਨ) That is administrative matter, I cannot interfere. No, no. This is the administrative matter between two governments...... (Interruptions)

**ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਸਪੀਕਰ ਸਾਹਿਬ, ਕਦੇ ਨਹੀਂ ਸੀ ਸੁਣਿਆ ਕਿ ਹਾਊਸ ਵਿੱਚ ਐਮ.ਐਲ.ਏਜ਼ ਨੂੰ ਮਾਰਨ ਦੀਆਂ ਧਮਕੀਆਂ ਮਿਲੀਆਂ ਹੋਣ .....(ਵਿਘਨ)

**ਸਰਦਾਰ ਸੁਖਜਿੰਦਰ ਸਿੰਘ :** ** **

**Mr.Speaker:** Nothing should be recorded........ (Interruptions) You are challenging the Chair. ਤੁਹਾਨੂੰ ਹੁਣ ਟਾਈਮ ਨਹੀਂ ਦਿੱਤਾ ? ....(ਵਿਘਨ) ਨਹੀਂ, ਨਹੀਂ, ਉਧਰ ਕਿਹੜਾ ਮੈਂ ਟਾਈਮ ਦਿੱਤਾ। ....(ਵਿਘਨ) ਨਹੀਂ, you are challenging the Chair. No. ਮੋਫਰ ਸਾਹਿਬ, ਤੁਸੀਂ ਦੱਸੋ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਬੜੇ ਅਹਿਮ ਮੁੱਦੇ ਆ ਰਹੇ ਹਨ। ਸਰਕਾਰ ਨੂੰ ਸੀਰੀਅਸ ਹੋਣਾ ਚਾਹੀਦਾ ਹੈ। ਕੱਲ੍ਹ ਇਥੇ ** ** ਅਜੇ ਠੰਢਾ ਨਹੀਂ ਹੋਇਆ। ਰਾਤ ਬਠਿੰਡੇ ਕਿਸਾਨ ਨੇ ਖੁਦਕੁਸ਼ੀ ਕੀਤੀ। ਅੱਠ ਦਿਨ ਹੋ ਗਏ, ਕਿਸਾਨਾਂ ਦੀਆਂ ਅੱਠ ਜਥੇਬੰਦੀਆਂ ਉੱਥੇ ਧਰਨੇ ਦੇ ਰਹੀਆਂ ਹਨ....

**ਮਾਨਯੋਗ ਸਪੀਕਰ :** ਕਿਸਾਨੀ ਤੇ ਬਹਿਸ ਹੋ ਗਈ ਹੈ। ਬਾਦਲ ਸਾਹਿਬ ਅੱਜ ਰਿਪਲਾਈ ਦੇਣਗੇ ....(ਵਿਘਨ)

** Not recorded as ordered by the Chair.

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਰਕਾਰ ਕੋਈ ਜਵਾਬ ਨਹੀਂ ਦੇ ਰਹੀ ** **...(ਵਿਘਨ)

**ਮਾਨਯੋਗ ਸਪੀਕਰ :** ** ** ਐਕਸਪੰਜ ਕਰ ਦਿਓ। ...(ਵਿਘਨ) No, no. Not allowed.

**ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸਪੀਕਰ ਸਾਹਿਬ, ** **

**ਮਾਨਯੋਗ ਸਪੀਕਰ :** ਉਹ ਐਕਸਪੰਜ ਕਰ ਦਿੱਤਾ ਹੈ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ** **

**ਮਾਨਯੋਗ ਸਪੀਕਰ :** ਮੋਫਰ ਸਾਹਿਬ, ਇਹ ਰਿਕਾਰਡ ਨਹੀਂ ਹੋ ਰਿਹਾ। ...(ਵਿਘਨ) Not to be recorded.

**ਮਾਨਯੋਗ ਸਪੀਕਰ :** ਚੀਮਾ ਜੀ, ਬੈਠ ਜਾਉ। ਇਹ ਰਿਕਾਰਡ ਨਹੀਂ ਹੋ ਰਿਹਾ। ਮੋਫਰ ਸਾਹਿਬ, ਤੁਸੀਂ ਬੈਠ ਜਾਉ, ਇਹ ਰਿਕਾਰਡ ਨਹੀਂ ਹੋ ਰਿਹਾ। Zero Hour is over. (...ਵਿਘਨ)

(ਇਸ ਸਮੇਂ ਸਦਨ ਵਿੱਚ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਕਿਸਾਨ ਨੇ ਆਤਮ ਹੱਤਿਆ ਕੀਤੀ ਹੈ, ਸਾਨੂੰ ਟਾਈਮ ਦਿਉ....(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ, ਦੱਸੋ। ਮੈਂ ਕਿਹਾ ਜੀ, ਤੁਹਾਨੂੰ ਹੀ ਟਾਈਮ ਦਿੱਤਾ ਹੈ, ਉਧਰ ਤਾਂ ਹਾਲੇ ਟਾਈਮ ਦਿੱਤਾ ਹੀ ਨਹੀਂ ਹੈ।(...ਵਿਘਨ, ਸ਼ੋਰ)

**ਸ਼੍ਰੀ ਸੁਨੀਲ ਜਾਖੜ :** ** ** (ਵਿਘਨ, ਸ਼ੋਰ)

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ (ਸਰਦਾਰ ਵਿਰਸਾ ਸਿੰਘ ਵਲਟੋਹਾ) :** ਸਪੀਕਰ ਸਾਹਿਬ, ਪਿਛਲੇ ਦਿਨੀਂ ਮੇਰੇ ਹਲਕੇ ਵਿੱਚ ਕਾਂਗਰਸ ਦੀ ਰੈਲੀ ਹੋਈ ** ** (ਵਿਘਨ, ਸ਼ੋਰ)

**Mr. Speaker :** Not allowed. Not allowed. ਮੈਂ ਕਿਹਾ ਜੀ,

** Expunged/Not recorded as ordered by the chair.

ਰਿਕਾਰਡ ਹੀ ਨਹੀਂ ਹੋ ਰਿਹਾ। ਹਾਂ ਜੀ, ਧਿਆਨ ਦਿਵਾਊ ਨੋਟਿਸ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਪਿੰਕੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਉਨ੍ਹਾਂ ਨੇ ** ** ਨਾਅਰਾ ਲਗਾਇਆ ਅਤੇ ਇਸ ਤੋਂ ਤੁਰੰਤ ਬਾਅਦ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ** ਨਾਅਰੇ ਲਗਾਉਣ ਲੱਗ ਗਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਕੁਝ ਵੀ ਰਿਕਾਰਡ ਨਹੀਂ ਹੋ ਰਿਹਾ ਅਤੇ ਸਮਾਂ ਵੀ 11.31 ਹੋ ਗਏ ਹਨ।

(ਇਸ ਸਮੇਂ ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਸਰਦਾਰ ਵਿਰਸਾ ਸਿੰਘ ਵਲਟੋਹਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ :** ਵਲਟੋਹਾ ਸਾਹਿਬ, ਕੁਝ ਵੀ ਰਿਕਾਰਡ ਨਹੀਂ ਹੋ ਰਿਹਾ। Nothing should be recorded.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**Mr. Speaker :** Nothing should be recorded. Please go to your seats.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜਿਹੜਾ ਕਿਸਾਨ ਕੁਲਦੀਪ ਸਿੰਘ ਮਰਿਆ ਹੈ, ਉਹ ਆਪਣੇ ਸੁਸਾਈਡ ਨੋਟ ਵਿਚ ਲਿਖ ਕੇ ਗਿਆ ਹੈ ਕਿ ਪੰਜਾਬ ਸਰਕਾਰ ਜ਼ਿੰਮੇਵਾਰ ਹੈ ** ** (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਨਹੀਂ ਜੀ, nothing should be recorded. ਹੁਣ ਬਾਦਲ ਸਾਹਿਬ ਨੇ ਬੋਲਣਾ ਹੈ।

** Not recorded as ordered by the Chair.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

---

## SHORT ADJOURNMENT OF THE HOUSE

**ਮਾਨਯੋਗ ਸਪੀਕਰ :** ਸਦਨ 12.00 ਵਜੇ ਦੁਪਹਿਰ ਤੱਕ ਐਡਜਰਨ ਕੀਤਾ ਜਾਂਦਾ ਹੈ।

*11.34 ਵਜੇ ਪੂਰਵ ਦੁਪਹਿਰ (ਇਸ *ਸਮੇਂ ਸਦਨ ਸਥੱਗਿਤ ਹੋ ਗਿਆ ਅਤੇ 12.00 ਵਜੇ ਦੁਪਹਿਰ ਮੁੜ ਇਕੱਤਰ ਹੋਇਆ।)

---

## CALL ATTENTION NOTICES UNDER RULE 66

**ਮਾਨਯੋਗ ਸਪੀਕਰ :** ਧਿਆਨ ਦਿਵਾਊ ਮਤਾ, ਵੱਲੋਂ ਸਰਦਾਰ ਚਰਨਜੀਤ ਸਿੰਘ ਚੰਨੀ।

**ਕ੍ਰਮ ਨੰ: 9**

(ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।)

---

**ਮਾਨਯੋਗ ਸਪੀਕਰ :** ਅਗਲੀ ਕਾਲ ਅਟੈਂਸ਼ਨ ਸਰਦਾਰ ਮਹੇਸ਼ਇੰਦਰ ਸਿੰਘ ਜੀ ਵੱਲੋਂ ਹੈ। ਮਹੇਸ਼ਇੰਦਰ ਜੀ, ਜੋ ਤੁਹਾਡੇ ਵੱਲੋਂ ਕਾਲ ਅਟੈਂਸ਼ਨ ਦਿੱਤੀ ਗਈ ਹੈ, ਉਹੀ ਪੜ੍ਹੀ ਜਾਵੇ।

**ਕ੍ਰਮ ਨੰ: 15**

**ਸਰਦਾਰ ਮਹੇਸ਼ਇੰਦਰ ਸਿੰਘ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ

** Not recorded as ordered by the Chair.

ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਟੀ.ਵੀ. ਜੋ ਕਿ ਮਨੋਰੰਜਨ ਦਾ ਇਕ ਬਹੁਤ ਚੰਗਾ ਸਾਧਨ ਹੈ ਪਰ ਇਸ ਦੇ ਪ੍ਰਸਾਰਨਾਂ ਦਾ ਪੰਜਾਬੀ ਸਭਿਆਚਾਰ ਦੇ ਨਾਂ ਤੇ ਬਹੁਤ ਦੁਰਉਪਯੋਗ ਹੋ ਰਿਹਾ ਹੈ। ਬਹੁਤ ਸਾਰੇ ਭੜਕਾਊ ਗਾਣੇ ਜਿਵੇਂ ਕਿ ਇਕ ਸਿੰਗਰ ਦਾ ਗਾਣਾ "ਜਿੱਥੇ ਹੁੰਦੀ ਏ ਪਾਬੰਦੀ ਹਥਿਆਰਾਂ ਦੀ ਉੱਥੇ ਜੱਟ ਫਾਇਰ ਕਰਦਾ" ਆਮ ਤੌਰ ਤੇ ਟੀ.ਵੀ. ਤੇ ਵਿਖਾਇਆ ਜਾਂਦਾ ਹੈ ਅਤੇ ਸਿੰਗਰ ਤੇ ਉਸ ਦੇ ਸਾਥੀਆਂ ਦੇ ਹੱਥਾਂ ਵਿੱਚ ਆਧੁਨਿਕ ਹਥਿਆਰ ਫੜੇ ਹੋਏ ਵਿਖਾਏ ਜਾਂਦੇ ਹਨ। ਇਸੇ ਤਰ੍ਹਾਂ ਇਕ ਹੋਰ ਸਿੰਗਰ ਦਾ ਗਾਇਆ ਗਾਣਾ "ਯਾਰਾਂ ਦਾ ਵੈਲੀਆਂ ਦੇ ਬਿਨਾਂ ਨਹੀਂਉਂ ਸਰਦਾ ਵੀਰਵਾਰ ਦੇ ਦਿਨ ਵੀ ਪਰਹੇਜ਼ ਨਹੀਂਉਂ ਕਰਦਾ"। ਇਕ ਸਿੰਗਰ ਨੇ ਤਾਂ ਇੱਥੇ ਤੱਕ ਗਾਇਆ ਹੈ ਕਿ "ਯਾਰ ਰਫਲਾਂ ਰੱਖਣ ਦੇ ਸ਼ੌਂਕੀ"। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਗਾਣੇ ਅਜਿਹੇ ਹਨ ਜਿਨ੍ਹਾਂ ਵਿਚ ਹਥਿਆਰਾਂ ਦਾ ਖੁੱਲ੍ਹੇ ਆਮ ਵਿਖਾਵਾ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਟੀ.ਵੀ. ਤੇ ਵਿਗਿਆਪਨਾਂ ਵਿੱਚ ਵੀ ਵੱਖ-ਵੱਖ ਚੀਜ਼ਾਂ ਦਾ ਪ੍ਰਚਾਰ ਕਰਨ ਲਈ ਬਹੁਤ ਅਸ਼ਲੀਲਤਾ ਦਿਖਾਈ ਜਾਂਦੀ ਹੈ। ਇਨ੍ਹਾਂ ਚੀਜ਼ਾਂ ਨਾਲ ਹਿੰਸਕ ਭਾਵਨਾਵਾਂ, ਨਸ਼ਿਆਂ ਦੇ ਦੁਰਉਪਯੋਗ ਦੀ ਭਾਵਨਾ ਉਤਸ਼ਾਹਿਤ ਹੁੰਦੀ ਹੈ। ਟੀ.ਵੀ. ਤੇ ਅਸ਼ਲੀਲਤਾ ਵਿਖਾ ਕੇ ਪੰਜਾਬ ਦੇ ਬਹੁਤ ਅਮੀਰ ਵਿਰਸੇ ਨੂੰ ਢਾਹ ਲੱਗਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨਾਲ ਰਾਜ ਦੇ ਆਮ ਲੋਕਾਂ ਉੱਤੇ ਅਤੇ ਖਾਸ ਕਰਕੇ ਨੌਜਵਾਨ ਪੀੜ੍ਹੀ ਤੇ ਬੁਰਾ ਅਸਰ ਪੈ ਰਿਹਾ ਹੈ। ਪੰਜਾਬ ਦੀ ਆਮ ਜਨਤਾ ਵਿੱਚ ਇਸ ਰੁਝਾਨ ਪ੍ਰਤੀ ਨਿਰਾਸਤਾ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਲੋਕ ਹਿਤ ਦੇ ਮਸਲੇ ਤੇ ਬਹੁਤ ਹੀ ਗੰਭੀਰਤਾ ਨਾਲ ਸੋਚਣ ਤੇ ਕਾਰਵਾਈ ਕਰਨ ਦੀ ਸਖਤ ਲੋੜ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਗੰਭੀਰ ਮਾਮਲੇ ਵੱਲ ਤੁਰੰਤ ਧਿਆਨ ਦਿੱਤਾ ਜਾਵੇ ਤਾਂ ਕਿ ਰਾਜ ਦੀ ਜਵਾਨੀ ਨੂੰ ਕੁਰਾਹੇ ਪੈਣ ਤੋਂ ਰੋਕਿਆ ਜਾ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸੂਚਨਾ ਤੇ ਲੋਕ ਸੰਪਰਕ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਮਾਨਯੋਗ ਸਪੀਕਰ ਸਾਹਿਬ, ਮੈਂ ਪਵਿੱਤਰ ਸਦਨ ਵਿੱਚ ਇਹ ਦੱਸਣਾ ਚਾਹੁੰਦਾ ਹਾਂ ਕਿ ਮਾਨਯੋਗ ਮੈਂਬਰ ਸਰਦਾਰ ਮਹੇਸ਼ਇੰਦਰ ਸਿੰਘ ਜੀ ਨੇ

[ ਸੂਚਨਾ ਤੇ ਲੋਕ ਸੰਪਰਕ ਮੰਤਰੀ ]

ਇਸ ਧਿਆਨ ਦਿਵਾਊ ਨੋਟਿਸ ਰਾਹੀਂ ਇਕ ਬਹੁਤ ਹੀ ਸੰਵੇਦਨਸ਼ੀਲ, ਗੰਭੀਰ ਅਤੇ ਲੋਕ ਹਿਤਾਂ ਨਾਲ ਜੁੜਿਆ ਹੋਇਆ ਮਸਲਾ ਉਠਾਇਆ ਹੈ।

ਮਾਨਯੋਗ ਸਪੀਕਰ ਸਾਹਿਬ, ਮੈਂ ਸਦਨ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਇਸ ਸਮੇਂ ਲਗਭਗ 850 ਤੋਂ ਵੀ ਜ਼ਿਆਦਾ ਟੀ.ਵੀ. ਚੈਨਲ ਦੇਸ਼ ਵਿੱਚ ਚੱਲ ਰਹੇ ਹਨ। ਕਿਸੇ ਵੀ ਚੈਨਲ ਨੂੰ ਚਲਾਉਣ ਤੋਂ ਪਹਿਲਾਂ ਚੈਨਲ ਕੰਪਨੀ ਨੂੰ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਕੋਲੋਂ ਪ੍ਰਵਾਨਗੀ ਲੈਣੀ ਹੁੰਦੀ ਹੈ। ਇਸੇ ਤਰ੍ਹਾਂ ਚੈਨਲ ਉਤੇ ਜੋ ਵੀ ਗੀਤ ਜਾਂ ਵਿਗਿਆਪਨ ਵਿਖਾਏ ਜਾਂਦੇ ਹਨ, ਉਨ੍ਹਾਂ ਨੂੰ ਵੀ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਅਧੀਨ ਬਣੇ ਬੋਰਡ ਕੋਲੋਂ ਮਨਜ਼ੂਰ ਕਰਵਾਇਆ ਜਾਂਦਾ ਹੈ ਅਤੇ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਕੋਲੋਂ ਸੈਂਸਰ ਸਰਟੀਫ਼ਿਕੇਟ ਪ੍ਰਾਪਤ ਕਰਨ ਉਪਰੰਤ ਹੀ ਚੈਨਲਾਂ ਉਤੇ ਚਲਾਇਆ ਜਾਂਦਾ ਹੈ।

ਮਾਨਯੋਗ ਸਪੀਕਰ ਸਾਹਿਬ, ਕਿਉਂਕਿ ਕੁਝ ਗੀਤਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ, ਇਸ ਲਈ ਅਸੀਂ ਭਾਰਤ ਸਰਕਾਰ ਨਾਲ ਇਹ ਮਸਲਾ ਉਠਾ ਰਹੇ ਹਾਂ ਕਿ ਬੋਰਡ ਵਿੱਚ ਪੰਜਾਬੀਆਂ ਨੂੰ ਬਣਦੀ ਪ੍ਰਤੀਨਿਧਤਾ ਦਿੱਤੀ ਜਾਵੇ ਅਤੇ ਬੋਰਡ ਦੀ ਬ੍ਰਾਂਚ ਪੰਜਾਬ ਵਿਖੇ ਹੀ ਬਣਾਈ ਜਾਵੇ ਤਾਂ ਜੋ ਕੋਈ ਅਜਿਹੇ ਪੰਜਾਬੀ ਗੀਤ ਜਾਂ ਵਿਗਿਆਪਨ ਪ੍ਰਸਾਰਤ ਨਾ ਹੋਣ, ਜਿਨ੍ਹਾਂ ਦੇ ਪ੍ਰਸਾਰਨ ਨਾਲ ਕਿਸੇ ਦੀ ਭਾਵਨਾ ਨੂੰ ਠੇਸ ਪੁੱਜੇ।

ਮੈਂ ਅਖੀਰ ਵਿੱਚ ਪਵਿੱਤਰ ਸਦਨ ਦੇ ਧਿਆਨ ਵਿੱਚ ਇਹ ਗੱਲ ਵੀ ਲਿਆਉਣੀ ਚਾਹੁੰਦਾ ਹਾਂ ਕਿ ਗੀਤਾਂ ਜਾਂ ਵਿਗਿਆਪਨਾਂ ਨੂੰ ਪ੍ਰਸਾਰਨ ਕਰਨ ਤੋਂ ਪਹਿਲਾਂ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਅਤੇ ਬਣੇ ਬੋਰਡ ਕੋਲੋਂ ਪ੍ਰਵਾਨਗੀ ਲਈ ਜਾਂਦੀ ਹੈ ਅਤੇ ਉਸ ਉਪਰੰਤ ਇਨ੍ਹਾਂ ਨੂੰ ਪ੍ਰਸਾਰਤ ਕੀਤਾ ਜਾਂਦਾ ਹੈ। ਜੇਕਰ ਕਿਸੇ ਇਹੋ ਜਿਹੇ ਗੀਤ ਜਾਂ ਵਿਗਿਆਪਨ ਦਾ ਪ੍ਰਸਾਰਨ ਹੋ ਜਾਵੇ ਜਿਸ ਨਾਲ ਕਿਸੇ ਦੀ ਭਾਵਨਾ ਨੂੰ ਠੇਸ ਪੁੱਜੇ ਤਾਂ ਇਹੋ ਜਿਹੇ ਕੇਸਾਂ ਵਿੱਚ ਸਬੰਧਿਤ ਧਿਰ ਵੱਲੋਂ ਜ਼ਿਲ੍ਹੇ ਦੇ ਐਸ.ਐਸ.ਪੀ. ਨੂੰ ਸ਼ਿਕਾਇਤ ਕੀਤੀ ਜਾ ਸਕਦੀ ਹੈ ਅਤੇ ਮਿਲੀ ਸ਼ਿਕਾਇਤ ਤੇ ਸਰਕਾਰ ਬਣਦੀਆਂ ਧਾਰਾਵਾਂ ਜਿਵੇਂ ਕਿ 295-ਏ, 153, 153-ਏ ਆਦਿ ਆਈ.ਪੀ.ਸੀ. ਧਾਰਾਵਾਂ ਤਹਿਤ ਪਹਿਲਾਂ ਵੀ ਕਾਨੂੰਨੀ ਕਾਰਵਾਈ ਕਰਦੀ ਰਹੀ ਹੈ।

**ਸਰਦਾਰ ਮਹੇਸ਼ਇੰਦਰ ਸਿੰਘ :** ਸਪੀਕਰ ਸਾਹਿਬ, ਮੇਰੀ ਤੁਹਾਡੇ

ਰਾਹੀਂ ਮੰਤਰੀ ਸਾਹਿਬ ਨੂੰ ਅਤੇ ਸਰਕਾਰ ਨੂੰ ਗੁਜਾਰਿਸ਼ ਹੈ ਕਿ ਜਦੋਂ ਸਦਨ ਵਿੱਚ ਬਹੁਤ ਗੰਭੀਰਤਾ ਵਾਲਾ ਮਸਲਾ ਆ ਗਿਆ, ਇਕੱਲੇ ਇਕੱਲੇ ਗਾਣੇ ਖਿਲਾਫ ਆਪਾਂ ਐਸ.ਐਸ.ਪੀ. ਸਾਹਿਬ ਕੋਲ ਜਾਂ ਪੁਲਿਸ ਸਟੇਸ਼ਨਾਂ ਵਿੱਚ ਸ਼ਿਕਾਇਤ ਦਰਜ ਕਰਵਾਈਏ, ਉਸ ਤੋਂ ਬਿਹਤਰ ਹੈ ਕਿ ਸਰਕਾਰ ਹੀ ਇਸ ਸਬੰਧ ਵਿੱਚ ਕੁਝ ਕਰੇ। ਮੈਂ ਇਨ੍ਹਾਂ ਦੇ ਜਵਾਬ ਨਾਲ ਮੁਤਫਿਕ ਹਾਂ, ਸਹਿਮਤ ਹਾਂ ਕਿ ਸਾਰਾ ਕੁਝ ਕੇਂਦਰ ਦੇ ਹੱਥ ਹੈ। ਆਪਣੀ ਲੜਾਈ ਵੀ ਇਸੇ ਗੱਲ ਤੇ ਰਹੀ ਹੈ ਕਿ ਸਾਡੇ ਅਧਿਕਾਰ ਸਾਨੂੰ ਦਿੱਤੇ ਜਾਣ। ਕੇਂਦਰ ਸਰਕਾਰ ਨੂੰ ਵੀ ਇਸ ਸਬੰਧ ਵਿੱਚ ਲਿਖਿਆ ਜਾਵੇ ਅਤੇ ਆਪਣੇ ਤੌਰ ਤੇ, ਸਰਕਾਰੀ ਤੌਰ ਤੇ ਹਕੂਮਤ ਕੇਂਦਰ ਸਰਕਾਰ ਨੂੰ ਵੀ ਲਿਖੇ ਅਤੇ ਇੱਥੇ ਪੰਜਾਬ ਵਿੱਚ ਵੀ ਇਸ ਦੇ ਮੁਤੱਲਕ ਕੁਝ ਕੀਤਾ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਵੀ ਕਿਹਾ ਸੀ, ਇਨ੍ਹਾਂ ਦੀ ਗੱਲ ਵਿੱਚ ਦਮ ਤਾਂ ਜ਼ਰੂਰ ਹੈ ਪਰ ਕੁਝ ਚੀਜ਼ਾਂ certain rights ਨੂੰ ਰਿਲੇਟ ਕਰਦੀਆਂ ਹਨ ਜਿਵੇਂ ਕਿ right to expression, right to freedom and right to speech. ਇਸ ਕਰਕੇ ਸਪੈਸ਼ਲੀ ਐਮਰਜੰਸੀ ਤੋਂ ਬਾਅਦ ਇਸ ਗੱਲ ਵੱਲ ਬੜਾ ਧਿਆਨ ਦਿੱਤਾ ਜਾ ਰਿਹਾ ਸੀ ਕਿ ਜੇ ਕੋਈ ਆਪਣੀ ਗੱਲ ਰੱਖਣਾ ਚਾਹੁੰਦਾ ਹੈ, ਉਸ ਦੇ ਲਈ ਸਰਟੀਫਿਕੇਸ਼ਨ ਹੋਵੇ। ਸੈਂਸਰ ਬੋਰਡ ਵਲੋਂ ਜੋ ਸਰਟੀਫਿਕੇਟ ਮਿਲਦਾ ਹੈ, ਉਸ ਦੇ ਬਾਅਦ ਹੀ ਕੋਈ ਟੀ.ਵੀ. ਚੈਨਲ ਉਸ ਨੂੰ ਵਿਖਾਉਂਦਾ ਹੈ ਮਗਰ ਫਿਰ ਵੀ ਜੋ ਇਹੋ ਜਿਹਾ ਗੀਤ ਜਾਂ ਕੋਈ ਇਹੋ ਜਿਹੀ ਗੱਲ ਜਿਸ ਦੇ ਨਾਲ ਲਗਦਾ ਹੈ ਕਿ ਕੋਈ ਦੋ ਗੁੱਟਾਂ ਵਿੱਚ ਜਾਂ ਕਿਸੇ ਦੀ ਧਾਰਮਿਕ ਭਾਵਨਾ ਨੂੰ ਠੇਸ ਪਹੁੰਚਦੀ ਹੈ, ਉਸ ਦੇ ਤਹਿਤ ਪਹਿਲਾਂ ਵੀ ਅਸੀਂ ਤੇ ਹੋਮ ਡਿਪਾਰਟਮੈਂਟ ਨੇ ਕਾਰਵਾਈ ਕੀਤੀ ਹੈ। ਕਲਚਰਲ ਡਿਪਾਰਟਮੈਂਟ, ਹੋਮ ਡਿਪਾਰਟਮੈਂਟ ਅਤੇ ਇਨਫਰਮੇਸ਼ਨ ਤੇ ਪਬਲਿਕ ਰਿਲੇਸ਼ਨ ਡਿਪਾਰਟਮੈਂਟ ਰਲ ਮਿਲ ਕੇ ਸਮੇਂ ਸਮੇਂ ਸਿਰ ਇਸ ਸਬੰਧੀ ਕਾਰਵਾਈ ਵੀ ਕਰਦੇ ਰਹੇ ਹਨ। Social issues ਤੇ social responsibility ਅਗਰ ਰਲ ਮਿਲ ਕੇ ਨਿਭਾਈ ਜਾਵੇ, ਫਿਰ ਇਹ ਬਿਹਤਰ ਰਹਿੰਦਾ ਹੈ। ਅਗਰ ਇਹ ਕੋਈ ਸਪੈਸ਼ਲ ਕੇਸ ਦੱਸਣਗੇ ਤਾਂ ਉਸ ਬਾਰੇ ਜ਼ਰੂਰ ਪਤਾ ਕਰ ਲਵਾਂਗੇ।

---

## RESUMPTION OF DISCUSSION ON OFFICIAL RESOLUTION Reg. TAKING UP THE MATTER WITH THE CENTRAL GOVT. TO ENSURE FOR THE FARMERS REMUNERATIVE PRICES, APPROPRIATE ARRANGEMENTS FOR PROCUREMENT OF CROPS, PROVIDING NECESSARY QUALITY INPUTS AT AFFORDABLE RATES AND INSURANCE OF CROPS.

**ਮਾਨਯੋਗ ਸਪੀਕਰ :** ਮਿਤੀ 23 ਸਤੰਬਰ, 2015 ਨੂੰ ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲਿਆਂ ਦੇ ਮੰਤਰੀ ਦੁਆਰਾ ਪੇਸ਼ ਕੀਤੇ ਗਏ ਸਰਕਾਰੀ ਮਤੇ ਤੇ ਬਹਿਸ ਮੁੜ ਅਰੰਭ ਕਰਨਾ। ਹਾਂ ਜੀ, ਸੀ.ਐਮ. ਸਾਹਿਬ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸਤਿਕਾਰਯੋਗ ਸਪੀਕਰ ਸਾਹਿਬ, ਇਹ ਬਹੁਤ ਹੀ ਅਹਿਮ ਮਤਾ ਹੈ।(ਥੰਪਿੰਗ) ਇਸ ਬਹੁਤ ਹੀ ਅਹਿਮ ਮੁੱਦੇ ਤੇ ਸਾਡੇ ਬਹੁਤ ਹੀ ਸੀਨੀਅਰ ਮੰਤਰੀ ਮਿੱਤਲ ਸਾਹਿਬ ਨੇ ਹਾਊਸ ਦੇ ਸਾਹਮਣੇ ਕਿਸਾਨੀ ਦੀ ਹਾਲਤ, ਇਸ ਵਾਸਤੇ ਕਿਸ ਦੀ ਜ਼ਿੰਮੇਵਾਰੀ ਹੈ ਔਰ ਇਸ ਵਾਸਤੇ ਕੀ ਕਰਨਾ ਹੈ, ਇਹ ਮਤਾ ਲਿਆਂਦਾ ਹੈ। ਮੈਨੂੰ ਬੜਾ ਅਫ਼ਸੋਸ ਹੈ, ਅਸੀਂ ਪਿਛਲੇ ਬਹੁਤ ਸਾਰੇ ਸੈਸ਼ਨਾਂ ਦੌਰਾਨ ਵੀ ਦੇਖਿਆ ਹੈ ਕਿ ਸਾਡੇ ਸਾਹਮਣੇ ਬੈਠੇ ਵੀਰ ਆਪਣੀ ਗੱਲ ਤਾਂ ਕਹਿ ਜਾਂਦੇ ਹਨ ਪਰ ਜਦੋਂ ਸਾਡੀ ਸੁਣਾਉਣ ਦੀ ਵਾਰੀ ਹੁੰਦੀ ਹੈ ਜਾਂ ਜਵਾਬ ਦੇਣ ਦੀ ਵਾਰੀ ਹੁੰਦੀ ਹੈ, ਉਹ ਉਦੋਂ ਹਾਊਸ ਵਿਚੋਂ ਚਲੇ ਜਾਂਦੇ ਹਨ। (ਇਸ ਸਮੇਂ ਅਪੋਜ਼ੀਸ਼ਨ ਬੈਂਚਿਜ ਦੇ ਕੁਝ ਮੈਂਬਰ ਹਾਊਸ ਵਿਚ ਆ ਰਹੇ ਸਨ।) ਸ਼ੁਕਰ ਹੈ, ਇਨ੍ਹਾਂ ਦੇ ਦਰਸ਼ਨ ਹੋਣ ਲੱਗ ਪਏ ਹਨ। ਸਪੀਕਰ ਸਾਹਿਬ, ਹਰ ਇੱਕ ਪੰਜਾਬੀ ਅਤੇ ਹਰ ਇੱਕ ਦੇਸ਼ ਵਾਸੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਕਿਸਾਨ ਦੀ ਹਾਲਤ ਬਹੁਤ ਹੀ ਤਰਸਯੋਗ ਹੈ ਔਰ ਪੰਜਾਬ ਦਾ ਕਿਸਾਨ ਬਹੁਤ ਮੰਦਹਾਲੀ ਵਿਚੋਂ ਗੁਜ਼ਰ ਰਿਹਾ ਹੈ। ਕੋਈ ਸਮਾਂ ਸੀ ਜਦੋਂ ਕਿਹਾ ਜਾਂਦਾ ਸੀ ਕਿ ਉੱਤਮ ਖੇਤੀ, ਮੱਧਮ ਵਪਾਰ ਅਤੇ ਨਖਿੱਧ ਚਾਕਰੀ ਪਰ ਅੱਜ ਸਾਡਾ ਉੱਤਮ ਕਿੱਤਾ ਬਹੁਤ ਹੇਠਾਂ ਚਲਿਆ ਗਿਆ ਹੈ। ਖੇਤੀ ਪੰਜਾਬ ਦੀ ਇਕਾਨਮੀ ਦਾ ਮੋਸਟ ਇੰਪਾਰਟੈਂਟ ਸੈਕਟਰ ਹੈ। ਇਸ ਦਾ ਅੱਜ ਵੀ ਪੰਜਾਬ ਦੀ ਜੀ.ਡੀ.ਪੀ. ਵਿਚ 21 ਫੀਸਦੀ ਹਿੱਸਾ ਹੈ। ਸਾਡਾ ਰਕਬਾ ਭਾਵੇਂ 1.5 ਫੀਸਦੀ ਹੈ ਪਰ ਅਸੀਂ ਫਿਰ ਵੀ 35-40 ਫੀਸਦੀ ਅਨਾਜ ਦੇਸ਼ ਦੇ ਸਾਂਝੇ ਭੰਡਾਰ ਵਿਚ ਦਿੰਦੇ ਹਾਂ। ਮੈਂ ਅੱਜ ਪੰਜਾਬ ਦੇ ਕਿਸਾਨ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਇੰਨੀਆਂ

ਵੱਡੀਆਂ ਮੁਸ਼ਕਲਾਤਾਂ ਦੇ ਬਾਵਜੂਦ ਵੀ ਸਾਲ 2013-14 ਵਿਚ 295 ਲੱਖ ਟਨ ਅਨਾਜ ਪੈਦਾ ਕਰਕੇ ਦਿੱਤਾ ਹੈ ਅਤੇ ਇਸ ਕਰਕੇ ਆਪਣੀ ਸਟੇਟ ਨੂੰ ਸਾਲ 2014 ਵਿਚ ਕ੍ਰਿਸ਼ੀ ਕਰਮਨ ਦਾ ਅਵਾਰਡ. ਦਿੱਤਾ ਗਿਆ। ਇਹ ਅਵਾਰਡ ਪ੍ਰਧਾਨ ਮੰਤਰੀ ਜੀ ਨੇ ਸਾਨੂੰ ਆਪ ਬੁਲਾ ਕੇ ਦਿੱਤਾ। ਸਾਨੂੰ ਪੰਜਾਬ ਦੇ ਕਿਸਾਨ ਤੇ ਫ਼ਖ਼ਰ ਹੈ ਕਿ ਉਸ ਨੇ ਲਹੂ-ਪਸੀਨਾ ਇਕ ਕਰਕੇ ਮਿਹਨਤ ਨਾਲ ਜਿਥੇ ਦੇਸ਼ ਦਾ ਅੰਨ ਭੰਡਾਰ ਭਰਿਆ ਹੈ ਉਥੇ ਪੰਜਾਬ ਦਾ ਨਾਮ ਵੀ ਉੱਚਾ ਕੀਤਾ ਹੈ। ਪੰਜਾਬ ਦਾ ਕਿਸਾਨ ਅਜ਼ਾਦੀ ਤੋਂ ਬਾਅਦ ਤੋਂ ਹੀ ਦੇਸ਼ ਦੀ ਫੂਡ ਸਕਿਉਰਿਟੀ ਵਿਚ ਆਪਣਾ ਵੱਡਾ ਯੋਗਦਾਨ ਪਾ ਰਿਹਾ ਹੈ ਅਤੇ ਪੰਜਾਬ ਦਾ ਕਿਸਾਨ ਹੀ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ। ਉਸ ਸਮੇਂ ਸਾਡੇ ਮੁਲਕ ਦੀ ਹਾਲਤ ਇਹ ਸੀ ਕਿ ਜਿਵੇਂ ਅਸੀਂ ਬਾਹਰਲੇ ਮੁਲਕਾਂ ਤੋਂ ਭੀਖ ਮੰਗਣੀ ਹੁੰਦੀ ਹੈ, ਭੁੱਖੇ-ਨੰਗੇ ਲੋਕਾਂ ਦੀਆਂ ਫੋਟੋਆਂ ਵਿਖਾ ਕੇ ਬਾਹਰੋਂ ਅਨਾਜ ਮੰਗਵਾਉਂਦੇ ਸੀ। ਇਹ ਸਾਡੇ ਦੇਸ਼ ਦੀ ਆਨ ਅਤੇ ਸ਼ਾਨ ਤੇ ਬਹੁਤ ਵੱਡੀ ਸੱਟ ਸੀ ਪਰ ਪੰਜਾਬ ਦੇ ਕਿਸਾਨ ਨੇ ਇਹ ਚੈਲੰਜ ਮਨਜ਼ੂਰ ਕੀਤਾ।

**ਸ਼੍ਰੀ ਸੁਨੀਲ ਜਾਖੜ :** ਮੈਂ ਇਕ ਗੁਸਤਾਖੀ ਕਰਾਂ ਜੀ।(...ਵਿਘਨ, ਸ਼ੋਰ)

**ਮੁੱਖ ਮੰਤਰੀ :** ਚੌਧਰੀ ਸਾਹਿਬ, ਮੇਰੀ ਗੱਲ ਸੁਣੋ, ਤੁਹਾਡੀ ਇਹ ਗੱਲ ਚੰਗੀ ਨਹੀਂ ਹੈ। ਤੁਸੀਂ ਹਰ ਥਾਂ ਬੋਲਦੇ ਹੋ।(...ਵਿਘਨ, ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਅਸੀਂ ਪੰਜਾਬ ਦੇ ਕਿਸਾਨ ਤੇ ਸਵਾਲ ਨਹੀਂ ਕੀਤਾ। ਸਾਡਾ ਸਵਾਲ ਤਾਂ ਪੰਜਾਬ ਸਰਕਾਰ ਤੇ ਹੈ। ਅੱਜ ਕਿਸਾਨ ਮਰਿਆ ਹੈ, ਇਹ ਉਸ ਤੇ ਬੋਲਣ।(...ਵਿਘਨ, ਸ਼ੋਰ)

**ਮੁੱਖ ਮੰਤਰੀ :** ਮੈਂ ਤਾਂ ਅਜੇ ਆਪਣੀ ਗੱਲ ਸ਼ੁਰੂ ਹੀ ਕੀਤੀ ਹੈ।(...ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਇਹ ਕਿਸਾਨੀ ਤੇ ਹੀ ਬੋਲ ਰਹੇ ਹਨ। Please sit down.

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਸ਼੍ਰੀ ਸੁਨੀਲ ਜਾਖੜ :** ਵਲਟੋਹਾ ਸਾਹਿਬ, ਤੁਹਾਨੂੰ ਉਮਰ ਦੱਸਣ ਦੀ ਲੋੜ ਨਹੀਂ, ਮੈਂ ਸੀ.ਐਮ. ਸਾਹਿਬ ਦੀ ਤੁਹਾਡੇ ਨਾਲੋਂ ਜ਼ਿਆਦਾ ਇੱਜ਼ਤ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਕੋਲ ਆਫਿਸ ਵਿਚ ਗਿਆ ਅਤੇ ਕਿਹਾ ਕਿ ਸਾਨੂੰ ਪਹਿਲਾਂ ਕਿਸਾਨ ਦੀ ਗੱਲ ਕਰ ਲੈਣ ਦਿਓ, ਜਿਸ ਨੇ ਆਤਮ ਹੱਤਿਆ ਕੀਤੀ ਹੈ। ਅਸੀਂ ਸੀ.ਐਮ. ਸਾਹਿਬ ਨੂੰ ਪੂਰਾ ਮੌਕਾ ਦਿਆਂਗੇ। ਸਪੀਕਰ ਸਾਹਿਬ, ਉਸ ਕਿਸਾਨ ਨੇ ਨੋਟ ਲਿਖ ਕੇ ਛੱਡਿਆ ਹੈ ਕਿ ਮੇਰੀ ਆਤਮ ਹੱਤਿਆ ਵਾਸਤੇ ਪੰਜਾਬ ਸਰਕਾਰ ਜ਼ਿੰਮੇਵਾਰ ਹੈ।

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) :** ਸਪੀਕਰ ਸਾਹਿਬ... (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਵਲਟੋਹਾ ਸਾਹਿਬ, ਤੁਸੀਂ ਬੈਠ ਜਾਓ। (...ਵਿਘਨ, ਸ਼ੋਰ)

**ਸ਼੍ਰੀ ਸੁਨੀਲ ਜਾਖੜ :** ** ** (...ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਹੁਣ ਸੀ.ਐਮ. ਸਾਹਿਬ ਬੋਲ ਰਹੇ ਹਨ, ਉਨ੍ਹਾਂ ਨੂੰ ਸੁਣ ਲਵੋ।

**ਸ਼੍ਰੀ ਸੁਨੀਲ ਜਾਖੜ :** ਸਾਨੂੰ ਪਹਿਲਾਂ ਕਿਸਾਨ ਦੀ ਗੱਲ ਕਰ ਲੈਣ ਦਿਓ। ਉਸ ਕਿਸਾਨ ਨੇ ਅੱਜ ਸਵੇਰੇ ਸਾਢੇ ਚਾਰ ਵਜੇ ਆਤਮ ਹੱਤਿਆ ਕੀਤੀ ਹੈ। ** ** ਐਡਜਰਨਮੈਂਟ ਕਿਉਂ ਹੋਈ ਸੀ?

**ਮਾਨਯੋਗ ਸਪੀਕਰ :** ** ** ਸ਼ਬਦ ਐਕਸਪੰਜ ਕਰ ਦਿੱਤੇ ਜਾਣ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜਿਹੜੇ ਕਿਸਾਨ ਨੇ ਅੱਜ ਸਵੇਰੇ 4.30 ਵਜੇ ਆਤਮ ਹੱਤਿਆ ਕੀਤੀ ਹੈ, ਮੈਂ ਉਸ ਬਾਰੇ ਗੱਲ ਕਰ ਰਿਹਾ ਹਾਂ। ਸਪੀਕਰ ਸਾਹਿਬ, ਤੁਸੀਂ ਤਾਂ ** ** ਉਸ ਦੇ ਵਿੱਚ ਸਾਨੂੰ ਗੱਲ ਰੱਖਣ ਨਹੀਂ ਦਿੰਦੇ। ਸਪੀਕਰ ਸਾਹਿਬ, adjournment ਕਿਉਂ ਹੋਈ ਸੀ। ਮੈਂ ਤੁਹਾਨੂੰ ਬੇਨਤੀ ਕੀਤੀ ਸੀ ਕਿ ਸਾਨੂੰ ਕਿਸਾਨ ਦੀ ਗੱਲ ਕਹਿ ਲੈਣ ਦਿਓ। (...ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਇਹ ** ** ਐਕਸਪੰਜ ਕਰ ਦਿੱਤੇ ਜਾਣ। Please sit down. Nothing should be recorded. ਜੋ ਵੀ ਮੇਰੀ ਪਰਮਿਸ਼ਨ

---

** Expunged/Not recorded as ordered by the Chair.

ਤੋਂ ਬਗੈਰ ਅਤੇ ਸੀ.ਐਮ. ਸਾਹਿਬ ਦੇ ਖਿਲਾਫ ਬੋਲਿਆ ਗਿਆ ਹੈ, ਉਹ ਐਕਸਪੰਜ ਕਰ ਦਿਓ। ਸਿਰਫ ਸੀ.ਐਮ. ਸਾਹਿਬ ਦੀ ਸਪੀਚ ਰਿਕਾਰਡ ਤੇ ਆਏਗੀ।

**ਸ਼੍ਰੀ ਸੁਨੀਲ ਜਾਖੜ :** ਸੀ.ਐਮ. ਸਾਹਿਬ ਪਹਿਲਾਂ ਇਸ ਬਾਰੇ ਜਵਾਬ ਦੇ ਦੇਣ, ਫਿਰ ਮੈਂ ਤਿੰਨ ਘੰਟੇ ਵੀ ਬੈਠਾਂਗਾ। ਮੈਂ ਇਕੱਲਾ ਬੈਠ ਕੇ ਸੁਣ ਲਵਾਂਗਾ। ਪਹਿਲਾਂ ਕਿਸਾਨ ਦੀ ਆਤਮ ਹੱਤਿਆ ਬਾਰੇ ਦੱਸ ਦੇਣ। ਇਹ ਆਤਮ ਹੱਤਿਆ ਕਿਸ ਦੇ ਖਾਤੇ ਵਿੱਚ ਪਾਉਣਗੇ? ਕੀ ਸਦਨ ਵਿੱਚ ਕਿਸਾਨ ਦੀ ਗੱਲ ਨਹੀਂ ਹੋ ਸਕਦੀ? (...ਵਿਘਨ, ਸ਼ੋਰ)

---

## WALKOUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ, ਬਠਿੰਡਾ ਜ਼ਿਲ੍ਹੇ ਦੇ ਕਿਸਾਨ ਦੀ ਆਤਮ ਹੱਤਿਆ ਦੇ ਮੁੱਦੇ ਤੇ ਜਵਾਬ ਮੰਗਣ ਸਬੰਧੀ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

---

## DISCUSSION ON OFFICIAL RESOLUTION Reg. TAKING UP THE MATTER WITH THE CENTRAL GOVT. TO ENSURE FOR THE FARMERS REMUNERATIVE PRICES, APPROPRIATE ARRANGEMENTS FOR PROCUREMENT OF CROPS, PROVIDING NECESSARY QUALITY INPUTS AT AFFORDABLE RATES AND INSURANCE OF CROPS *(Resumption)*

**ਮੁੱਖ ਮੰਤਰੀ :** ਸਪੀਕਰ ਸਾਹਿਬ, ਕੱਲ੍ਹ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਸਦਨ ਵਿੱਚ ਪੌਣੇ ਦੋ ਘੰਟੇ ਸਪੀਚ ਕੀਤੀ ਪਰ ਬੜੇ ਅਫਸੋਸ ਦੀ ਗੱਲ ਹੈ ਕਿ...

---

** Expunged/Not recorded as ordered by the Chair.

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਤੁਹਾਡੇ ਚੈਂਬਰ ਵਿੱਚ ਇਹ ਬੜਾ ਸਤਿਕਾਰ ਦਿਖਾਉਂਦੇ ਰਹੇ ਹਨ ਕਿ ਸੀ.ਐਮ. ਸਾਹਿਬ ਸਾਡੇ ਬਾਪ ਦੇ ਬਰਾਬਰ ਹਨ ਅਤੇ ਅਸੀਂ ਉਨ੍ਹਾਂ ਨੂੰ ਸੁਣਾਂਗੇ। ਮੈਨੂੰ ਬੜਾ ਮਜਬੂਰ ਹੋ ਕੇ ਕਹਿਣਾ ਪੈ ਰਿਹਾ ਹੈ ਕਿ ਹਾਊਸ ਵਿੱਚ ਕੱਲ੍ਹ ਵੀ ਤੇ ਅੱਜ ਵੀ ਜਦੋਂ ਸੀ.ਐਮ. ਸਾਹਿਬ ਬੋਲ ਰਹੇ ਹਨ, ਲੀਡਰ ਆਫ ਦਿ ਹਾਊਸ ਬੋਲ ਰਹੇ ਹਨ, ਉਨ੍ਹਾਂ ਦੀ ਗੱਲ ਸੁਣੀ ਨਹੀਂ ਗਈ, ਵਿਚੇ ਟੋਕਾ-ਟਾਕੀ ਸ਼ੁਰੂ ਕਰ ਦਿੱਤੀ। ਇਹ ਕਿੰਨਾ ਅਨਫੇਅਰ ਹੈ। ਰੂਲ ਇਹ ਪਰਮਿਟ ਕਰਦੇ ਹਨ ਕਿ ਜੇਕਰ ਕਿਸੇ ਗੱਲ ਦਾ ਜਵਾਬ ਨਹੀਂ ਆਇਆ ਤਾਂ ਮੁੱਖ ਮੰਤਰੀ ਜੀ ਦੀ ਸਪੀਚ ਖ਼ਤਮ ਹੋਣ ਤੋਂ ਬਾਅਦ they can seek clarification. ਹਾਲੇ ਉਨ੍ਹਾਂ ਨੇ ਬੋਲਣਾ ਸ਼ੁਰੂ ਨਹੀਂ ਕੀਤਾ ਤੇ ਪਹਿਲਾਂ ਹੀ ਕਲੈਰੀਫਿਕੇਸ਼ਨ ਮੰਗਣੀ ਸ਼ੁਰੂ ਕਰ ਦਿੱਤੀ। This is most unfair for the Leader of the Opposition.

**ਮਾਨਯੋਗ ਸਪੀਕਰ :** ਮੈਂ ਤਾਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਹੈ ਪਰ ਜੇਕਰ ਇਹ ਸਿਰੇ ਨਾ ਚੜ੍ਹੇ ਤਾਂ what can I do?

**ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਸੋਹਣ ਸਿੰਘ ਠੰਡਲ) (ਬੈਠੇ-ਬੈਠੇ) :** ਅੱਗੇ ਤੋਂ ਅਸੀਂ ਵੀ ਨਹੀਂ ਬੋਲਣ ਦੇਣਾ।

**ਮੁੱਖ ਮੰਤਰੀ :** ਚਲੋ, ਛੱਡੋ। ਸਵਾਦ ਤਾਂ ਉਦੋਂ ਆਉਂਦਾ ਹੈ ਜਦੋਂ ਸਾਹਮਣੇ ਕੋਈ ਬੈਠਾ ਹੋਵੇ ਪਰੰਤੂ ਸਾਹਮਣੇ ਖਾਲੀ ਕੁਰਸੀਆਂ ਹਨ।

ਸਪੀਕਰ ਸਾਹਿਬ, ਮੈਂ ਕਹਿ ਰਿਹਾ ਸਾਂ ਕਿ ਅਰੰਭ ਤੋਂ, ਦੇਸ਼ ਦੀ ਅਜ਼ਾਦੀ ਤੋਂ ਬਾਅਦ ਜਿਹੜਾ ਵੱਡਾ ਚੈਲੰਜ ਹਿੰਦੁਸਤਾਨ ਨੂੰ ਸੀ, ਉਹ ਖੁਰਾਕ ਦਾ ਸੀ। ਉਸ ਚੈਲੰਜ ਨੂੰ ਜੇ ਕਿਸੇ ਨੇ ਕਬੂਲ ਕੀਤਾ ਹੈ ਤਾਂ ਪੰਜਾਬ ਦੇ ਕਿਸਾਨ ਨੇ ਕੀਤਾ ਹੈ ਅਤੇ ਆਪਣਾ ਸਭ ਕੁਝ ਲੁਟਾ ਦਿੱਤਾ। ਕਿਸਾਨ ਕੋਲ ਸਿਰਫ਼ ਦੋ ਹੀ ਚੀਜ਼ਾਂ ਹਨ, ਇੱਕ ਜ਼ਮੀਨ ਅਤੇ ਇੱਕ ਪਾਣੀ ਅਤੇ ਤੀਜੀ ਉਸ ਦੀ ਮਿਹਨਤ। ਉਸ ਨੇ ਆਪਣਾ ਖੂਨ-ਪਸੀਨਾ ਇੱਕ ਕਰਕੇ, ਪੋਹ-ਮਾਘ ਦੀਆਂ ਠੰਢੀਆਂ ਰਾਤਾਂ ਵਿੱਚ, ਜੇਠ-ਹਾੜ੍ਹ ਦੀਆਂ ਧੁੱਪਾਂ ਵਿੱਚ ਕੰਮ ਕੀਤਾ ਅਤੇ ਇਥੋਂ ਤੱਕ ਕਿ ਆਪਣੀ ਧਰਤੀ ਦਾ ਪਾਣੀ ਵੀ ਸੁਕਾ ਲਿਆ ਤੇ ਆਪਣੀ ਜ਼ਮੀਨ ਦੀ ਸ਼ਕਤੀ ਨੂੰ ਕਮਜ਼ੋਰ ਕਰ ਲਿਆ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।।

ਪਾਣੀ ਨੂੰ ਪਿਤਾ ਦਾ ਦਰਜਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਜਾਂਦਾ ਹੈ ਲੇਕਿਨ ਇੱਕ ਕਿਸਾਨ ਹੈ ਜਿਸ ਨੇ ਆਪਣੇ ਮਾਂ-ਬਾਪ ਦੀ ਕੁਰਬਾਨੀ ਕਰਕੇ ਵੀ ਦੇਸ਼ ਦਾ ਪੇਟ ਭਰਿਆ ਅਤੇ ਉਦੋਂ ਤੋਂ ਲੈ ਕੇ ਅੱਜ ਤੱਕ ਪੇਟ ਭਰ ਰਿਹਾ ਹੈ। ਹੁਣ ਸਵਾਲ ਆਉਂਦਾ ਹੈ ਕਿ ਇੰਨਾ ਕੁਝ ਕਰਨ ਤੋਂ ਬਾਅਦ ਅੱਜ ਉਸ ਕਿਸਾਨ ਦੀ ਹਾਲਤ ਕੀ ਹੈ। ਅੱਜ ਕਿਸਾਨ ਦੇ ਸਿਰ ਤੇ 32 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਉਹ ਖੁਦਕੁਸ਼ੀਆਂ ਕਰ ਰਿਹਾ ਹੈ। ਕਿਸਾਨ ਨਾਲ ਹਮਦਰਦੀ ਸਾਰਿਆਂ ਨੂੰ ਹੀ ਹੈ। ਅਸਲੀ ਗੱਲ ਸਮਝਣ ਵਾਲੀ ਇਹ ਹੈ ਕਿ ਕਿਸਾਨ ਦੀ ਇਸ ਹਾਲਤ ਦੀ ਜ਼ਿੰਮੇਵਾਰੀ ਕਿਸ ਦੀ ਹੈ? ਉਹ ਵੀ ਸਮਾਂ ਸੀ, 1950-51 ਵਿੱਚ ਹਿੰਦੁਸਤਾਨ ਦੀ ਜੀ.ਡੀ.ਪੀ. ਵਿੱਚ 56.5% ਹਿੱਸਾ ਖੇਤੀ ਦਾ ਹੁੰਦਾ ਸੀ, ਜੋ ਅੱਜ ਸਿਰਫ 13% ਰਹਿ ਗਿਆ ਹੈ। ਅਬਾਦੀ ਉਥੇ ਹੀ ਖੜ੍ਹੀ ਹੈ ਪਰੰਤੂ ਦੇਸ਼ ਦਾ ਖੇਤੀ ਹੇਠ ਰਕਬਾ ਕਈ ਗੁਣਾ ਘੱਟ ਗਿਆ ਹੈ। ਸਾਨੂੰ ਚਾਹੀਦਾ ਤਾਂ ਇਹ ਸੀ ਕਿ ਇਸ ਦੇ ਹੱਲ ਲਈ ਵਿਚਾਰਾਂ ਕਰਦੇ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਕਈ ਦਿਨਾਂ ਤੋਂ ਮੇਰੀ ਤਬੀਅਤ ਵੀ ਠੀਕ ਨਹੀਂ ਸੀ ਲੇਕਿਨ ਆਪਣੀ ਰਾਜਨੀਤਿਕ ਡਿਊਟੀ ਸਮਝਦੇ ਹੋਏ, ਇਖਲਾਕੀ ਡਿਊਟੀ ਸਮਝਦੇ ਹੋਏ ਮੈਂ ਇਸ ਹਾਊਸ ਵਿੱਚ ਬੈਠਾ ਰਿਹਾ। ਸਿਰਫ਼ ਇਸ ਕਰਕੇ ਕਿ ਆਪੋਜ਼ੀਸ਼ਨ ਵੱਲੋਂ ਕੋਈ ਚੰਗੇ ਸੁਝਾਅ ਆਉਣਗੇ ਅਤੇ ਦੱਸਣਗੇ ਕਿ ਇਹ ਮਸਲਾ ਕਿਵੇਂ ਹੱਲ ਹੋਵੇਗਾ। ਇਸ ਮਸਲੇ ਨੂੰ ਨਾ ਤਾਂ ਸਟੇਟ ਗੌਰਮਿੰਟ ਇਕੱਲੀ ਹੱਲ ਕਰ ਸਕਦੀ ਹੈ ਅਤੇ ਨਾ ਹੀ ਕੇਂਦਰ ਸਰਕਾਰ ਕਰ ਸਕਦੀ ਹੈ। ਇਸ ਵਾਸਤੇ ਕਿਸਾਨ ਨੂੰ ਵੀ ਮਿਲਵਰਤਣ ਦੇਣਾ ਹੋਵੇਗਾ, ਸਟੇਟ ਗੌਰਮਿੰਟ ਨੂੰ ਵੀ ਮਦਦ ਕਰਨੀ ਪਵੇਗੀ ਅਤੇ ਸੈਂਟਰ ਦੀ ਸਰਕਾਰ ਨੂੰ ਵੀ ਇਸ ਪਾਸੇ ਧਿਆਨ ਦੇਣਾ ਹੋਵੇਗਾ।

ਅਜਿਹਾ ਨਹੀਂ ਹੈ ਕਿ ਸਾਲ, ਦੋ ਸਾਲ ਵਿੱਚ ਹੀ ਕਿਸਾਨ ਦੀ ਹਾਲਤ ਨਿਘਰ ਗਈ। ਇਸ ਦੇਸ਼ ਵਿੱਚ ਕਾਂਗਰਸ ਦਾ ਸੈਂਟਰ ਵਿੱਚ ਲੰਮਾ ਸਮਾਂ ਲਗਾਤਾਰ ਰਾਜ ਰਿਹਾ ਹੈ। ਐਗਰੀਕਲਚਰ ਪਾਲਿਸੀ ਤਿਆਰ ਕਰਨੀ ਉਨ੍ਹਾਂ ਦੇ ਹੱਥ ਵਿੱਚ ਸੀ। ਇਹ ਬੜੇ ਦੁੱਖ ਦੀ ਗੱਲ ਹੈ ਕਿ ਵਿਧਾਨ ਬਣਨ ਸਮੇਂ ਖੇਤੀਬਾੜੀ ਜਿਹੜਾ ਸਟੇਟ ਸਬਜੈਕਟ ਸੀ, ਸੈਂਟਰ ਦੀਆਂ ਕਾਂਗਰਸ ਸਰਕਾਰਾਂ ਨੇ ਸਟੇਟ ਤੋਂ ਉਸ ਦੇ ਸਾਰੇ ਅਧਿਕਾਰ ਲੈ ਕੇ ਆਪਣੇ ਹੱਥ ਵਿੱਚ ਲੈ ਲਏ। ਅਸਲ ਕੁੰਜੀ

[ ਮੁੱਖ ਮੰਤਰੀ ]

ਜਿਹੜੀ ਕਿਸਾਨ ਦੇ ਆਰਥਿਕ ਹਾਲਾਤ ਨੂੰ ਬਿਹਤਰ ਬਣਾਉਣ ਵਾਲੀ ਸੀ, ਉਹ ਕੁੰਜੀ ਸੈਂਟਰ ਸਰਕਾਰ ਨੇ ਆਪਣੇ ਹੱਥ ਵਿਚ ਲੈ ਲਈ। ਫਸਲਾਂ ਦੇ ਭਾਅ ਮੁਕੱਰਰ ਕਰਨੇ ਹਨ ਤਾਂ ਉਹ ਵੀ ਸੈਂਟਰ ਨੇ ਕਰਨੇ ਹਨ, ਸਾਨੂੰ ਪੁੱਛਦੇ ਤੱਕ ਨਹੀਂ। ਸਾਡੀ ਯੂਨੀਵਰਸਿਟੀ ਵੀ ਇਸ ਬਾਰੇ ਲਿਖਦੀ ਰਹੀ ਅਤੇ ਅਸੀਂ ਵੀ ਲਿਖਦੇ ਰਹੇ ਹਾਂ। ਮੈਂ ਸਭ ਦੀ ਇੱਜ਼ਤ ਕਰਦਾ ਹਾਂ, ਲੇਕਿਨ ਉਸ ਸਮੇਂ ਦੇ ਪ੍ਰਧਾਨ ਮੰਤਰੀ ਸਾਹਿਬ ਨੇ ਇਖਲਾਕੀ ਤੌਰ ਤੇ ਕਦੇ ਵੀ ਕਿਸੇ ਚੀਫ ਮਨਿਸਟਰ ਨੂੰ ਨਹੀਂ ਪੁੱਛਿਆ ਕਿ ਤੁਸੀਂ ਵੀ ਆਪਣੀ ਰਾਏ ਦੇ ਦਿਉ ਕਿ ਕੀ ਭਾਅ ਮੁਕੱਰਰ ਹੋਣਾ ਚਾਹੀਦਾ ਹੈ?

ਅਸਲੀ ਮਸਲਾ ਕੀ ਹੈ? ਭਾਵੇਂ ਆਪਾਂ 2 ਘੰਟੇ ਜਾਂ 3 ਘੰਟੇ ਬਹਿਸ ਕਰ ਲਈਏ। ਸਾਡਾਂ ਕਿਸਾਨ ਜਿਹੜਾ ਖਰਚ ਕਰਦਾ ਹੈ, ਜੋ ਕਾਸਟ ਆਫ ਪ੍ਰੋਡਕਸ਼ਨ ਆਉਂਦੀ ਹੈ, ਕਿਸਾਨ ਨੂੰ ਉਸ ਦੇ ਮੁਤਾਬਿਕ ਕੀਮਤ ਨਹੀਂ ਮਿਲਦੀ। ਖਰਚ ਵਧਦਾ ਜਾ ਰਿਹਾ ਹੈ ਪ੍ਰੰਤੂ ਕੀਮਤ ਥੋੜ੍ਹੀ ਜਿਹੀ ਹੀ ਵਧਦੀ ਹੈ। ਕੋਈ ਵੀ ਵਪਾਰੀ ਹੋਵੇ ਜਾਂ ਇੰਡਸਟਰੀਲਿਸਟ ਹੋਵੇ ਜੇਕਰ ਉਸਦਾ ਖਰਚ ਵੱਧ ਹੋਵੇਗਾ ਅਤੇ ਆਮਦਨ ਘੱਟ ਤਾਂ ਫਿਰ ਉਸ ਨੇ ਕਰਜ਼ਾਈ ਹੀ ਹੋਣਾ ਹੈ। ਇਸ ਲਈ ਇਕ ਵੱਡਾ ਕਾਰਨ ਇਹ ਹੈ ਕਿ ਕਾਂਗਰਸ ਦੀਆਂ ਸਰਕਾਰਾਂ ਨੇ ਫਸਲਾਂ ਉੱਪਰ ਹੋਏ ਖਰਚ ਦੇ ਮੁਤਾਬਿਕ ਕਿਸਾਨ ਨੂੰ ਫਸਲ ਦੀ ਕੀਮਤ ਨਹੀਂ ਦਿੱਤੀ।. ਹੌਲੀ ਹੌਲੀ ਉਸ ਨੂੰ slow poisoning ਦੇ ਕੇ ਅੱਜ ਦੇ ਹਾਲਾਤ ਤੇ ਪਹੁੰਚਾ ਦਿੱਤਾ ਹੈ। ਮੇਰੇ ਵੀਰ (ਅਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਇਥੋਂ ਚਲੇ ਗਏ ਹਨ, ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਸੀ ਕਿ ਤੁਸੀਂ ਦੱਸੋ ਕਿ ਸੈਂਟਰ ਵਿਚ ਕਾਂਗਰਸ ਦਾ ਬਹੁਤ ਸਮਾਂ ਰਾਜ ਰਿਹਾ ਹੈ, ਤੁਸੀਂ ਕਦੇ ਕੁਝ ਆਖਿਆ ਹੈ?

*12.27 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਰਦਾਰ ਇਕਬਾਲ ਸਿੰਘ ਝੂੰਦਾਂ, ਮੈਂਬਰ,ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਹੁਣ ਤਾਂ ਸਪੀਕਰ ਸਾਹਿਬ ਆਪ ਵੀ ਚਲੇ ਗਏ ਹਨ। ਉਧਰੋਂ ਕਾਂਗਰਸ ਵਾਲੇ ਚਲੇ ਗਏ ਹਨ ਅਤੇ ਇਧਰੋਂ ਸਪੀਕਰ ਸਾਹਿਬ ਚਲੇ ਗਏ ਹਨ। ਚਲੋ, ਉਨ੍ਹਾਂ ਦੀ ਮਰਜ਼ੀ ਹੈ। ਮੈਨੂੰ ਤਾਂ ਕੋਈ ਫਰਕ ਵੀ ਨਹੀਂ ਪੈਂਦਾ ਕਿਉਂਕਿ ਮੈਂ ਤਾਂ ਜੋ ਕੁਝ ਬੋਲਣਾ ਹੈ, ਉਹ ਬੋਲਣਾ ਹੀ ਹੈ। ਚਲੋ, ਸ਼ੁਕਰ ਹੈ ਕਿ ਚੰਗੇ ਸੱਜਣ ਆ ਗਏ ਹਨ।

ਚੇਅਰਮੈਨ ਸਾਹਿਬ, ਸੈਂਟਰ ਦਾ ਜਿਹੜਾ ਬਜਟ ਹੈ ਉਸ ਵਿੱਚ ਐਗਰੀਕਲਚਰ ਵਾਸਤੇ ਵੱਧ ਪੈਸਾ ਰੱਖਿਆ ਜਾਵੇ ਤਾਂ ਜੋ ਕਿਸਾਨ ਨੂੰ ਫਸਲ ਦਾ ਪ੍ਰਾਈਸ ਠੀਕ ਮਿਲੇ। ਜਿਹੜੀ ਪਹਿਲੀ ਪੰਜ ਸਾਲਾ ਯੋਜਨਾ ਬਣੀ ਸੀ, ਉਸ ਵਿੱਚ ਖੇਤੀਬਾੜੀ ਸੈਕਟਰ ਵਾਸਤੇ ਪਲਾਨ ਦਾ 31% ਹਿੱਸਾ ਦਿੱਤਾ ਜਾਂਦਾ ਸੀ। ਇਹ ਰਿਕਾਰਡ ਤੇ ਹੈ ਕਿ ਹੁਣ 12ਵੀਂ ਪਲਾਨ ਦੇ ਸਮੇਂ ਤੱਕ ਇਹ ਸਿਰਫ਼ 17% ਰਹਿ ਗਿਆ ਹੈ। ਹੁਣ ਤੁਸੀਂ ਆਪ ਸਮਝ ਲਵੋ ਕਿ ਜੇਕਰ ਖਰਚ ਵਧਣਾ ਹੈ ਅਤੇ ਆਮਦਨ ਉਨੀ ਵਧਣੀ ਨਹੀਂ ਤਾਂ ਕਿਸਾਨ ਨੇ ਕਰਜ਼ਾਈ ਹੀ ਹੋਣਾ ਹੈ। ਚੇਅਰਮੈਨ ਸ਼ਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਐਸ.ਏ.ਡੀ. ਅਤੇ ਬੀ.ਜੇ.ਪੀ. ਗੌਰਮਿੰਟ ਨੇ ਕਦਮ ਕਦਮ ਤੇ ਕਿਸਾਨ ਦੀ ਮਦਦ ਕੀਤੀ ਹੈ। ਜੇਕਰ ਚੌਧਰੀ ਸਾਹਿਬ (ਵਿਰੋਧੀ ਧਿਰ ਦੇ ਲੀਡਰ) ਬੈਠੇ ਹੁੰਦੇ ਤਾਂ ਮੈਂ ਪੁੱਛਦਾ ਕਿ ਕੋਈ ਇਕ ਪੁਆਇੰਟ ਦੱਸ ਦਿਉ ਜਿਹੜਾ ਤੁਸੀਂ ਖੇਤੀਬਾੜੀ ਵਾਸਤੇ ਕੀਤਾ ਹੈ ਅਤੇ ਮੇਰੇ ਕੋਲੋਂ ਪੁੱਛ ਲਵੋ ਕਿ ਮੈਂ ਇਕ ਪੁਆਇੰਟ ਵੀ ਜਿਹੜਾ ਕਿਸਾਨ ਵਾਸਤੇ ਕਰ ਸਕਦਾ ਸੀ, ਉਹ ਨਹੀਂ ਕੀਤਾ। ਪਹਿਲਾਂ ਤਾਂ ਕਿਸਾਨ ਵਾਸਤੇ ਇਰੀਗੇਸ਼ਨ ਦਾ ਪ੍ਰਬੰਧ ਕੀਤਾ ਹੈ ਕਿਉਂਜੋ ਪਾਣੀ ਬਿਨਾਂ ਖੇਤੀ ਨਹੀਂ ਹੋ ਸਕਦੀ। ਹਿੰਦੁਸਤਾਨ ਵਿਚ ਪੰਜਾਬ ਦੀ ਪਹਿਲੀ ਸਰਕਾਰ ਹੈ ਜਿਸ ਨੇ ਟਿਊਬਵੈਲਾਂ ਦੇ ਬਿਜਲੀ ਦੇ ਬਿੱਲ ਮੁਆਫ਼ ਕੀਤੇ ਹਨ।(ਥੰਪਿੰਗ) ਸਾਡੀ ਨੁਕਤਾਚੀਨੀ ਵੀ ਹੋਈ, ਪ੍ਰੈਸ ਨੇ ਵੀ ਨੁਕਤਾਚੀਨੀ ਕੀਤੀ, ਅਪੋਜ਼ੀਸ਼ਨ ਨੇ ਵੀ ਕੀਤੀ ਕਿ ਇਹ ਗਲਤ ਫੈਸਲਾ ਕੀਤਾ ਹੈ। ਜਦੋਂ ਤੋਂ ਐਸ.ਏ.ਡੀ.-ਬੀ.ਜੇ.ਪੀ. ਦੀ ਸਰਕਾਰ ਚੱਲ ਰਹੀ ਹੈ, ਪੰਜਾਬ ਦੇ ਕਿਸਾਨ ਨੇ ਟਿਊਬਵੈੱਲਾਂ ਦੇ ਬਿਜਲੀ ਦੇ ਬਿਲ ਦਾ ਇਕ ਪੈਸਾ ਵੀ ਨਹੀਂ ਦਿੱਤਾ। ਅਸੀਂ ਹਰੇਕ ਸਾਲ ਬਿਜਲੀ ਬੋਰਡ ਨੂੰ 4900 ਕਰੋੜ ਰੁਪਿਆ ਦਿੰਦੇ ਹਾਂ। ਹੁਣ ਤੱਕ 28000 ਕਰੋੜ ਰੁਪਏ ਕਿਸਾਨਾਂ ਦੀਆਂ ਜੇਬਾਂ ਵਿਚੋਂ ਜਾਣੇ ਸਨ, ਉਹ ਪੈਸਾ ਅਸੀਂ ਆਪਣੇ ਕੋਲੋਂ ਬਿਜਲੀ ਬੋਰਡ ਨੂੰ ਦਿੱਤਾ ਹੈ। ਅੱਜ ਕਿਸਾਨ 34000 ਕਰੋੜ ਰੁਪਏ ਦਾ ਕਰਜ਼ਾਈ ਹੈ। ਤੁਸੀਂ ਅੰਦਾਜ਼ਾ ਲਗਾ ਲਵੋ ਕਿ ਜੇਕਰ ਅਸੀਂ ਟਿਊਬਵੈੱਲਾਂ ਦੀ ਬਿਜਲੀ ਦਾ ਵੀ ਬਿਲ ਲਗਾ ਦਿੰਦੇ ਤਾਂ ਇਹ ਕਿੰਨਾ ਹੋ ਜਾਣਾ ਸੀ।

ਚੇਅਰਮੈਨ ਸਾਹਿਬ, ਇਸੇ ਤਰ੍ਹਾਂ ਅਸੀਂ ਨਹਿਰਾਂ ਬਾਰੇ ਇਸੇ ਸਾਲ ਬਹੁਤ ਵੱਡੇ ਕਦਮ ਚੁੱਕ ਰਹੇ ਹਾਂ। ਜਿਸ ਨਾਲ ਨਹਿਰਾਂ ਦਾ ਪਾਣੀ ਵਧਾਇਆ ਜਾਵੇਗਾ।

[ ਮੁੱਖ ਮੰਤਰੀ ]

ਗੱਲਾਂਬਾਤਾਂ ਨਾਲ ਤਾਂ ਕਿਸਾਨ ਦੀ ਮਦਦ ਨਹੀਂ ਹੋ ਸਕਦੀ, ਲੈਕਚਰਾਂ ਨਾਲ ਮਦਦ ਨਹੀਂ ਹੋ ਸਕਦੀ, ਨੁਕਤਾਚੀਨੀ ਨਾਲ ਨਹੀਂ ਹੋ ਸਕਦੀ, ਇਹ ਤਾਂ ਹੀ ਹੋ ਸਕਦੀ ਹੈ ਜੇਕਰ ਉਨ੍ਹਾਂ ਨੂੰ ਫੈਸਿਲਟੀਜ਼ ਦਿੱਤੀਆਂ ਜਾਣ। ਐਤਕੀਂ ਸਭ ਤੋਂ ਵੱਡਾ ਪ੍ਰਾਜੈਕਟ ਰਾਜਸਥਾਨ ਅਤੇ ਸਰਹਿੰਦ ਫੀਡਰ ਦਾ ਹੈ। ਇਹ ਦੋਵੇਂ ਨਹਿਰਾਂ ਨਾਲ ਨਾਲ ਚਲਦੀਆਂ ਹਨ। ਇਹ ਬਹੁਤ ਪੁਰਾਣੀਆਂ ਹੋ ਗਈਆਂ ਹਨ, ਇਨ੍ਹਾਂ ਵਿੱਚ ਲੀਕੇਜ਼ ਵੀ ਆ ਗਈ ਹੈ ਤੇ ਸੇਮ ਵੀ ਆ ਗਈ ਹੈ। 2175 ਕਰੋੜ ਰੁਪਿਆ ਖਰਚ ਕਰਕੇ ਉਨ੍ਹਾਂ ਦੀ ਲਾਈਨਿੰਗ ਕੀਤੀ ਜਾ ਰਹੀ ਹੈ। ਦੁਆਬੇ ਦੇ ਬਹੁਤ ਸਾਰੇ ਵੀਰ ਬੈਠੇ ਹਨ। ਇਨ੍ਹਾਂ ਨੂੰ ਮੈਂ ਖੁਸ਼ਖਬਰੀ ਦੇਣੀ ਚਾਹੁੰਦਾ ਹਾਂ। ਇੱਥੇ ਰਾਣਾ ਸਾਹਿਬ ਬੈਠੇ ਨਹੀਂ ਹਨ, ਹੁਣ ਤਾਂ ਇਹ ਦੁਆਬੇ ਵਿੱਚ ਆ ਗਏ ਹਨ। ਕੱਲ੍ਹ ਇਨ੍ਹਾਂ ਨੇ ਸਵਾਲ ਵੀ ਕੀਤਾ ਸੀ ਕਿ ਸਾਡੀ ਨਹਿਰ ਨਹੀਂ ਚਲਦੀ। ਬਿਸਤ ਦੁਆਬ ਕੈਨਾਲ ਵਿੱਚ ਉਸ ਦੇ ਹੈੱਡ ਤੋਂ ਲੈ ਕੇ ਅਖੀਰ ਤੱਕ, ਉਸ ਦੀਆਂ ਮਾਈਨਰਾਂ, ਬਰਾਂਚਾਂ, ਡਿਸਟ੍ਰੀਬਿਊਟਰੀਆਂ ਆਦਿ ਪੱਕੀਆਂ ਕੀਤੀਆਂ ਜਾ ਰਹੀਆਂ ਹਨ। ਮੈਂ ਇੱਥੇ ਖੜ੍ਹਾ ਹੋ ਕੇ ਕਹਿ ਰਿਹਾ ਹਾਂ ਕਿ ਇਹ ਸਾਰਾ ਕੰਮ ਇੱਕ ਸਾਲ ਵਿੱਚ ਪੂਰਾ ਕੀਤਾ ਜਾਵੇਗਾ।(ਥੰਪਿੰਗ) ਇਸ ਤੇ ਕੰਮ ਸ਼ੁਰੂ ਕੀਤਾ ਹੈ। ਜਿਹੜਾ ਇਸ ਨਾਲ ਪਹਿਲਾਂ 35000 ਰਕਬਾ ਸਿੰਜਦਾ ਹੈ, ਉਹ ਹੁਣ ਵੱਧ ਕੇ ਦੋ ਲੱਖ ਹੋ ਜਾਵੇਗਾ, ਛੇ ਗੁਣਾਂ ਵੱਧ ਪਾਣੀ ਦੁਆਬੇ ਦੇ ਲੋਕਾਂ ਨੂੰ ਮਿਲੇਗਾ। ਤੁਹਾਡੇ ਸਾਹਮਣੇ ਅਗਲੇ ਮਹੀਨੇ ਦੀ 10-11 ਤਰੀਕ ਤੋਂ ਇਹ ਕੰਮ ਵਾਰ ਲੈਵਲ ਤੇ ਸ਼ੁਰੂ ਹੋ ਜਾਣਾ ਹੈ। ਇੱਕ ਸਾਲ ਵਿੱਚ ਅਸੀਂ ਇਸ ਕੰਮ ਨੂੰ ਮੁਕਾ ਦੇਣਾ ਹੈ। ਕੰਡੀ ਏਰੀਏ ਦੇ ਐਮ.ਐਲ.ਏਜ਼ ਵੀ ਬੈਠੇ ਹਨ, ਕੰਡੀ ਕੈਨਾਲ ਦਾ ਕੰਮ ਵੀ ਅਸੀਂ 7-8 ਮਹੀਨਿਆਂ ਵਿੱਚ ਮੁਕੰਮਲ ਕਰ ਲੈਣਾ ਹੈ ਤਾਂ ਕਿ ਕੰਡੀ ਏਰੀਏ ਦੇ ਲੋਕਾਂ ਨੂੰ ਵੀ ਮਦਦ ਮਿਲ ਸਕੇ।

*12.32 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਇੱਥੇ ਗੱਲਾਂ ਕੀਤੀਆਂ ਗਈਆਂ ਹਨ ਕਿ ਪ੍ਰਧਾਨ ਮੰਤਰੀ ਜੀ ਨੂੰ ਚਿੱਠੀ ਲਿਖਦੇ ਹਨ ਪਰ ਉਹ ਕੋਈ ਜਵਾਬ ਨਹੀਂ ਦਿੰਦੇ ਅਤੇ ਨਾ ਕੰਮ ਕਰਦੇ ਹਨ। ਮੈਂ ਇਹ ਖੁਸ਼ਖਬਰੀ ਦੇਣਾ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਬਣਾਈ ਗਈ ਹੈ ਜਿਸ ਵਿੱਚ ਸਾਨੂੰ 1371 ਕਰੋੜ ਰੁਪਿਆ ਦਿੱਤਾ ਗਿਆ ਹੈ। ਇਸ ਯੋਜਨਾ ਅਨੁਸਾਰ ਜਲੰਧਰ, ਹੁਸ਼ਿਆਰਪੁਰ ਤੇ ਮੋਗਾ ਦੀਆਂ ਦੋ ਨਹਿਰਾਂ

ਬਿਆਸ ਦੁਆਬ ਤੇ ਸਿੱਧਵਾਂ ਕੈਨਾਲ ਦੇ ਹੇਠਲੇ ਮੋਘੇ ਬਣਾਉਣੇ ਹਨ ਅਤੇ ਪਾਈਪਾਂ ਤੇ ਡਰਿੱਪ ਇਰੀਗੇਸ਼ਨ ਦਾ ਪ੍ਰਬੰਧ ਕਰਨਾ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਨਾਲ ਇਸ ਇਲਾਕੇ ਵਿੱਚ ਇਰੀਗੇਸ਼ਨ ਦੀ ਪ੍ਰਾਬਲਮ ਖ਼ਤਮ ਹੋ ਜਾਵੇਗੀ।

ਸਪੀਕਰ ਸਾਹਿਬ, ਫਾਰਮਰ ਕਰਾਈਸਿਜ਼ ਵੱਧ ਰਿਹਾ ਹੈ। ਇਹ ਕਰਾਈਸਿਜ਼ ਕੀ ਹੈ ਤੇ ਇਸ ਵਾਸਤੇ ਪੰਜਾਬ ਦੀ ਸਰਕਾਰ ਨੇ ਕੀ ਕੀਤਾ ਹੈ? ਪਹਿਲਾ ਕਰਾਈਸਿਜ਼ ਇਹ ਆਇਆ ਕਿ ਪਹਿਲਾਂ ਜਿੰਨੀਆਂ ਵੀ ਕਰਾਪਸ ਸਨ, ਉਹ ਸਾਰੀਆਂ ਖਰਾਬ ਹੋ ਗਈਆਂ। ਪਹਿਲਾਂ ਜਦੋਂ ਝੋਨੇ ਦੀ ਫਸਲ ਆਈ, ਉਦੋਂ ਸੋਕਾ ਪੈ ਗਿਆ। ਅਸੀਂ ਕਿਹਾ ਕਿ ਕਿਸਾਨ ਦਾ ਨੁਕਸਾਨ ਨਹੀਂ ਹੋਣ ਦੇਣਾ, ਅਸੀਂ 1400 ਕਰੋੜ ਰੁਪਏ ਦੀ ਬਿਜਲੀ ਖਰੀਦ ਕੇ ਕਿਸਾਨ ਨੂੰ ਦਿੱਤੀ। ਇਹ ਬਿਜਲੀ ਬੋਰਡ ਦੇ ਰਿਕਾਰਡ ਵਿੱਚ ਹੈ। ਇਸ ਨਾਲ ਕਿਸਾਨ ਨੂੰ ਪੂਰਾ ਪਾਣੀ ਮਿਲਿਆ ਤਾਂ ਕਿ ਉਸ ਦੀ ਫਸਲ ਖਰਾਬ ਨਾ ਹੋ ਸਕੇ। ਫਿਰ ਕਣਕ ਦੀ ਫਸਲ ਵੇਲੇ ਬੇਮੌਸਮੀ ਬਾਰਸ਼ਾਂ ਪੈ ਗਈਆਂ। ਪੱਕੀ ਕਣਕ ਗਿੱਲੀ ਹੋ ਗਈ। ਬੜਾ ਫਿਕਰ ਸੀ ਕਿ ਇਹ ਚੁੱਕੀ ਕਿਵੇਂ ਜਾਵੇਗੀ? ਰਿਕਾਰਡ ਵੇਖ ਲਓ, ਉਦੋਂ ਵੀ ਕਣਕ ਦਾ ਇੱਕ-ਇੱਕ ਦਾਣਾ ਚੁਕਾਇਆ। ਹੋਰ ਵੀ ਬਹੁਤ ਸਾਰੇ ਸਟੈਪਸ ਲਏ ਗਏ। ਫੂਡ ਮਨਿਸਟਰ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਪਤਾ ਹੈ। ਸਾਰਿਆਂ ਨੂੰ ਪਤਾ ਹੈ ਕਿ ਅਸੀਂ ਕਿਸਾਨ ਨੂੰ ਕੋਈ ਤੰਗੀ ਨਹੀਂ ਆਉਣ ਦਿੱਤੀ। ਫੇਰ ਸ਼ੂਗਰਕੇਨ ਦੇ ਏਰੀਅਰ ਦਾ ਮਸਲਾ ਆ ਗਿਆ। ਦੋ ਤਰ੍ਹਾਂ ਦੀਆਂ ਮਿੱਲਾਂ ਹਨ, ਇੱਕ ਕੋਆਪ੍ਰੇਟਿਵ ਅਤੇ ਦੂਜੀਆਂ ਪ੍ਰਾਈਵੇਟ ਹਨ, ਜਿਨ੍ਹਾਂ ਦੀ ਸਰਕਾਰ ਨੇ ਮਦਦ ਕੀਤੀ ਹੈ। ਇਹ ਮਦਦ ਮਿੱਲਾਂ ਦੀ ਨਹੀਂ, ਕਿਸਾਨ ਦੀ ਕੀਤੀ ਹੈ। ਅਸੀਂ ਚਾਹੁੰਦੇ ਸੀ ਕਿ ਕਿਸਾਨ ਨੇ ਜਿਹੜਾ ਗੰਨਾ ਵੇਚਿਆ ਹੈ, ਉਸ ਦੀ ਸਾਰੀ ਕੀਮਤ ਉਸ ਨੂੰ ਮਿਲ ਜਾਵੇ। ਇਹ ਬਹੁਤ ਔਖਾ ਕੰਮ ਸੀ ਲੇਕਿਨ ਅਸੀਂ 540 ਕਰੋੜ ਰੁਪਿਆ, ਜੋ ਕਿ ਥੋੜ੍ਹੀ ਰਕਮ ਨਹੀਂ ਹੁੰਦੀ, ਇਹ ਕੋਆਪ੍ਰੇਟਿਵ ਮਿੱਲਾਂ ਦੇ ਕਿਸਾਨਾਂ ਨੂੰ ਦਿੱਤੀ। ਕਿਸੇ ਕਿਸਾਨ ਦਾ ਇੱਕ ਵੀ ਪੈਸਾ ਨਹੀਂ ਰਹਿ ਗਿਆ। (ਥੰਪਿੰਗ) ਰਾਣਾ ਸਾਹਿਬ ਬੈਠੇ ਹਨ, ਜਿਹੜੀਆਂ ਪ੍ਰਾਈਵੇਟ ਮਿੱਲਾਂ ਸੀ, ਇਨ੍ਹਾਂ ਨੇ ਵੀ 200 ਕਰੋੜ ਤੋਂ ਵੱਧ ਰੁਪਿਆ ਕਿਸਾਨਾਂ ਦਾ ਦੇਣਾ ਸੀ। ਉਸ ਦੀ ਜ਼ਿੰਮੇਵਾਰੀ ਵੀ ਸਰਕਾਰ ਨੇ ਲਈ। ਪ੍ਰਾਈਵੇਟ ਮਿੱਲਾਂ ਵਾਲਿਆਂ ਨਾਲ ਮੀਟਿੰਗਾਂ ਹੋਈਆਂ, ਕਿਸਾਨਾਂ ਨਾਲ ਮੀਟਿੰਗਾਂ ਹੋਈਆਂ ਔਰ ਅਲਟੀਮੇਟਲੀ ਇਹ ਮਸਲਾ ਵੀ ਹੱਲ

[ ਮੁੱਖ ਮੰਤਰੀ ]

ਕੀਤਾ। ਉਹ ਕਿਵੇਂ ਹੋਇਆ, ਉਹ ਲੰਬੀ ਗੱਲ ਹੈ, ਜਿਹੜੀ ਕਿ ਮੈਂ ਕਰਨੀ ਨਹੀਂ ਚਾਹੁੰਦਾ।

ਇਹੀ ਨਹੀਂ ਕਿ ਅਸੀਂ ਪਿਛਲਾ ਮਸਲਾ ਹੀ ਹੱਲ ਕੀਤਾ, ਅੱਗੇ ਵਾਸਤੇ ਵੀ ਕੁਝ ਵੀ ਕਰਨਾ ਪਵੇ, ਕਿਸਾਨ ਦੀ ਫਸਲ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਦੀ ਹੈ। ਅਸੀਂ ਕੁਇੰਟਲ ਪਿੱਛੇ 295 ਰੁਪਏ ਦਿੰਦੇ ਰਹੇ ਹਾਂ। ਜਦਕਿ ਹਿੰਦੁਸਤਾਨ ਦੀ ਜਿਹੜੀ ਕਾਂਗਰਸ ਦੀ ਸਰਕਾਰ ਸੀ, ਉਸ ਨੇ ਕਿਹਾ ਸੀ ਕਿ ਕੁਇੰਟਲ ਪਿੱਛੇ 220 ਰੁਪਏ ਦਿਓ। ਲੇਕਿਨ ਪਿਛਲੇ ਸਾਲ ਮੈਂ ਇਸ ਨੂੰ ਵਧਾ ਕੇ 295 ਰੁਪਏ ਕੀਤਾ। ਹੁਣ ਵੀ ਮੈਂ ਐਸ਼ਿਓਰ ਕਰਦਾ ਹਾਂ ਕਿ ਜਿਹੜੀ ਇਹ ਫਸਲ ਹੈ, ਇਸ ਵਿੱਚ ਕਿਸਾਨ ਨੂੰ ਰੇਟ 295 ਰੁਪਏ ਦੇ ਹਿਸਾਬ ਨਾਲ ਹੀ ਦਿੱਤਾ ਜਾਵੇਗਾ, ਇੱਕ ਪੈਸਾ ਘੱਟ ਨਹੀਂ ਦਿੱਤਾ ਜਾਵੇਗਾ। ਗੌਰਮਿੰਟ ਆਪਣੇ ਕੋਲੋਂ ਕੁਇੰਟਲ ਪਿੱਛੇ 50 ਰੁਪਏ ਕਿਸਾਨ ਨੂੰ ਦੇਵੇਗੀ ਅਤੇ 245 ਰੁਪਏ ਮਿੱਲਾਂ ਵਾਲੇ ਦੇਣਗੇ। ਮੇਰਾ ਖਿਆਲ ਹੈ ਕਿ ਪੰਜਾਬ ਦੀ ਹਿਸਟਰੀ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਇੰਨੀ ਵੱਡੀ ਰਕਮ ਦਾ ਭਾਰ ਪੰਜਾਬ ਦੀ ਸਰਕਾਰ ਨੇ ਆਪਣੇ ਤੇ ਚੁੱਕਿਆ ਹੈ। ਮੇਰਾ ਕਹਿਣ ਦਾ ਮਤਲਬ ਹੈ ਕਿ ਜਦੋਂ ਵੀ ਕਿਸਾਨ ਨੂੰ ਕੋਈ ਤਕਲੀਫ ਆਉਂਦੀ ਹੈ, ਭਾਵੇਂ ਫਸਲ ਚੁੱਕਣ ਦੀ ਹੋਵੇ, ਭਾਵੇਂ ਕੋਈ ਹੋਰ ਮਸਲਾ ਹੋਵੇ, ਉਦੋਂ ਸਭ ਤੋਂ ਵੱਧ ਜੇਕਰ ਕੋਈ ਸੋਚਦਾ ਹੈ ਤਾਂ ਉਹ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਸੋਚਦੀ ਹੈ। ਇਥੇ ਕੱਲ੍ਹ ਕੁਝ ਗੱਲਾਂ ਕੀਤੀਆਂ ਗਈਆਂ ਕਿਉਂਕਿ ਇਥੇ ਹਰ ਗੱਲ ਕਰਨ ਦੀ ਇਜਾਜ਼ਤ ਹੈ, ਭਾਵੇਂ ਫਿਗਰਾਂ ਗਲਤ ਹੀ ਹੋਣ। ਸਿਰਫ਼ ਪੰਜਾਬ ਹੈ, ਜਿਸ ਦੇ ਕਿਸਾਨ ਦਾ ਸ਼ੂਗਰਕੇਨ ਦਾ ਕੋਈ ਬਕਾਇਆ ਨਹੀਂ ਹੈ।

ਕੱਲ੍ਹ ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਕਈ ਸਟੇਟਾਂ ਦੇ ਨਾਮ ਲਏ, ਮੈਂ ਤੁਹਾਨੂੰ ਇਸ ਬਾਰੇ ਦੱਸਣਾ ਚਾਹੁੰਦਾ ਹਾਂ। ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਜਾਂ ਉਨ੍ਹਾਂ ਦੀਆਂ ਮਿੱਲਾਂ ਨੇ ਕਿਸਾਨ ਨੂੰ 7321 ਕਰੋੜ ਰੁਪਿਆ ਦੇਣਾ ਹੈ, ਜਿਹੜਾ ਉਹ ਦੇ ਨਹੀਂ ਰਹੇ। ਇੰਨੀ ਵੱਡੀ ਰਕਮ ਹੈ। ਮਹਾਰਾਸ਼ਟਰ ਜਿਹੜੀ ਕਿ ਗੰਨੇ ਦੇ ਉਤਪਾਦਨ ਵਿੱਚ ਬੜੀ ਮਸ਼ਹੂਰ ਹੈ, ਉਸ ਦੀ ਸਰਕਾਰ ਨੇ 2943 ਕਰੋੜ ਰੁਪਿਆ ਦੇਣਾ ਹੈ। ਕਰਨਾਟਕਾ ਵਾਲਿਆਂ ਨੇ 1778 ਕਰੋੜ ਰੁਪਿਆ ਦੇਣਾ ਹੈ। ਤਾਮਿਲਨਾਡੂ ਵਾਲਿਆਂ ਨੇ 1399 ਕਰੋੜ ਰੁਪਿਆ ਦੇਣਾ ਹੈ। ਉਤਰਾਖੰਡ ਵਾਲਿਆਂ ਨੇ 475 ਕਰੋੜ ਰੁਪਿਆ ਦੇਣਾ ਹੈ। ਬਿਹਾਰ ਸਰਕਾਰ ਨੇ

380 ਕਰੋੜ ਰੁਪਿਆ ਦੇਣਾ ਹੈ। ਗੁਜਰਾਤ ਸਰਕਾਰ ਨੇ 218 ਕਰੋੜ ਰੁਪਿਆ ਦੇਣਾ ਹੈ। ਇੱਕ ਪੰਜਾਬ ਦੀ ਸਰਕਾਰ ਹੈ ਜਿਹੜੀ ਸੋਚਦੀ ਹੈ ਕਿ ਪੰਜਾਬ ਦੇ ਕਿਸਾਨ ਨੇ ਜਿਹੜਾ ਗੰਨਾ ਵੇਚਿਆ ਹੈ, ਉਸ ਦਾ ਇੱਕ ਪੈਸਾ ਵੀ ਬਕਾਇਆ ਨਹੀਂ ਰਹਿਣ ਦੇਣਾ।(ਥੰਪਿੰਗ) ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਲੰਬੀ ਅਤੇ ਜੋਸ਼ੀਲੀ ਤਕਰੀਰ ਕੀਤੀ ਲੇਕਿਨ ਉਸ ਵਿਚੋਂ ਸਿੱਟਾ ਕੁਝ ਨਹੀਂ ਨਿਕਲਿਆ। ਉਨ੍ਹਾਂ ਦੀ ਸਪੀਚ ਬਾਰੇ ਜੇ ਮੈਂ ਦੋ ਲਾਈਨਾਂ ਵਿੱਚ ਦੱਸਣਾ ਚਾਹਵਾਂ, ਜਾਂ ਤਾਂ ਇਹ to play the gallery ਹੈ ਜਾਂ to exploit the situation. ਉਨ੍ਹਾਂ ਨੇ ਸੁਝਾਅ ਕੋਈ ਨਹੀਂ ਦਿੱਤਾ। ਇੱਕ ਵੀ ਸੁਝਾਅ ਨਹੀਂ ਦਿੱਤਾ।

ਹੁਣ ਮੈਂ ਵਾਈਟ ਫਲਾਈ (ਚਿੱਟੀ ਮੱਖੀ) ਦੇ ਮੁੱਦੇ ਤੇ ਆਉਂਦਾ ਹਾਂ। ਜਿਹੜੀ ਨਰਮੇ ਉਤੇ ਵਾਈਟ ਫਲਾਈ ਪੈ ਗਈ ਹੈ ਉਹ ਇਕੱਲੀ ਪੰਜਾਬ ਵਿਚ ਨਹੀਂ ਪਈ,ਸਾਡੇ ਨਾਲੋਂ ਢਾਈ ਗੁਣਾਂ ਜ਼ਿਆਦਾ ਰਕਬਾ ਹਰਿਆਣੇ ਵਿੱਚ ਵਾਈਟ ਫਲਾਈ ਨੇ ਖਰਾਬ ਕੀਤਾ ਹੈ; ਰਾਜਸਥਾਨ ਵਿੱਚ ਵੀ ਕੀਤਾ ਹੈ, ਉਨ੍ਹਾਂ ਦਾ ਅਸੈਂਬਲੀ ਦਾ ਸੈਸ਼ਨ ਵੀ ਹੋਇਆ ਹੈ ਪਰ ਉਥੇ ਕੋਈ ਗੱਲ ਨਹੀਂ ਚੱਲੀ ਕਿਉਂਕਿ ਕੁਝ ਕਲੈਮਿਟੀਜ਼ ਆਉਂਦੀਆਂ ਹਨ, ਉਹ ਇਫੈਕਟ ਕਰਦੀਆਂ ਹਨ। ਇਸ ਵਾਰ ਵਾਈਟ ਫਲਾਈ ਹੋਣ ਦਾ ਰੀਜ਼ਨ ਕੀ ਹੋਇਆ ਹੈ? ਇੱਕ ਤਾਂ ਕਾਟਨ ਦੀ ਸੋਇੰਗ ਲੇਟ ਹੋਈ ਹੈ, ਦੂਜਾ, ਹਾਈ ਟੈਂਪਰੇਚਰ ਤੇ ਹਿਊਮੀਡਿਟੀ ਕਰਕੇ ਅਜਿਹਾ ਹੋਇਆ ਹੈ। ਜੇਕਰ ਵਾਈਟ ਫਲਾਈ ਤੋਂ ਬਾਅਦ ਜ਼ਿਆਦਾ ਬਾਰਸ਼ ਪੈ ਜਾਵੇ ਤਾਂ ਉਹ ਮਰ ਜਾਂਦੀ ਹੈ, ਇਹ ਤਿੰਨ ਕਾਰਨਾਂ ਕਰਕੇ ਅਜਿਹਾ ਹੋਇਆ ਹੈ। ਅਸੀਂ ਚਾਹੁੰਦੇ ਹਾਂ ਕਿ ਕਿਸਾਨ ਨੂੰ ਕੰਪਨਸੇਸ਼ਨ ਦਿੱਤਾ ਜਾਵੇ। ਸਾਡੇ ਕੋਲ ਜਿਹੜੀਆਂ ਫਿਗਰਾਂ ਹਨ, ਉਸ ਮੁਤਾਬਿਕ 11800 ਏਕੜ ਕਾਟਨ ਦੀ ਫਸਲ ਕਿਸਾਨਾਂ ਨੇ ਵਾਹ ਦਿੱਤੀ ਹੈ ਕਿਉਂਕਿ ਖਰਾਬ ਹੋ ਗਈ ਸੀ। ਮੈਂ ਉਦੋਂ ਹੀ ਆਰਡਰ ਕੀਤਾ ਕਿ ਇਸ ਦੀ ਸਪੈਸ਼ਲ ਗਿਰਦਾਵਰੀ ਕਰੋ ਔਰ ਤੁਰੰਤ ਪੈਸੇ ਦਿਉ। ਅੱਜ ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਉਨ੍ਹਾਂ ਸਾਰਿਆਂ ਨੂੰ ਪੈਸੇ ਚਲੇ ਗਏ ਹਨ। ਬਾਕੀ ਜਿਹੜਾ ਰਕਬਾ ਰਹਿੰਦਾ ਹੈ ਉਸ ਦੀ ਇਸ ਮਹੀਨੇ ਦੀ 30 ਤਰੀਕ ਤੱਕ ਗਿਰਦਾਵਰੀ ਪੂਰੀ ਹੋ ਜਾਵੇਗੀ ਕਿਉਂਕਿ ਸਿਸਟਮ ਅਨੁਸਾਰ ਹੀ ਉਨ੍ਹਾਂ ਨੂੰ ਕੰਪਨਸੇਸ਼ਨ ਦਿੱਤਾ ਜਾਵੇਗਾ।

[ ਮੁੱਖ ਮੰਤਰੀ ]

ਸਪੀਕਰ ਸਾਹਿਬ, ਜਦੋਂ ਕਾਂਗਰਸ ਪਾਰਟੀ ਦੀ ਦਿੱਲੀ ਵਿਚ ਸਰਕਾਰ ਸੀ ਉਦੋਂ ਇਸ ਦਾ ਮੁਆਵਜ਼ਾ 3500 ਰੁਪਿਆ ਦਿੱਤਾ ਜਾਂਦਾ ਸੀ ਪਰ ਹੁਣ ਅਸੀਂ ਮੋਦੀ ਸਾਹਿਬ ਦੀ ਸਰਕਾਰ ਤੋਂ ਇਹ ਮੁਆਵਜ਼ਾ 8000 ਰੁਪਿਆ ਕਰਵਾ ਲਿਆ ਹੈ। (ਥੰਪਿੰਗ) 8000 ਰੁਪਿਆ ਥੋੜ੍ਹਾ ਹੈ ਲੇਕਿਨ ਫਿਰ ਵੀ ਕਾਫੀ ਵਾਧਾ ਹੈ। ਦੂਜੀ ਜੋ ਉਨ੍ਹਾਂ ਨੇ ਗੱਲ ਉਠਾਈ ਹੈ ਉਸ ਵਿਚ ਦੋ ਮੇਨ ਪ੍ਰਾਬਲਮਜ਼ ਹਨ, ਇੱਕ ਤਾਂ ਜਿਹੜੀ ਖਰੀਦ ਹੋਈ ਹੈ ਉਸ ਵਿਚ ਕੋਈ ਪ੍ਰੋਸੀਜ਼ਰਲ ਗਲਤੀਆਂ ਹੋਈਆਂ ਹਨ, ਜਿਸ ਵਾਸਤੇ ਮਹਿਕਮੇ ਦੇ ਸੈਕ੍ਰੇਟਰੀ ਸਾਹਿਬ ਦੀ ਡਿਊਟੀ ਲਗਾਈ ਗਈ ਹੈ ਤਾਂ ਕਿ ਉਹ ਇਨਕੁਆਇਰੀ ਕਰਕੇ ਦੱਸਣ ਕਿ ਕੀ ਅਜਿਹੀ ਕੋਈ ਗਲਤੀ ਹੋਈ ਹੈ? ਜੇਕਰ ਕੋਈ ਪ੍ਰੋਸੀਜ਼ਰਲ ਗਲਤੀ ਹੋਈ ਹੋਵੇ ਤਾਂ ਕਿਸ ਅਫ਼ਸਰ ਨੇ ਕੀਤੀ ਹੈ? ਕੋਈ ਇਨਫਲੁਐਂਸ ਨਾ ਹੋਵੇ ਅਤੇ ਇਨਕੁਆਇਰੀ ਫੇਅਰ ਤਰੀਕੇ ਨਾਲ ਹੋ ਸਕੇ, ਇਸ ਕਰਕੇ ਡਾਇਰੈਕਟਰ ਨੂੰ ਵੀ ਟਰਾਂਸਫਰ ਕਰ ਦਿੱਤਾ ਕਿਉਂਕਿ ਉਹ ਡਿਪਾਰਟਮੈਂਟ ਦਾ ਹੈੱਡ ਸੀ। ਉਸ ਇਨਕੁਆਇਰੀ ਦੀ ਰਿਪੋਰਟ ਵੀ ਹੁਣ ਜਲਦੀ ਹੀ ਆ ਜਾਵੇਗੀ। ਇਨਕੁਆਇਰੀ ਵਿੱਚ ਇਹ ਵੇਖਣਾ ਹੈ ਕਿ ਜਿਹੜੀਆਂ ਦਵਾਈਆਂ ਹਨ ਕੀ ਉਹ ਗਲਤ ਤਾਂ ਨਹੀਂ ਸਨ? ਨਕਲੀ ਤਾਂ ਨਹੀਂ ਸਨ? spurious pesticides ਦਾ ਕੀ ਕੀਤਾ ਹੈ? ਆਦਿ।

ਮੇਰਾ ਖਿਆਲ ਹੈ ਕਿ ਪਹਿਲਾਂ ਕਦੇ ਇਸ ਤਰ੍ਹਾਂ ਦੀ ਇੱਕ ਬਹੁਤ ਵੱਡੀ ਐਸ.ਆਈ.ਟੀ. ਨਹੀਂ ਬਣੀ। ਅੱਜ ਤੱਕ ਮੈਂ ਪੰਜਵੀਂ ਵਾਰੀ ਮੁੱਖ ਮੰਤਰੀ ਬਣਿਆ ਹਾਂ, ਇਸ ਦੀ ਇੰਪਾਰਟੈਂਸ ਸਮਝਦੇ ਹੋਏ ਚਾਰ ਅਫਸਰਾਂ ਦੀ ਡਿਊਟੀ ਲਗਾਈ ਹੈ, ਜਿਨ੍ਹਾਂ ਵਿੱਚ ਤਿੰਨ ਆਈ.ਜੀ. ਅਤੇ ਉਨ੍ਹਾਂ ਦੀ ਸੁਪਰਵੀਜ਼ਨ ਵਾਸਤੇ ਏ.ਡੀ.ਜੀ.ਪੀ. ਕ੍ਰਾਈਮ ਹੋਣਗੇ। ਇਨ੍ਹਾਂ ਨੂੰ ਕਿਹਾ ਗਿਆ ਹੈ ਕਿ ਪਿੰਡਾਂ ਵਿੱਚ ਜਾਓ, ਫਾਰਮਰਜ਼ ਨੂੰ ਮਿਲੋ, ਡੀਲਰਾਂ ਤੇ ਛਾਪੇ ਮਾਰੋ ਅਤੇ ਇਹ ਪਤਾ ਕਰਕੇ ਦੱਸੋ ਕਿ spurious ਦਵਾਈਆਂ ਕਿੰਨੀਆਂ ਹਨ ਅਤੇ ਇਸ ਦੀ ਵਰਤੋਂ ਕਾਰਨ ਜੋ ਕੁਝ ਹੋਇਆ ਹੈ, ਇਹ ਸਾਰਾ ਕੁਝ ਸਾਨੂੰ ਦੱਸੋ। ਉਨ੍ਹਾਂ ਨੇ ਛਾਪੇ ਵੀ ਮਾਰੇ ਅਤੇ ਸੈਂਪਲ ਵੀ ਭਰੇ ਹਨ। ਕਿਉਂਕਿ ਦੋਵੇਂ ਇਨਕੁਆਇਰੀਆਂ ਚੱਲ ਰਹੀਆਂ ਹਨ, ਇਸ ਲਈ ਅੱਜ ਜੇ ਮੈਂ ਆਪਣੇ ਵੱਲੋਂ ਕੋਈ ਗੱਲ ਕਹਾਂ, ਜਦੋਂ ਤੱਕ ਇਨਕੁਆਇਰੀ ਦੀ ਰਿਪੋਰਟ ਨਹੀਂ ਆਉਂਦੀ ਉਦੋਂ ਤੱਕ ਇਸ ਬਾਰੇ ਚੀਫ਼ ਮਨਿਸਟਰ ਦੇ ਤੌਰ ਤੇ ਆਪਣੇ ਵੱਲੋਂ ਕੋਈ ਆਪਣਾ ਵਿਊ ਦੇਣਾ ਚੰਗਾ ਨਹੀਂ ਲਗਦਾ। ਇੰਨਾ ਮੈਂ ਤੁਹਾਡੇ ਸਾਹਮਣੇ ਕਹਿ ਸਕਦਾ ਹਾਂ ਕਿ ਇਹ ਪਵਿੱਤਰ ਸਦਨ ਹੈ, ਜਿਹੜਾ ਵੀ

ਗੁਨਾਹਗਾਰ ਹੋਵੇਗਾ, ਜਿਸ ਨੇ ਵੀ ਕੋਈ ਗਲਤੀ ਕੀਤੀ ਹੈ, ਉਸ ਨੂੰ ਸਜ਼ਾ ਪੂਰੀ ਦਿੱਤੀ ਜਾਵੇਗੀ। ਹੁਣ ਮੈਂ ਇਹ ਵੀ ਨਹੀਂ ਕਹਿਣਾ ਚਾਹੁੰਦਾ ਕਿ ਫਲਾਣਾ ਗੁਨਾਹਗਾਰ ਹੈ, ਇਨਕੁਆਇਰੀ ਤੋਂ ਬਾਅਦ ਹੀ ਪਤਾ ਕਰਦੇ ਹਾਂ। ਇਨਸਾਫ਼ ਜ਼ਰੂਰ ਮਿਲੇਗਾ।

ਲੇਕਿਨ ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਸਾਡੇ ਇੱਥੇ ਸਿਚੁਏਸ਼ਨ ਨੂੰ ਜਿਵੇਂ ਐਕਸਪਲਾਇਟ ਕੀਤਾ ਜਾਂਦਾ ਹੈ, ਕੱਲ੍ਹ ਸਾਡੇ ਐਗਰੀਕਲਚਰ ਮਨਿਸਟਰ ਬਾਰੇ ਕਹਿੰਦੇ ਕਿ ਅਸੀਂ ਇਸ ਨੂੰ ਬੋਲਣ ਨਹੀਂ ਦੇਣਾ, ਵਾਕਆਊਟ ਕਰ ਜਾਣਾ ਹੈ ਜਦਕਿ ਉਨ੍ਹਾਂ ਖਿਲਾਫ਼ ਕੋਈ ਗੱਲ ਸਾਬਤ ਨਹੀਂ ਹੋਈ, ਇਨਕੁਆਇਰੀ ਹੋ ਰਹੀ ਹੈ। ਜੇਕਰ ਇਹ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਅਜਿਹੀ ਕੋਈ ਗੱਲ ਕਰਨਗੇ ਜਿਸ ਦਾ ਕਿਸੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਤਾਂ ਇਹ ਜ਼ਿਆਦਤੀ ਹੈ। ਜਦੋਂ ਕਿਸੇ ਤੇ ਦੋਸ਼ ਲਗਦਾ ਹੈ ਤਾਂ ਉਸ ਨੂੰ ਲੰਬਾ ਸਮਾਂ ਆਪਣੀ ਸਫ਼ਾਈ ਦੇਣ ਵਾਸਤੇ ਮਿਲਦਾ ਹੈ, ਚਾਹੇ ਕੋਈ ਵੀ ਹੋਵੇ। ਇਹ ਲੋਕ ਸਿਰਫ਼ ਆਪਣਾ ਨਾਂ ਅਖਬਾਰਾਂ ਵਿੱਚ ਲਿਆਉਣ ਦੀ ਖਾਤਰ ਅਜਿਹੀਆਂ ਗੱਲਾਂ ਕਰਦੇ ਹਨ। ਸਾਡੇ ਸਾਮ੍ਹਣੇ ਜਿਹੜਾ ਹੁਣ ਇਹ ਮੁੱਦਾ ਹੈ, ਇਸ ਦਾ ਹੱਲ ਕੱਢਣ ਵਾਸਤੇ ਅਸੀਂ ਐਕਸਪਰਟ ਕਮੇਟੀ ਬਿਠਾਈ ਹੈ। ਜਿਸ ਵਿੱਚ ਹਰਿਆਣਾ ਅਤੇ ਪੰਜਾਬ ਦੀਆਂ ਐਗਰੀਕਲਚਰ ਯੂਨੀਵਰਸਿਟੀਆਂ ਦੇ ਵੀ.ਸੀ. ਅਤੇ ਆਈ.ਸੀ.ਆਰ. ਦਾ ਡਿਪਟੀ ਡਾਇਰੈਕਟਰ ਜਨਰਲ ਜਿਹੜਾ ਕਿ ਸੈਂਟਰ ਗੌਰਮਿੰਟ ਦਾ ਕਾਟਨ ਅਫ਼ਸਰ ਹੈ, ਇਸ ਤੋਂ ਇਲਾਵਾ ਡਾਇਰੈਕਟਰ, ਕਾਟਨ ਰਿਸਰਚ ਸਟੇਸ਼ਨ, ਸਿਰਸਾ ਸ਼ਾਮਲ ਕੀਤੇ ਹਨ। ਅੱਗੋਂ ਵਾਸਤੇ ਵੀ ਬੱਚਤ ਕਿਵੇਂ ਕੀਤੀ ਜਾਵੇ ਜਾਂ ਅਜਿਹੀ ਸਿਚੁਏਸ਼ਨ ਨਾਲ ਕਿਵੇਂ ਨਿਪਟਿਆ ਜਾਵੇ, ਇਸ ਸਭ ਵਾਸਤੇ ਉਨ੍ਹਾਂ ਦੀ ਡਿਊਟੀ ਲਗਾਈ ਗਈ ਹੈ।

ਪੈਡੀ 1509 ਦਾ ਸਵਾਲ ਸਾਮ੍ਹਣੇ ਆਇਆ ਹੈ। ਕਿਸੇ ਕਿਸਾਨ ਦਾ ਨੁਕਸਾਨ ਨਾ ਹੋਵੇ, ਇਸ ਵਾਸਤੇ ਸਰਕਾਰ ਨੂੰ ਕੁਝ ਨਾ ਕੁਝ ਸੋਚਣਾ ਪੈਂਦਾ ਹੈ। ਭਾਵੇਂ ਕਿਸਾਨਾਂ ਨੂੰ ਇਹ ਪਹਿਲਾਂ ਵੀ ਕਿਹਾ ਗਿਆ ਸੀ ਕਿ ਪੈਡੀ 1509 ਨਾ ਬੀਜੀ ਜਾਵੇ, ਆੜ੍ਹਤੀਆਂ ਨੇ ਵੀ ਕਿਹਾ, ਹੋਰਾਂ ਵੱਲੋਂ ਵੀ ਕਿਹਾ ਗਿਆ। ਮੈਂ ਇਸ ਗੱਲ ਵਿੱਚ ਨਹੀਂ ਜਾਣਾ ਚਾਹੁੰਦਾ ਪਰ ਜੇਕਰ ਹੁਣ ਇਹ ਪੈਡੀ ਆ ਹੀ ਗਈ ਹੈ

[ ਮੁੱਖ ਮੰਤਰੀ ]

ਤਾਂ ਹੁਣ ਅਸੀਂ ਅਜਿਹਾ ਨਹੀਂ ਕਹਿ ਸਕਦੇ ਕਿ ਅਸੀਂ ਇਸ ਵਾਸਤੇ ਕੁਝ ਨਹੀਂ ਕਰਨਾ। ਇਸ ਵਾਸਤੇ ਅਸੀਂ ਮੀਟਿੰਗਾਂ ਕੀਤੀਆਂ ਹਨ। ਫੂਡ ਮਨਿਸਟਰ ਸਾਹਿਬ ਬੈਠੇ ਹਨ। ਇਨ੍ਹਾਂ ਦੀ ਸੈਂਟਰ ਦੇ ਮਨਿਸਟਰ ਨਾਲ ਗੱਲ ਹੋਈ ਹੈ ਅਤੇ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਪਹਿਲੀ ਤਰੀਕ ਤੋਂ ਜਦੋਂ ਤੋਂ ਖਰੀਦ ਸ਼ੁਰੂ ਹੋਣੀ ਹੈ, ਉਦੋਂ ਤੋਂ ਇਸ ਦਾ ਕੋਈ ਹੱਲ ਕੀਤਾ ਜਾਵੇ ਅਤੇ ਐਮ.ਐਸ.ਪੀ. ਗ੍ਰੇਡ 'ਏ' ਦਾ ਕੋਈ ਤਰੀਕਾ ਇਸ ਵਾਸਤੇ ਨਿਕਲੇ। ਇਸ ਨੂੰ ਬਾਸਮਤੀ ਕਿਹਾ ਜਾਂਦਾ ਹੈ ਲੇਕਿਨ ਇਸ ਵਿੱਚ ਹੋਰ ਕਮੀਆਂ ਵੀ ਹਨ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਾਡੇ ਫੂਡ ਮਨਿਸਟਰ ਮਿਹਨਤ ਕਰਕੇ ਇਸ ਦਾ ਕੋਈ ਬੰਦੋਬਸਤ ਕਰਨਗੇ ਤਾਂ ਕਿ ਇਹ ਗ੍ਰੇਡ 'ਏ' ਮੁਤਾਬਿਕ ਖਰੀਦੀ ਜਾਵੇ।

ਸਪੀਕਰ ਸਾਹਿਬ, ਇਕੱਲਾ ਇਹੀ ਨਹੀਂ ਕਿ ਕੀਮਤ ਦਿਵਾ ਦਿਓ ਜਾਂ ਕੁਝ ਹੋਰ ਕਰ ਦਿਓ, ਹੋਰ ਵੀ ਕਈ ਗੱਲਾਂ ਹਨ। ਅਸੀਂ ਇਨ੍ਹਾਂ ਸਾਲਾਂ ਵਿੱਚ ਬਹੁਤ ਵੱਡੇ ਸਟੈਪ ਚੁੱਕੇ ਹਨ ਜਿਹੜੇ ਖੇਤੀਬਾੜੀ ਨੂੰ ਵਾਫਰ ਬਣਾਉਣ ਲਈ ਹਨ। ਇਸ ਵਾਸਤੇ ਇੰਸਟੀਚਿਊਟ ਖੋਲ੍ਹਣ ਵਰਗੇ ਫੈਸਲੇ ਲਏ ਗਏ ਹਨ। ਇੱਥੇ ਇਹ ਵੀ ਕਿਹਾ ਗਿਆ ਕਿ ਕੇਂਦਰ ਸਰਕਾਰ ਤੋਂ ਕੁਝ ਨਹੀਂ ਮਿਲਿਆ। ਹਿੰਦੁਸਤਾਨ ਦੀ ਸਰਕਾਰ ਦਾ ਜਿਹੜਾ ਪਹਿਲਾ ਬਜਟ ਸੈਸ਼ਨ ਹੋਇਆ ਹੈ, ਉਸ ਵਿੱਚ ਫਾਈਨਾਂਸ ਮਨਿਸਟਰ ਸਾਹਿਬ ਨੇ ਸਭ ਤੋਂ ਪਹਿਲਾਂ ਬਾਗਬਾਨੀ ਦੇ ਖੇਤਰ ਵਿੱਚ ਪੋਸਟ ਗ੍ਰੈਜੂਏਟ ਇੰਸਟੀਚਿਊਟ ਫਾਰ ਹਾਰਟੀਕਲਚਰ ਰਿਸਰਚ ਐਂਡ ਐਜੂਕੇਸ਼ਨ, ਅੰਮ੍ਰਿਤਸਰ ਵਿੱਚ ਮਨਜ਼ੂਰ ਕੀਤਾ ਹੈ ਅਤੇ ਇਸ ਵਾਸਤੇ ਜ਼ਮੀਨ ਵੀ ਦੇ ਦਿੱਤੀ ਹੈ। ਇਹ ਸ਼ੁਰੂ ਹੋਣ ਨਾਲ ਪੰਜਾਬ ਨੂੰ ਬਹੁਤ ਵੱਡਾ ਫਾਇਦਾ ਹੋਣਾ ਹੈ। ਸਾਇੰਟਿਸਟ ਬੋਰਲੋਗ ਦੇ ਨਾਂ ਤੇ ਬੋਰਲੋਗ ਇੰਸਟੀਚਿਊਟ ਖੋਲ੍ਹਿਆ ਗਿਆ ਹੈ, ਜਿਸ ਸਾਇੰਟਿਸਟ ਨੇ ਕਣਕ ਦੀ ਅਜਿਹੀ ਵੈਰਾਈਟੀ ਕੱਢੀ, ਜਿਸ ਨਾਲ ਕਣਕ ਦਾ ਝਾੜ ਬਹੁਤ ਵਧਿਆ ਹੈ। ਸਾਰੇ ਏਸ਼ੀਆ ਵਿੱਚ ਸਿਰਫ਼ ਇਕ ਇੰਸਟੀਚਿਊਸ਼ਨ ਅਤੇ ਉਹ ਵੀ ਹਿੰਦੁਸਤਾਨ ਵਿੱਚ ਖੁੱਲ੍ਹਣਾ ਸੀ ਅਤੇ ਮੈਂ ਕੋਸ਼ਿਸ਼ ਕਰਕੇ ਉਹ ਇੰਸਟੀਚਿਊਸ਼ਨ ਮੈਕਸੀਕੋ ਦੀ ਕੰਪਨੀ ਸੀਮਟ ਨਾਲ ਮਿਲ ਕੇ ਪੰਜਾਬ ਵਿੱਚ ਲੋਢੋਵਾਲ ਵਾਸਤੇ ਮਨਜ਼ੂਰ ਕਰਵਾਇਆ ਹੈ। (ਥੰਪਿੰਗ)

ਇੱਥੇ ਮੱਕੀ ਦੀ ਗੱਲ ਕੀਤੀ ਗਈ ਹੈ। ਇੰਡੀਅਨ ਇੰਸਟੀਚਿਊਟ ਆਫ਼ ਮੇਜ਼ ਪੰਜਾਬ ਵਿੱਚ ਖੁਲ੍ਹਵਾਇਆ ਹੈ। ਹਰ ਸਬਜ਼ੀ, ਹਰ ਫਲ ਵਾਸਤੇ ਸੈਂਟਰ ਆਫ਼ ਐਕਸੀਲੈਂਸ ਸ਼ੁਰੂ ਕੀਤਾ ਗਿਆ ਹੈ। ਸਿਟਰਸ ਵਾਸਤੇ ਇਜ਼ਰਾਈਲ

ਵਰਗੇ ਮੁਲਕਾਂ ਨਾਲ ਮਿਲ ਕੇ ਸੈਂਟਰ ਬਣਾਏ। ਹਾਲੈਂਡ ਵਾਲਿਆਂ ਨਾਲ ਮਿਲ ਕੇ ਪੋਟੈਟੋ ਚਿਪਸ ਬਣਾਉਣੇ ਸ਼ੁਰੂ ਕੀਤੇ ਹਨ.। ਕਾਟਨ ਵਾਸਤੇ ਸੈਂਟਰ ਆਫ਼ ਐਕਸੀਲੈਂਸ ਬਠਿੰਡਾ ਵਿੱਚ ਸ਼ੁਰੂ ਕੀਤਾ ਹੈ। ਜਿੱਥੇ ਜਿਹੜੀ ਫਸਲ ਹੁੰਦੀ ਹੈ, ਉਥੇ ਉਸ ਫਸਲ ਵਾਸਤੇ ਸੈਂਟਰ ਆਫ਼ ਐਕਸੀਲੈਂਸ ਸ਼ੁਰੂ ਕੀਤੇ ਹਨ। ਇਹ ਤਾਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਕਦੇ ਅਜਿਹੀਆਂ ਗੱਲਾਂ ਸੋਚ ਵੀ ਨਹੀਂ ਸਕਦੇ। ਮੈਨੂੰ ਇਹ ਆਪਣੀ ਸਾਰੀ ਹਿਸਟਰੀ ਵਿੱਚ ਇੱਕ ਦਿਨ ਵੀ ਦੱਸ ਦੇਣ ਕਿ ਕਦੇ ਇਨ੍ਹਾਂ ਦੇ ਕਾਂਗਰਸ ਪਾਰਟੀ ਦੇ ਰਾਜ ਦੌਰਾਨ ਪੰਜਾਬ ਵਿੱਚ ਇੱਕ ਵੀ ਇੰਸਟੀਚਿਊਟ ਲਿਆਂਦਾ ਹੈ? ਜਦੋਂ ਕਿ ਅਸੀਂ ਇੰਨੇ ਇੰਸਟੀਚਿਊਟਸ ਲਿਆਂਦੇ ਹਨ। ਪੰਜਾਬ ਵਿੱਚ ਜਿਹੜੇ ਕਿਸਾਨ ਦਰੱਖਤ ਲਗਾਉਂਦੇ ਸਨ, ਉਹ ਰੋਂਦੇ ਸਨ। ਕੋਈ ਕਿਸਾਨ ਸਫੈਦਾ ਲਗਾਉਂਦਾ ਹੈ, ਕੋਈ ਦੂਜੇ ਦਰੱਖਤ ਲਗਾਉਂਦਾ ਹੈ। ਦਰੱਖਤਾਂ ਵਾਸਤੇ ਪਹਿਲਾਂ ਕੋਈ ਮੰਡੀ ਨਹੀਂ ਸੀ। ਕਿਸਾਨ ਐਕਸਪਲਾਇਟ ਹੁੰਦੇ ਸਨ। ਅੱਜ ਪੰਜਾਬ ਵਿੱਚ ਅਜਿਹੀਆਂ ਤਿੰਨ ਮੰਡੀਆਂ ਚਲਦੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਬੜਾ ਫਾਇਦਾ ਪਹੁੰਚਿਆ ਹੈ।

ਅੱਗੇ ਕਿਸਾਨ ਮੰਡੀ ਵਿੱਚ ਗਿੱਲੀ ਮੱਕੀ ਲੈ ਜਾਂਦੇ ਸਨ, ਹੁਣ ਅਸੀਂ ਡਰਾਇਰ ਲਗਾ ਦਿੱਤੇ ਹਨ। ਫਾਰਮਿੰਗ ਦੀ ਸਾਰੀ ਮਸ਼ੀਨਰੀ ਤੇ 50% ਸਬਸਿਡੀ ਦਿੱਤੀ ਜਾਂਦੀ ਹੈ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਉਹ ਕਦਮ, ਜਿਹੜੇ ਕਿਸਾਨ ਨੂੰ ਆਪਣੀ ਜਿਣਸ ਦੇ ਚਾਰ ਪੈਸੇ ਵੱਧ ਦਿਵਾ ਸਕਦੇ ਹਨ, ਉਹ ਸਾਰੇ ਦੇ ਸਾਰੇ ਜੇ ਚੁੱਕੇ ਗਏ ਹਨ ਤਾਂ ਸਾਡੀ ਸਰਕਾਰ ਦੇ ਵੇਲੇ ਚੁੱਕੇ ਗਏ ਹਨ। ਐਗਰੋ ਸਰਵਿਸ ਸੈਂਟਰ ਬਣਾਏ ਗਏ ਹਨ। ਇਨ੍ਹਾਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਦੇ ਵੇਲੇ ਐਗਰੋ ਸਰਵਿਸ ਸੈਂਟਰ ਵਰਗੀ ਕੋਈ ਸਕੀਮ ਹੀ ਨਹੀਂ ਸੀ ਕਿਉਂਕਿ ਇਹ ਕਿਸਾਨ ਦੀ ਬਿਹਤਰੀ ਵਾਸਤੇ ਕੁਝ ਸੋਚਦੇ ਹੀ ਨਹੀਂ ਸਨ। ਇਹ ਸਮਝਦੇ ਹਨ ਕਿ ਅਸੀਂ ਇੱਥੇ ਅਸੰਬਲੀ ਵਿੱਚ ਲੈਕਚਰ ਦੇ ਦਿਆਂਗੇ ਅਤੇ ਅਸੀਂ ਪਾਕ ਹੋ ਜਾਵਾਂਗੇ।

ਹੁਣ ਇੱਥੇ ਫਾਰਮਰਜ਼ ਸੁਸਾਈਡ ਦੇ ਕੇਸਾਂ ਦੀ ਗੱਲ ਵੀ ਚੱਲੀ ਹੈ। ਸਪੀਕਰ ਸਾਹਿਬ, ਜਿਹੜਾ ਵੀ ਕੋਈ ਸੁਸਾਈਡ ਕਰਦਾ ਹੈ, ਅਸੀਂ ਉਸ ਦੇ ਦੁਖ ਵਿੱਚ ਸ਼ਰੀਕ ਹੁੰਦੇ ਹਾਂ। ਸੁਸਾਈਡ ਕਰਨਾ ਬੜੀ ਦੁਖਦਾਈ ਗੱਲ ਹੈ ਲੇਕਿਨ

[ ਮੁੱਖ ਮੰਤਰੀ ]

ਜਿਹੜਾ ਕਿਸਾਨ ਹੈ, ਇਹ ਕਰਜ਼ਾਈ ਵੀ ਕਾਂਗਰਸ ਦੀਆਂ ਸਰਕਾਰਾਂ ਕਾਰਨ ਹੋਇਆ ਹੈ ਕਿਉਂਕਿ ਉਸ ਦੇ ਖਰਚੇ ਜ਼ਿਆਦਾ ਅਤੇ ਆਮਦਨ ਘੱਟ ਹੁੰਦੀ ਹੈ ਅਤੇ ਇਹ ਪ੍ਰਾਈਸ ਕੇਂਦਰ ਸਰਕਾਰ ਵਾਲੇ ਬੰਨ੍ਹਦੇ ਹਨ। ਭਾਵੇਂ ਜਾਨ ਬੇਸ਼ਕੀਮਤੀ ਹੋਣ ਕਾਰਨ ਕਿਸੇ ਦੀ ਜਾਨ ਦੀ ਕੀਮਤ ਨਹੀਂ ਹੁੰਦੀ ਲੇਕਿਨ ਅਸੀਂ ਉਸ ਕਿਸਾਨ ਦੇ ਪਰਿਵਾਰ ਨੂੰ ਮੁਆਵਜ਼ਾ ਦਿੰਦੇ ਹਾਂ। ਕੋਈ ਵੀ ਕਿਸਾਨ ਜਿਹੜਾ ਖੁਦਕਸ਼ੀ ਕਰ ਲੈਂਦਾ ਹੈ, ਅਸੀਂ ਉਸ ਦੇ ਪਰਿਵਾਰ ਨੂੰ ਤਿੰਨ ਲੱਖ ਰੁਪਿਆ ਮੁਆਵਜ਼ਾ ਦਿੰਦੇ ਹਾਂ, ਜਦੋਂ ਕਿ ਪਹਿਲਾਂ ਇਹ ਰਾਸ਼ੀ ਦੋ ਲੱਖ ਰੁਪਏ ਸੀ। ਮੁਆਵਜ਼ਾ ਇਸ ਵਾਸਤੇ ਦਿੱਤਾ ਜਾਂਦਾ ਹੈ ਤਾਂ ਕਿ ਪਰਿਵਾਰ ਨੂੰ ਕੁਝ ਨਾ ਕੁਝ ਰਿਲੀਫ ਮਿਲ ਸਕੇ।

ਸਪੀਕਰ ਸਾਹਿਬ, ਕੱਲ੍ਹ ਇੱਥੇ ਚੌਧਰੀ ਸਾਹਿਬ ਜਿਹੜੀ ਗੱਲ ਕਰਕੇ ਗਏ ਹਨ, ਇਹ ਉਸ ਦਾ ਨੁਕਸਾਨ ਨਹੀਂ ਵੇਖਦੇ। ਕਹਿੰਦੇ ਹਨ ਕਿ ਜਿਹੜੀ ਇਹ ਸੁੰਡੀ ਹੈ, ਇਹ ਨੈਚੁਰਲ ਕਲੈਮਿਟੀ ਨਹੀਂ ਹੈ। ਸਪੀਕਰ ਸਾਹਿਬ, ਜਦਕਿ ਆਪਾਂ ਫੰਡ ਤਾਂ ਨੈਚੁਰਲ ਕਲੈਮਿਟੀ ਕਹਿ ਕੇ ਲੈਣਾ ਹੈ। ਜੇ ਇਹ ਇਸ ਸੁੰਡੀ ਨੂੰ ਨੈਚੁਰਲ ਕਲੈਮਿਟੀ ਹੀ ਨਹੀਂ ਮੰਨਦੇ ਤਾਂ ਅਗਲਾ ਤਾਂ ਆਖੇਗਾ ਹੀ ਕਿ ਇਹ ਨੈਚੁਰਲ ਕਲੈਮਿਟੀ ਹੀ ਨਹੀਂ ਹੈ। ਫਿਰ ਜਿਹੜੇ ਅਸੀਂ ਕਿਸਾਨਾਂ ਨੂੰ ਪੈਸੇ ਦੇਣੇ ਹਨ, ਉਹ ਇਸ ਫੰਡ ਵਿਚੋਂ ਕਿਸ ਤਰ੍ਹਾਂ ਦਿੱਤੇ ਜਾਣਗੇ? ਲੇਕਿਨ ਸਪੀਕਰ ਸਾਹਿਬ, ਮੈਂ ਇਸ ਦਾ ਪਹਿਲਾਂ ਹੀ ਬੰਦੋਬਸਤ ਕਰ ਲਿਆ ਹੈ। ਸੈਂਟਰਲ ਸਰਕਾਰ ਤੋਂ ਇਹ ਇਸੇ ਸਾਲ ਹੀ ਲੈ ਲਿਆ ਹੈ, ਜਦਕਿ ਅਜਿਹਾ ਅੱਗੇ ਨਹੀਂ ਹੁੰਦਾ ਸੀ। (ਥੰਪਿੰਗ) ਜੇ ਗੜ੍ਹਿਆਂ ਜਾਂ ਫਰੌਸਟ ਨਾਲ ਕੋਈ ਫਸਲ ਮਰਦੀ ਸੀ ਤਾਂ ਉਸ ਨੂੰ ਹੀ ਨੈਚੁਰਲ ਕਲੈਮਿਟੀ ਮੰਨਿਆ ਜਾਂਦਾ ਸੀ।

ਸਪੀਕਰ ਸਾਹਿਬ, ਅਸਲੀ ਗੱਲ ਇਹ ਹੈ ਕਿ ਇਹ ਮਸਲਾ ਕਿਸਾਨੀ ਦਾ ਹੈ। ਸੈਂਟਰ ਗੌਰਮਿੰਟ, ਸਟੇਟ ਗੌਰਮਿੰਟ ਅਤੇ ਫਾਰਮਰ ਇਹ ਤਿੰਨੇ ਮਿਲ ਕੇ ਹੀ ਇਸ ਨੂੰ ਹੱਲ ਕਰ ਸਕਦੇ ਹਨ। ਸੋ, ਮਤੇ ਵਿੱਚ ਵੀ ਇਹੀ ਲਿਖਿਆ ਗਿਆ ਹੈ ਕਿ ਸੈਂਟਰ ਸਰਕਾਰ ਨੂੰ ਰਿਕੁਐਸਟਸ ਭੇਜੀਆਂ ਜਾਣ ਕਿ ਜੋ ਸਾਡੀਆਂ ਜ਼ਰੂਰਤਾਂ ਅਤੇ ਲੋੜਾਂ ਹਨ, ਉਨ੍ਹਾਂ ਵਾਸਤੇ ਸਾਡੀ ਮਦਦ ਕੀਤੀ ਜਾਵੇ। ਮੈਂ ਇਹ ਗੱਲ ਵੀ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਸਾਰੇ ਹਿੰਦੁਸਤਾਨ ਵਿੱਚ ਸਭ ਤੋਂ ਵੱਧ ਲੋਕ ਖੇਤੀ ਦੇ ਕਿੱਤੇ ਵਿੱਚ ਹਨ। ਇਸ ਲਈ ਜਿਵੇਂ ਰੇਲਵੇ ਦਾ ਸੈਪਰੇਟ ਬਜਟ ਪੇਸ਼ ਹੁੰਦਾ ਹੈ ਅਤੇ ਪਾਸ ਕੀਤਾ ਜਾਂਦਾ ਹੈ। ਐਗਰੀਕਲਚਰ ਦਾ ਖੇਤਰ ਤਾਂ ਰੇਲਵੇ ਨਾਲੋਂ ਵੀ ਵੱਡਾ ਹੈ, ਜਿਸ ਤੇ ਇੰਨੀਆਂ ਜ਼ਿੰਦਗੀਆਂ ਦਾ ਦਾਰੋਮਦਾਰ ਹੈ। ਇਸ

ਵਾਸਤੇ ਐਗਰੀਕਲਚਰ ਵਾਸਤੇ ਵੀ ਸੈਪਰੇਟ ਬਜਟ ਪੇਸ਼ ਹੋਣਾ ਚਾਹੀਦਾ ਹੈ। (ਥੰਪਿੰਗ) ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਫਸਲ ਨੂੰ ਸੁੰਡੀ ਮਾਰ ਪੈ ਗਈ, ਭਾਵੇਂ ਗੜ੍ਹੇ ਮਾਰ ਗਏ, ਭਾਵੇਂ ਹੇਲ ਸਟੌਰਮ ਮਾਰ ਗਿਆ, ਇਨ੍ਹਾਂ ਦੇ ਨੁਕਸਾਨ ਤੋਂ ਬਚਣ ਵਾਸਤੇ ਕਿਸਾਨ ਦੀ ਕਰਾਪ ਦਾ ਇੰਸ਼ੋਰੈਂਸ ਹੋਣਾ ਚਾਹੀਦਾ ਹੈ। ਉਸ ਦੀ ਕਰਾਪ ਦਾ ਵੀ ਬੀਮਾ ਹੋਣਾ ਚਾਹੀਦਾ ਹੈ। ਇਸ ਵਾਸਤੇ ਮੈਂ ਪ੍ਰਧਾਨ ਮੰਤਰੀ ਸਾਹਿਬ ਅਤੇ ਕੇਂਦਰੀ ਖਜ਼ਾਨਾ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਸੀ ਅਤੇ ਮੇਰਾ ਖਿਆਲ ਹੈ ਕਿ ਸ਼ਾਇਦ ਇਸ ਦਾ ਕੋਈ ਹੱਲ ਨਿਕਲ ਆਵੇ। ਅਸੀਂ ਇਹ ਵੀ ਚਾਹੁੰਦੇ ਹਾਂ ਇਹ ਪਲਾਂਟ ਬੇਸਡ ਹੋਵੇ ਕਿਉਂਕਿ ਬਹੁਤ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਇੱਕ ਖੇਤ ਵਿੱਚ ਗੜ੍ਹੇ ਪੈ ਗਏ ਪਰ ਦੂਜੇ ਖੇਤ ਦਾ ਬਚਾਅ ਹੋ ਗਿਆ, ਉਸ ਵਿੱਚ ਗੜ੍ਹੇ ਨਹੀਂ ਪਏ। ਇਸ ਲਈ ਜਿਸ ਦਾ ਜਿੰਨਾ ਵੀ ਨੁਕਸਾਨ ਹੁੰਦਾ ਹੈ, ਉਸ ਨੁਕਸਾਨ ਵਾਸਤੇ ਕਰਾਪ ਇੰਸ਼ੋਰੈਂਸ ਹੋਵੇ ਤਾਂ ਕਿ ਕਿਸਾਨ ਨੂੰ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਮਿਲੇ।

ਸਪੀਕਰ ਸਾਹਿਬ, ਬਹੁਤ ਸਾਰੀਆਂ ਫਸਲਾਂ ਇਹੋ ਜਿਹੀਆਂ ਹਨ ਜਿਨ੍ਹਾਂ ਦੀ ਸੈਂਟਰ ਸਰਕਾਰ ਨੇ ਐਮ.ਐਸ.ਪੀ. ਬੰਨ੍ਹੀ ਹੋਈ ਹੈ ਜਿਵੇਂ ਮੱਕੀ ਹੈ, ਇਸ ਦੀ ਐਮ.ਐਸ.ਪੀ. ਬੰਨ੍ਹੀ ਹੋਈ ਹੈ ਲੇਕਿਨ ਇਸ ਦੀ ਖਰੀਦ ਐਮ.ਐਸ.ਪੀ. ਤੇ ਨਹੀਂ ਹੁੰਦੀ, ਕੋਈ ਖਰੀਦਦਾ ਹੀ ਨਹੀਂ। ਸੋ, ਅਜਿਹੀਆਂ ਚੀਜ਼ਾਂ ਵਾਸਤੇ ਸੈਂਟਰ ਗੌਰਮਿੰਟ ਨੂੰ ਇੰਤਜ਼ਾਮ ਕਰਨ ਦੀ ਲੋੜ ਹੈ। ਜਿਹੜੀ ਫਸਲ ਦੀ ਐਮ.ਐਸ.ਪੀ. ਬੰਨ੍ਹ ਦਿੱਤੀ ਉਸ ਨੂੰ ਕੋਈ ਖਰੀਦੇ ਤਾਂ ਸਹੀ, ਉਸ ਦਾ ਕੋਈ ਖਰੀਦਦਾਰ ਤਾਂ ਹੋਵੇ। ਖਰੀਦ ਦਾ ਕੰਮ ਤਾਂ ਸਾਰਾ ਸੈਂਟਰ ਸਰਕਾਰ ਦਾ ਹੈ, ਕਣਕ ਦੀ ਖਰੀਦ ਵੀ ਅਸੀਂ ਉਨ੍ਹਾਂ ਦੇ ਬਿਹਾਫ ਤੇ ਕਰਦੇ ਹਾਂ। ਇਸ ਕਰਕੇ ਜਿਹੜੀਆਂ ਫਸਲਾਂ ਦੀ ਐਮ.ਐਸ.ਪੀ. ਬੰਨ੍ਹੀ ਹੋਈ ਹੈ, ਖਾਸ ਕਰਕੇ ਮੱਕੀ ਅਤੇ ਸਨਫਲਾਵਰ ਦਾ ਜਿਹੜਾ ਅਸੀਂ ਕੰਪਨਸੇਸ਼ਨ ਰਿਲੀਫ ਦਿੰਦੇ ਹਾਂ, ਇਹ ਵਧਾਉਣ ਦੀ ਲੋੜ ਹੈ ਕਿਉਂਕਿ ਇਨ੍ਹਾਂ ਫਸਲਾਂ ਤੇ ਖਰਚਾ ਬਹੁਤ ਹੋ ਜਾਂਦਾ ਹੈ। ਹੁਣ ਜਿਨ੍ਹਾਂ ਕਿਸਾਨਾਂ ਦੇ ਨਰਮੇ ਥੋੜ੍ਹੇ ਬਹੁਤ ਖੜ੍ਹੇ ਹਨ, ਉਨ੍ਹਾਂ ਨੇ ਇਸ ਵਾਰ 6-6 ਸਪਰੇਆਂ ਕਰ ਦਿੱਤੀਆਂ ਹਨ ਕਿਉਂਕਿ ਕਿਸਾਨ ਆਪਣੀ ਫਸਲ ਨੂੰ ਆਪਣੇ ਬੱਚਿਆਂ ਵਾਂਗ ਪਾਲਦੇ ਹਨ। ਜਿਵੇਂ ਅਸੀਂ ਬੱਚਿਆਂ ਵਾਸਤੇ ਹਰ ਕੁਰਬਾਨੀ ਕਰਦੇ ਹਾਂ ਭਾਵੇਂ ਜ਼ਮੀਨ ਗਹਿਣੇ

[ ਮੁੱਖ ਮੰਤਰੀ ]

ਰੱਖਣੀ ਪਵੇ, ਭਾਵੇਂ ਘਰਵਾਲੀ ਦੇ ਜ਼ੇਵਰ ਵੇਚਣੇ ਪੈਣ, ਸਭ ਅਸੀਂ ਕਰਦੇ ਹਾਂ। ਇਸੇ ਤਰ੍ਹਾਂ ਕਿਸਾਨ ਆਪਣੀ ਫਸਲ ਵਾਸਤੇ ਹਰ ਕੁਰਬਾਨੀ ਕਰਦਾ ਹੈ। ਇਸ ਲਈ ਜੇਕਰ ਕਰਾਪ ਦੀ ਇਨਸ਼ੋਰੈਂਸ ਹੋ ਜਾਵੇ ਤਾਂ ਸਭ ਕੁਝ ਠੀਕ ਹੋ ਜਾਵੇਗਾ ਅਤੇ ਜਿੰਨਾ ਚਿਰ ਕਰਾਪ ਦੀ ਇਨਸ਼ੋਰੈਂਸ ਨਹੀਂ ਹੁੰਦੀ, ਉਨਾ ਚਿਰ ਮੁਆਵਜ਼ੇ ਵਿਚ ਵਾਧਾ ਹੋਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਨੂੰ ਬੜਾ ਦੁੱਖ ਹੈ ਕਿ ਇਹ ਚਲੇ ਗਏ ਹਨ, ਨਹੀਂ ਤਾਂ ਕੁਝ ਹੋਰ ਗੱਲਾਂ ਕਰਦੇ ਪਰ ਮੈਂ ਦੋ ਦਿਨਾਂ ਤੋਂ ਦੇਖ ਰਿਹਾ ਹਾਂ ਕਿ ਇਨਡਸਿਪਲਿਨ ਬਹੁਤ ਹੈ। ਇਹ ਸਾਹਮਣੇ ਵਾਲੇ ਬੇਮੁਹਾਰੇ ਹੋਈ ਫਿਰਦੇ ਹਨ। ਇਨ੍ਹਾਂ ਨੂੰ ਨਾ ਸਦਨ ਦਾ ਸਤਿਕਾਰ ਹੈ ਅਤੇ ਨਾ ਹੀ ਸਪੀਕਰ ਦੇ ਅਹੁਦੇ ਦਾ ਸਤਿਕਾਰ ਹੈ। ਇਹੋ ਜਿਹੀਆਂ ਗੱਲਾਂ ਕਰਕੇ ਇਹ ਸਮਝਦੇ ਹਨ ਕਿ ਸ਼ਾਇਦ ਅੰਸੀਂ ਅਖਬਾਰਾਂ ਵਿਚ ਆ ਜਾਵਾਂਗੇ। ਅਸੀਂ ਇਲੈਕਟਡ ਮੈਂਬਰ ਹਾਂ ਅਤੇ ਲੱਖਾਂ ਲੋਕਾਂ ਨੇ ਸਾਨੂੰ ਇਲੈਕਟ ਕੀਤਾ ਹੈ। ਜੇਕਰ ਅਸੀਂ ਇਹੋ ਜਿਹੀਆਂ ਗੱਲਾਂ ਕਰਾਂਗੇ ਤਾਂ ਲੋਕਾਂ ਤੱਕ ਕੀ ਸੰਦੇਸ਼ ਜਾਵੇਗਾ? ਪਤਾ ਨਹੀਂ ਕੀ ਕੁਝ ਖੁਆ ਕੇ ਲਿਆਂਦਾ ਹੈ, ਇਹ ਕੱਲ੍ਹ ਦੇ ਬੜੇ ਭੜਕੇ ਪਏ ਹਨ। ਚੌਧਰੀ ਸਾਹਿਬ ਨੇ ਜਿਥੇ ਬੋਲਣਾ ਹੈ, ਉਥੇ ਤਾਂ ਬੋਲ ਲੈਣ ਪਰ ਜਦੋਂ ਕੋਈ ਸਵਾਲ ਹੁੰਦਾ ਹੈ, ਉਥੇ ਵੀ ਬੋਲਦੇ ਹਨ, ਕੋਈ ਕਾਲ ਅਟੈਂਸ਼ਨ ਹੁੰਦੀ ਹੈ, ਉਥੇ ਵੀ ਬੋਲਦੇ ਹਨ। ਕੋਈ ਤਰੀਕਾ ਹੁੰਦਾ ਹੈ, ਜੋ ਲੀਡਰ ਹੁੰਦਾ ਹੈ, ਉਸ ਨੂੰ ਬੜੇ ਤਰੀਕੇ ਨਾਲ ਗੱਲ ਕਰਨੀ ਚਾਹੀਦੀ ਹੈ। ਇਹ ਨਹੀਂ ਕਿ ਹਰ ਮਿੰਟ ਬਾਅਦ ਹੀ ਖੜ੍ਹੇ ਹੋ ਜਾਣ। ਪਹਿਲਾਂ ਇਨ੍ਹਾਂ ਨੇ ਬਾਈਕਾਟ ਕਰਨ ਦਾ ਮਨ ਬਣਾਇਆ ਫਿਰ ਅੰਦਰ ਆ ਗਏ ਅਤੇ ਹੁਣ ਫਿਰ ਬਾਹਰ ਤੁਰ ਗਏ। ਅਸਲੀਅਤ ਇਹ ਹੈ ਕਿ ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਸਾਡਾ ਹੋਣਾ ਕੀ ਹੈ। ਚਿੱਟੀ ਸੁੰਡੀ ਤਾਂ ਇਨ੍ਹਾਂ ਵਿਚ ਪਈ ਹੈ। (ਹਾਸਾ) ਕੈਪਟਨ ਸਾਹਿਬ ਹਨ, ਮੈਂ ਕਿਸੇ ਦਾ ਨਾਂ ਨਹੀਂ ਲੈਂਦਾ ਕਿਉਂਕਿ ਕੈਪਟਨ ਤਾਂ ਫੌਜ ਵਿਚ ਹੁੰਦੇ ਹਨ। ਉਹ ਕਹਿੰਦੇ ਹਨ ਕਿ ਅਸੀਂ ਅਲੱਗ ਪਾਰਟੀ ਬਣਾਉਣੀ ਹੈ, ਕੋਈ ਕਹਿੰਦਾ ਅਸੀਂ ਫਲਾਣਾ ਕੰਮ ਕਰਨਾ ਹੈ, ਕੋਈ ਕਹਿੰਦਾ ਹੈ ਇਥੇ ਦਸਤਖਤ ਕਰੋ, ਕੋਈ ਕਹਿੰਦਾ ਹੈ ਉਥੇ ਕਰੋ। ਜਿਸ ਦਾ ਆਪਣਾ ਹਾਲ ਇਹ ਹੈ ਉਹ ਸੂਬੇ ਦਾ ਕੀ ਸੁਧਾਰ ਕਰੇਗਾ? ਇਸ ਲਈ ਸਪੀਕਰ ਸਾਹਿਬ, ਮੈਨੂੰ ਅੱਜ ਅਜਿਹਾ ਸਭ ਕੁਝ ਦੇਖ ਕੇ ਬੜਾ ਦੁੱਖ ਹੋਇਆ ਹੈ। ਇਹ ਤਾਂ ਇਨ੍ਹਾਂ ਦੀ ਮਰਜ਼ੀ ਹੈ, ਇਸ ਵਿਚ ਤੁਸੀਂ ਵੀ ਕੁਝ ਨਹੀਂ ਕਰ ਸਕਦੇ ਪਰ ਤੁਸੀਂ ਇਸ ਸੈਸ਼ਨ ਵਿਚ ਇਨ੍ਹਾਂ ਨੂੰ ਬਹੁਤ ਖੁੱਲ੍ਹ ਦਿੱਤੀ ਹੈ ਕਿ ਜਿੰਨਾ ਚਿਰ ਮਰਜ਼ੀ ਬੋਲੀ ਜਾਣ। ਸੋ, ਤੁਹਾਨੂੰ ਵੀ ਇਨ੍ਹਾਂ ਤੇ ਥੋੜ੍ਹੀ ਜਿਹੀ ਲਗਾਮ

ਕਸਣੀ ਪਵੇਗੀ। ਅਸੀਂ ਤੁਹਾਡਾ ਸਤਿਕਾਰ ਕਰਦੇ ਹਾਂ ਤਾਂ ਚੁੱਪ ਕਰਕੇ ਬੈਠੇ ਰਹਿੰਦੇ ਹਾਂ। ਮੈਂ ਮਿੱਤਲ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਹ ਮਤਾ ਲਿਆਂਦਾ ਹੈ, ਜਿਸ ਦੀ ਬੜੀ ਲੋੜ ਸੀ ਪਰ ਇਹ ਲੋੜ ਤਦ ਪੂਰੀ ਹੁੰਦੀ ਜੇਕਰ ਕੋਈ ਸੁਜੈਸ਼ਨਜ਼ ਵੀ ਆਉਂਦੀਆਂ। ਸਾਹਮਣੇ ਵਾਲੇ ਵੀਰਾਂ ਨੇ ਕੋਈ ਸੁਜੈਸ਼ਨਜ਼ ਹੀ ਨਹੀਂ ਦਿੱਤੀਆਂ ਪਰ ਫਿਰ ਵੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਬਸੰਮਤੀ ਨਾਲ ਇਹ ਮਤਾ ਪਾਸ ਕਰ ਦਿੱਤਾ ਜਾਵੇ। ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਹਾਂ ਜੀ, ਬੈਂਸ ਸਾਹਿਬ, ਦੱਸੋ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਸ ਮਤੇ ਦੇ ਉਨਾ ਚਿਰ ਵਿਰੋਧੀ ਨਹੀਂ ਜਿੰਨਾ ਚਿਰ ਤੁਸੀਂ ਨਾਲ ਵੀ ਕੁਝ ਦਿਓ। ਆਪਾਂ ਇਕੱਲਾ ਸੈਂਟਰ ਤੋਂ ਹੀ ਸਾਰਾ ਕੁਝ ਮੰਗੀ ਜਾਈਏ। ਮੈਂ ਅਸਲੀਅਤ ਦੱਸਣ ਲੱਗਾ ਹਾਂ, ਇਹ ਪਾਵਨ ਸਦਨ ਹੈ। ਮੈਂ ਹੁਸ਼ਿਆਰਪੁਰ ਦੇ ਇਕ ਪਿੰਡ ਡਗਾਣੇ ਵਿਚ ਗਿਆ। ਉਸ ਪਿੰਡ ਕੋਲ ਇਕ ਵੀ ਸਿਆੜ ਖੇਤੀ ਕਰਨ ਯੋਗ ਨਹੀਂ ਹੈ, ਉਸ ਪਿੰਡ ਦੀ ਸਾਰੀ ਦੀ ਸਾਰੀ ਜ਼ਮੀਨ ਭੰਗੀ ਚੋਅ ਵਿਚ ਹੈ ਅਤੇ 1947 ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ ਉਸ ਪਿੰਡ ਦੇ ਸਾਰੇ ਹੀ ਜ਼ਿੰਮੀਦਾਰ ਟਰਾਲੀ ਨਾਲ, ਗੱਡੇ ਨਾਲ ਜਾਂ ਰੇਹੜੇ ਨਾਲ ਨੇੜਲੇ ਸ਼ਹਿਰ ਵਿਚ ਰੇਤਾ ਵੇਚ ਕੇ ਆਪਣਾ ਗੁਜ਼ਾਰਾ ਕਰਦੇ ਹਨ ਅਤੇ ਤੁਸੀਂ ਕਿਸਾਨ ਤੇ ਆਪਣੀ ਜ਼ਮੀਨ ਵਿਚੋਂ ਰੇਤਾ ਚੁੱਕਣ ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਪਾਬੰਦੀ ਸੈਂਟਰ ਸਰਕਾਰ ਨੇ ਨਹੀਂ ਲਗਾਈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਕਿਸਾਨਾਂ ਵਾਸਤੇ ਸੈਂਟਰ ਤੋਂ ਕੁਝ ਮੰਗਣ ਲੱਗੇ ਹੋ ਪਰ ਹਮੇਸ਼ਾ ਮੰਗਣ ਦੀ ਆਦਤ ਨਾ ਪਾਈਏ। ਕੁਝ ਨਾ ਕੁਝ ਦੇਣ ਦੀ ਵੀ ਆਦਤ ਪਾਓ। ਕਿਸਾਨ ਮਰਦਾ ਜਾਂਦਾ ਹੈ, ਖੁਦਕੁਸ਼ੀਆਂ ਹੋ ਰਹੀਆਂ ਹਨ। ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਕਿਸਾਨ ਨੂੰ ਆਪਣੀ ਜ਼ਮੀਨ ਤੋਂ

[ ਸਰਦਾਰ ਬਲਵਿੰਦਰ ਸਿੰਘ ਬੈਂਸ ]

ਮਿੱਟੀ ਚੁੱਕਣ ਤੇ ਪਾਬੰਦੀ ਲਾਈ ਹੈ, ਸੀ.ਐਮ. ਸਾਹਿਬ ਕਿਰਪਾ ਕਰਕੇ ਇਸ ਪਾਬੰਦੀ ਨੂੰ ਹਟਾਓ ਤਾਂ ਕਿ ਹਰ ਮੁਹੱਲੇ ਵਿੱਚ ਹਰ ਗਲੀ ਵਿੱਚ ਹਰ ਬੰਦਾ ਜਿਹੜਾ ਰੌਲਾ ਪਾਉਂਦਾ ਹੈ.....

**ਮੁੱਖ ਸੰਸਦੀ ਸਕੱਤਰ, ਸਿੰਜਾਈ (ਸ਼੍ਰੀਮਤੀ ਮਹਿੰਦਰ ਕੌਰ ਜੋਸ਼) :** ਸਪੀਕਰ ਸਾਹਿਬ....

**ਸਰਦਾਰ ਬਲਵਿੰਦਰ ਸਿੰਘ ਬੈਂਸ :** ਬੀਬੀ ਜੀ, ਪਹਿਲਾਂ ਮੈਨੂੰ ਬੋਲ ਲੈਣ ਦਿਓ। ** **

**ਮਾਨਯੋਗ ਸਪੀਕਰ :** ਬੀਬੀ ਜੀ, ਤੁਹਾਨੂੰ ਮੈਂ ਬਾਅਦ ਵਿੱਚ ਟਾਈਮ ਦੇ ਦਿਆਂਗਾ, ਹੁਣ ਬੈਠ ਜਾਓ।

**ਮੁੱਖ ਸੰਸਦੀ ਸਕੱਤਰ, ਸਿੰਜਾਈ :** ** **

**ਮਾਨਯੋਗ ਸਪੀਕਰ :** ਬੀਬੀ ਜੀ ਨੇ ਜੋ ਕਿਹਾ ਹੈ, ਉਸ ਨੂੰ ਐਕਸਪੰਜ ਕਰ ਦਿਓ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ....(ਵਿਘਨ, ਸ਼ੋਰ)

**ਮੁੱਖ ਸੰਸਦੀ ਸਕੱਤਰ, ਸਿੰਜਾਈ :** ਸਪੀਕਰ ਸਾਹਿਬ, ਮੇਰੇ ਹਲਕੇ ਦੀ ਗੱਲ ਹੈ ਜੀ। ਮੈਨੂੰ ਬੋਲਣ ਦਿਓ।

**ਮਾਨਯੋਗ ਸਪੀਕਰ :** ਨਹੀਂ ਜੀ, ਅਜਿਹਾ ਨਹੀਂ ਹੋ ਸਕਦਾ। ਬੈਂਸ ਸਾਹਿਬ, ਕਲੋਜ਼ ਕਰੋ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਇਨ੍ਹਾਂ ਨੂੰ ਮਰਿਆਦਾ ਸਿਖਾਓ, ਇਹ ਲੋਕ ਮਰਿਆਦਾ ਤੋਂ ਬਾਹਰ ਹੋਏ ਫਿਰਦੇ ਹਨ। ਸੀ.ਐਮ. ਸਾਹਿਬ ਕਹਿ ਕੇ ਗਏ ਹਨ ਕਿ ਮਰਿਆਦਾ ਵਿੱਚ ਰਹਿਣਾ ਚਾਹੀਦਾ ਹੈ। ** **

**ਮੁੱਖ ਸੰਸਦੀ ਸਕੱਤਰ, ਸਿੰਜਾਈ :** ** **

**ਮਾਨਯੋਗ ਸਪੀਕਰ :** ਬੀਬੀ ਜੀ, ਬੈਠ ਜਾਓ। ਮੈਂ ਤੁਹਾਡੀ ਗੱਲ ਬਾਅਦ ਵਿੱਚ ਸੁਣ ਲਵਾਂਗਾ। ਬੀਬੀ ਜੀ ਜੋ ਕਹਿ ਰਹੇ ਹਨ, ਉਸ ਨੂੰ ਰਿਕਾਰਡ ਨਾ ਕੀਤਾ ਜਾਵੇ। Nothing should be recorded.

---

** Expunged as ordered by the Chair.

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕਿਸਾਨ ਨੂੰ ਜੋ ਆਪਣੇ ਖੇਤਾਂ ਵਿੱਚੋਂ, ਆਪਣੀ ਜਾਇਦਾਦ ਵਿਚੋਂ ਮਿੱਟੀ ਚੁੱਕਣ ਤੇ ਪਾਬੰਦੀ ਲਗਾਈ ਹੈ, ਪਹਿਲਾਂ ਉਸ ਨੂੰ ਖਤਮ ਕਰੋ। ਦੂਸਰੀ ਗੱਲ, ਅਸੀਂ ਮਿੱਤਲ ਜੀ (ਸ਼੍ਰੀ ਲਕਸ਼ਮੀ ਨਰਾਇਣ ਮਿੱਤਲ) ਨੂੰ ਡਾਈਵਰਸੀਫਿਕੇਸ਼ਨ ਵਾਸਤੇ ਬੇਸ਼ੁਮਾਰ ਕੀਮਤੀ ਜ਼ਮੀਨ ਦੇ ਦਿੱਤੀ ਹੈ ਪਰ ਸੀ.ਐਮ ਸਾਹਿਬ ਉਥੇ ਕੋਈ ਡਾਈਵਰਸੀਫਿਕੇਸ਼ਨ ਦਾ ਕੰਮ ਨਹੀਂ ਚੱਲ ਰਿਹਾ। ਤੁਸੀਂ ਉਥੇ ਗਏ ਅਤੇ ਮੈਨੂੰ ਨਹੀਂ ਪਤਾ ਕਿ ਤੁਹਾਨੂੰ ਕਿਵੇਂ ਗੁੰਮਰਾਹ ਕਰਕੇ ਲੈ ਗਏ। ਤੁਸੀਂ ਐਗਰੀਮੈਂਟ ਪੜ੍ਹ ਕੇ ਦੇਖਿਓ, ਐਗਰੀਮੈਂਟ ਵਿੱਚ ਲਿਖਿਆ ਹੋਇਆ ਹੈ ਕਿ ਇਹ ਬੰਦਾ ਉਥੇ ਕੋਈ ਬਿਲਡਿੰਗ ਕੰਸਟ੍ਰਕਟ ਨਹੀਂ ਕਰ ਸਕਦਾ ਅਤੇ ਸੀ.ਐਮ. ਸਾਹਿਬ ਤੁਸੀਂ ਉਥੇ ਸਕੂਲ ਦਾ ਉਦਘਾਟਨ ਕਰ ਆਏ। ਮੈਨੂੰ ਇਸ ਗੱਲ ਦਾ ਅਫ਼ਸੋਸ ਹੈ। ਐਗਰੀਮੈਂਟ ਪੜ੍ਹ ਕੇ ਦੇਖਿਓ, ਉਥੇ ਕੋਈ ਬਿਲਡਿੰਗ ਦੀ ਕੰਸਟ੍ਰਕਸ਼ਨ ਨਹੀਂ ਕੀਤੀ ਜਾ ਸਕਦੀ ਪਰ ਉਥੇ ਅੱਜ ਵੀ ਕੰਸਟ੍ਰਕਸ਼ਨ ਹੋ ਰਹੀ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਬੀਬੀ ਜੀ, ਹੁਣ ਤੁਸੀਂ ਦੱਸੋ, ਕੀ ਕਹਿਣਾ ਹੈ। ਬੀਬੀ ਜੀ, ਜਦੋਂ ਕੋਈ ਬੋਲ ਰਿਹਾ ਹੁੰਦਾ ਹੈ ਤਾਂ ਵਿੱਚ ਇੰਟ੍ਰਪਟ ਨਹੀਂ ਕਰਨਾ ਹੁੰਦਾ। ਮੈਂ ਤੁਹਾਨੂੰ ਕਹਿ ਰਿਹਾ ਸੀ ਕਿ ਤੁਹਾਡੇ ਹਲਕੇ ਦਾ ਮਸਲਾ ਹੈ, ਇਸ ਵਾਸਤੇ ਤੁਹਾਨੂੰ ਟਾਈਮ ਦਿਆਂਗੇ।

**ਮੁੱਖ ਸੰਸਦੀ ਸਕੱਤਰ, ਸਿੰਜਾਈ :** ਸਪੀਕਰ ਸਾਹਿਬ, ਤੁਸੀਂ ਉਨ੍ਹਾਂ ਦੀਆਂ ਹੀ ਸੁਣੀ ਜਾਂਦੇ ਹੋ। ਕਦੇ ਸਾਡੀ ਵੀ ਗੱਲ ਸੁਣ ਲਿਆ ਕਰੋ।

**ਮਾਨਯੋਗ ਸਪੀਕਰ :** ਹੁਣ ਦੱਸੋ, ਕੀ ਕਹਿਣਾ ਹੈ?

**ਮੁੱਖ ਸੰਸਦੀ ਸਕੱਤਰ, ਸਿੰਜਾਈ :** ਮੇਰੀ ਬੇਨਤੀ ਹੈ ਕਿ ਡਗਾਣਾ ਪਿੰਡ ਮੇਰੇ ਹਲਕੇ ਵਿੱਚ ਹੈ। ਇਨ੍ਹਾਂ ਨੇ ਜਿਹੜੀ ਗੱਲ ਕਹੀ ਹੈ ਕਿ ਉਥੇ ਸਾਰਾ ਰੇਤਾ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹਾਂਗੀ ਕਿ ਉਥੇ ਥੋੜ੍ਹਾ ਜਿਹਾ ਏਰੀਆ ਹੈ, ਜਿਥੇ ਰੇਤਾ ਹੈ। ਉਹ ਸਾਰੀ ਜਗ੍ਹਾ ਚੋਅ ਦੇ ਵਿੱਚ ਹੈ। ਚੋਅ ਦਾ ਕੁਦਰਤੀ ਵਹਾਅ ਹੈ। ਉਸ ਵਿੱਚ ਕਿਸੇ ਦਾ ਕੋਈ ਲੈਣ ਦੇਣ ਨਹੀਂ ਹੈ। ਸਾਰੀ ਕੁਦਰਤੀ ਗੱਲ ਹੈ ਲੇਕਿਨ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਉਥੇ ਕਿਸੇ ਕੋਲ ਇੱਕ ਇੰਚ [illegible] ਗਲਤ ਗੱਲ ਕਹੀ ਹੈ। ਉਥੇ ਲੋਕਾਂ ਦੀ 10-10 ਅਤੇ

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕਿਸਾਨ ਨੂੰ ਜੋ ਆਪਣੇ ਖੇਤਾਂ ਵਿੱਚੋਂ, ਆਪਣੀ ਜਾਇਦਾਦ ਵਿਚੋਂ ਮਿੱਟੀ ਚੁੱਕਣ ਤੇ ਪਾਬੰਦੀ ਲਗਾਈ ਹੈ, ਪਹਿਲਾਂ ਉਸ ਨੂੰ ਖਤਮ ਕਰੋ। ਦੂਸਰੀ ਗੱਲ, ਅਸੀਂ ਮਿੱਤਲ ਜੀ (ਸ਼੍ਰੀ ਲਕਸ਼ਮੀ ਨਰਾਇਣ ਮਿੱਤਲ) ਨੂੰ ਡਾਈਵਰਸੀਫਿਕੇਸ਼ਨ ਵਾਸਤੇ ਬੇਸ਼ੁਮਾਰ ਕੀਮਤੀ ਜ਼ਮੀਨ ਦੇ ਦਿੱਤੀ ਹੈ ਪਰ ਸੀ.ਐਮ ਸਾਹਿਬ ਉਥੇ ਕੋਈ ਡਾਈਵਰਸੀਫਿਕੇਸ਼ਨ ਦਾ ਕੰਮ ਨਹੀਂ ਚੱਲ ਰਿਹਾ। ਤੁਸੀਂ ਉਥੇ ਗਏ ਅਤੇ ਮੈਨੂੰ ਨਹੀਂ ਪਤਾ ਕਿ ਤੁਹਾਨੂੰ ਕਿਵੇਂ ਗੁੰਮਰਾਹ ਕਰਕੇ ਲੈ ਗਏ। ਤੁਸੀਂ ਐਗਰੀਮੈਂਟ ਪੜ੍ਹ ਕੇ ਦੇਖਿਓ, ਐਗਰੀਮੈਂਟ ਵਿੱਚ ਲਿਖਿਆ ਹੋਇਆ ਹੈ ਕਿ ਇਹ ਬੰਦਾ ਉਥੇ ਕੋਈ ਬਿਲਡਿੰਗ ਕੰਸਟ੍ਰਕਟ ਨਹੀਂ ਕਰ ਸਕਦਾ ਅਤੇ ਸੀ.ਐਮ. ਸਾਹਿਬ ਤੁਸੀਂ ਉਥੇ ਸਕੂਲ ਦਾ ਉਦਘਾਟਨ ਕਰ ਆਏ। ਮੈਨੂੰ ਇਸ ਗੱਲ ਦਾ ਅਫ਼ਸੋਸ ਹੈ। ਐਗਰੀਮੈਂਟ ਪੜ੍ਹ ਕੇ ਦੇਖਿਓ, ਉਥੇ ਕੋਈ ਬਿਲਡਿੰਗ ਦੀ ਕੰਸਟ੍ਰਕਸ਼ਨ ਨਹੀਂ ਕੀਤੀ ਜਾ ਸਕਦੀ ਪਰ ਉਥੇ ਅੱਜ ਵੀ ਕੰਸਟ੍ਰਕਸ਼ਨ ਹੋ ਰਹੀ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਬੀਬੀ ਜੀ, ਹੁਣ ਤੁਸੀਂ ਦੱਸੋ, ਕੀ ਕਹਿਣਾ ਹੈ। ਬੀਬੀ ਜੀ, ਜਦੋਂ ਕੋਈ ਬੋਲ ਰਿਹਾ ਹੁੰਦਾ ਹੈ ਤਾਂ ਵਿੱਚ ਇੰਟ੍ਰਪਟ ਨਹੀਂ ਕਰਨਾ ਹੁੰਦਾ। ਮੈਂ ਤੁਹਾਨੂੰ ਕਹਿ ਰਿਹਾ ਸੀ ਕਿ ਤੁਹਾਡੇ ਹਲਕੇ ਦਾ ਮਸਲਾ ਹੈ, ਇਸ ਵਾਸਤੇ ਤੁਹਾਨੂੰ ਟਾਈਮ ਦਿਆਂਗੇ।

**ਮੁੱਖ ਸੰਸਦੀ ਸਕੱਤਰ, ਸਿੰਜਾਈ :** ਸਪੀਕਰ ਸਾਹਿਬ, ਤੁਸੀਂ ਉਨ੍ਹਾਂ ਦੀਆਂ ਹੀ ਸੁਣੀ ਜਾਂਦੇ ਹੋ। ਕਦੇ ਸਾਡੀ ਵੀ ਗੱਲ ਸੁਣ ਲਿਆ ਕਰੋ।

**ਮਾਨਯੋਗ ਸਪੀਕਰ :** ਹੁਣ ਦੱਸੋ, ਕੀ ਕਹਿਣਾ ਹੈ?

**ਮੁੱਖ ਸੰਸਦੀ ਸਕੱਤਰ, ਸਿੰਜਾਈ :** ਮੇਰੀ ਬੇਨਤੀ ਹੈ ਕਿ ਡਗਾਣਾ ਪਿੰਡ ਮੇਰੇ ਹਲਕੇ ਵਿੱਚ ਹੈ। ਇਨ੍ਹਾਂ ਨੇ ਜਿਹੜੀ ਗੱਲ ਕਹੀ ਹੈ ਕਿ ਉਥੇ ਸਾਰਾ ਰੇਤਾ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹਾਂਗੀ ਕਿ ਉਥੇ ਥੋੜ੍ਹਾ ਜਿਹਾ ਏਰੀਆ ਹੈ, ਜਿਥੇ ਰੇਤਾ ਹੈ। ਉਹ ਸਾਰੀ ਜਗ੍ਹਾ ਚੋਅ ਦੇ ਵਿੱਚ ਹੈ। ਚੋਅ ਦਾ ਕੁਦਰਤੀ ਵਹਾਅ ਹੈ। ਉਸ ਵਿੱਚ ਕਿਸੇ ਦਾ ਕੋਈ ਲੈਣ ਦੇਣ ਨਹੀਂ ਹੈ। ਸਾਰੀ ਕੁਦਰਤੀ ਗੱਲ ਹੈ ਲੇਕਿਨ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਉਥੇ ਕਿਸੇ ਕੋਲ ਇੱਕ ਇੰਚ ਜ਼ਮੀਨ ਨਹੀਂ ਹੈ, ਇਹ ਗਲਤ ਗੱਲ ਕਹੀ ਹੈ। ਉਥੇ ਲੋਕਾਂ ਦੀ 10-10 ਅਤੇ 50-50 ਏਕੜ ਜ਼ਮੀਨ ਹੈ। ਸੋ, ਇਨ੍ਹਾਂ ਨੂੰ ਇਹ ਗੱਲ ਸੋਚ ਕੇ ਕਹਿਣੀ ਚਾਹੀਦੀ

[ ਮੁੱਖ ਸੰਸਦੀ ਸਕੱਤਰ, ਸਿੰਜਾਈ ]

ਹੈ ਕਿਉਂਕਿ ਸਾਰੀ ਜ਼ਮੀਨ ਚੋਅ ਵਿੱਚ ਨਹੀਂ ਹੈ। ਇਹ ਗਲਤ ਬਿਆਨਬਾਜ਼ੀ ਕਰਦੇ ਹਨ। ਸਿਰਫ਼ ਕੁਝ ਏਰੀਆ ਹੈ ਜਿੱਥੇ ਪਾਣੀ ਕੁਦਰਤੀ ਵਹਾਅ ਕਰਕੇ ਆਉਂਦਾ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ ਕਿ:

"ਇਹ ਸਦਨ ਕਿਸਾਨਾਂ ਦੇ ਵਧਦੇ ਆਰਥਿਕ ਸੰਕਟ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ ਅਤੇ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਖੇਤੀਬਾੜੀ ਦੇ ਵਿਕਾਸ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਤੇ ਪੁਨਰ ਵਿਚਾਰ ਕਰਕੇ ਇਨ੍ਹਾਂ ਨੂੰ ਇਸ ਤਰ੍ਹਾਂ ਸੋਧਿਆ ਜਾਵੇ ਕਿ ਕਿਸਾਨੀ ਨੂੰ ਛੇਤੀ ਤੋਂ ਛੇਤੀ ਇਸ ਡੂੰਘੇ ਆਰਥਿਕ ਸੰਕਟ ਵਿਚੋਂ ਕੱਢਿਆ ਜਾ ਸਕੇ। ਕਿਸਾਨਾਂ ਨੂੰ ਇਸ ਆਰਥਿਕ ਸੰਕਟ ਵਿੱਚੋਂ ਕੱਢਣ ਲਈ ਪੰਜਾਬ ਸਰਕਾਰ ਭ੍ਰਾਰਤ ਸਰਕਾਰ ਨਾਲ ਮਾਮਲਾ ਟੇਕ-ਅੱਪ ਕਰਕੇ ਇਹ ਸੁਨਿਸ਼ਚਿਤ ਕਰੇ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਲਈ ਲਾਹੇਵੰਦ ਭਾਅ ਤੇ ਖਰੀਦ ਦੇ ਢੁੱਕਵੇਂ ਪ੍ਰਬੰਧ ਕੀਤੇ ਜਾਣ ਅਤੇ ਉਨ੍ਹਾਂ ਲਈ ਜ਼ਰੂਰੀ ਕੁਆਲਿਟੀ ਇਨਪੁੱਟ ਸਮੇਂ ਸਿਰ ਵਾਜਬ ਕੀਮਤ ਤੇ ਉਪਲਬਧ ਕਰਵਾਏ ਜਾਣ। ਭਾਰਤ ਸਰਕਾਰ ਨੂੰ ਇਹ ਵੀ ਬੇਨਤੀ ਕੀਤੀ ਜਾਵੇ ਕਿ ਉਹ ਕਿਸਾਨਾਂ ਦੀਆਂ ਸਾਰੀਆਂ ਫਸਲਾਂ ਦਾ ਬੀਮਾ ਵੀ ਯਕੀਨੀ ਬਣਾਏ।"

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

---

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਅਗਲੀ ਆਈਟਮ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ। ਸੰਸਦੀ ਮਾਮਲੇ ਮੰਤਰੀ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰ: III ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 8 ਤੱਕ ਦੇ ਕਾਗਜ਼ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਵੱਖ-ਵੱਖ ਨਿਯਮਾਂ ਅਧੀਨ ਲੋੜੀਂਦਾ ਹੈ :-

1. ਸਾਲ 2011-12 ਲਈ ਗੁਲਮੋਹਰ ਟੂਰਿਸਟ ਕੰਪਲੈਕਸ (ਹੌਲੀਡੇ ਹੋਮ) ਲਿਮਟਿਡ ਦੀ ਨੌਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

2. ਸਾਲ 2012-13 ਲਈ ਪੰਜਾਬ ਰਾਜ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਟੀ.ਸੀ.ਐਲ) ਦੀ ਤੀਜੀ ਸਾਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ਓ ਅਧੀਨ ਲੋੜੀਂਦਾ ਹੈ।

3. ਸਾਲਾਂ 2011-12 ਅਤੇ 2013-14 ਲਈ ਗਰੇਟਰ ਲੁਧਿਆਣਾ ਖੇਤਰ ਵਿਕਾਸ ਅਥਾਰਟੀ, ਲੁਧਿਆਣਾ (ਗਲਾਡਾ) ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ।

4. ਸਾਲ 2013-14 ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੀ ਸਾਲਾਨਾ ਰਿਪੋਰਟ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ।

5. ਸਾਲ 2013-14 ਲਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਲਿਮਟਿਡ ਦੀ ਸਾਲਾਨਾ ਰਿਪੋਰਟ ਜਿਵੇਂ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਐਕਟ, 1996 ਦੀ ਧਾਰਾ 21(4) ਅਧੀਨ ਲੋੜੀਂਦਾ ਹੈ।

6. ਸਾਲ 2013-14 ਲਈ ਪੰਜਾਬ ਸਾਬਕਾ ਫੌਜੀਆਂ ਕਾਰਪੋਰੇਸ਼ਨ, ਚੰਡੀਗੜ੍ਹ ਦੀ ਸਾਲਾਨਾ ਰਿਪੋਰਟ ਅਤੇ ਲੇਖੇ ਜਿਵੇਂ ਕਿ ਪੰਜਾਬ ਸਾਬਕਾ ਫੌਜੀਆਂ ਕਾਰਪੋਰੇਸ਼ਨ (ਪੈਸਕੋ) ਐਕਟ, 1978 ਦੀ ਧਾਰਾ 23(6) ਅਧੀਨ ਲੋੜੀਂਦਾ ਹੈ।

7. 1.4.2014 ਤੋਂ 31.3.2015 ਤੱਕ ਬਜਟ (2014-15) ਦੇ ਸਬੰਧ ਵਿਚ ਪ੍ਰਾਪਤੀਆਂ ਅਤੇ ਖਰਚਿਆਂ ਦੀਆਂ ਪ੍ਰਵਿਰਤੀਆਂ ਦੇ ਵਿਵਰਣ ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਦੀ ਧਾਰਾ 6(1) ਅਧੀਨ ਲੋੜੀਂਦਾ ਹੈ।

8. ਸਾਲ 2010-11 ਲਈ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਦੀ 28ਵੀਂ ਸਾਲਾਨਾ ਲੇਖਾ ਰਿਪੋਰਟ ਜਿਵੇਂ ਕਿ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਐਕਟ, 1955 ਦੀ ਧਾਰਾ 28 ਅਧੀਨ ਲੋੜੀਂਦਾ ਹੈ।

---

## MOTION UNDER RULE 16

**ਮਾਨਯੋਗ ਸਪੀਕਰ :** ਸੰਸਦੀ ਮਾਮਲੇ ਮੰਤਰੀ ਜੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾਂ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

---

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਸੇਖੜੀ ਸਾਹਿਬ ਨੇ ਜੋ ਮੁੱਦਾ ਉਠਾਇਆ ਹੈ ਇਹ ਬੜਾ ਅਹਿਮ ਮੁੱਦਾ ਹੈ। ਉਨ੍ਹਾਂ ਨੂੰ ਮਨਾਉਣ ਦੀ ਕਾਫੀ ਕੋਸ਼ਿਸ਼ ਵੀ ਕੀਤੀ ਗਈ। ਕਈ ਆਨਰੇਬਲ ਮੈਂਬਰਾਂ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਕਿਹਾ ਸੀ ਕਿ ਅਸੀਂ ਸਮਝਾ ਲਵਾਂਗੇ ਅਤੇ ਸਭ ਠੀਕ ਕਰ ਲਵਾਂਗੇ but he (Shri Ashwani Sekhri) was with heavy heart. ਉਨ੍ਹਾਂ ਨੇ ਇਸ ਮਸਲੇ ਨੂੰ own ਕੀਤਾ ਕਿ ਇਹ ਮੇਰੇ ਨਾਲ ਹੋਇਆ ਹੈ ਅਤੇ ਉਨ੍ਹਾਂ ਨੇ ਇੱਥੇ ਨਾਂ ਵੀ ਲੈ ਦਿੱਤੇ। ਸੋ, ਇਸ ਤੋਂ ਵੱਧ ਮੇਰਾ ਖਿਆਲ ਹੈ ਕਿ ਤੁਹਾਨੂੰ ਕਿਸੇ ਸਬੂਤ ਦੀ ਲੋੜ ਨਹੀਂ ਰਹੀ। ਇੱਕ ਆਨਰੇਬਲ ਮੈਂਬਰ,. with heavy heart ਇਹ ਕਹੀਏ ਕਿ ਸਿਰਫ ਹੰਝੂ ਨਹੀਂ ਗਿਰੇ ਬਾਕੀ everything I could see because ਉਨ੍ਹਾਂ ਦੀ ਸੀਟ ਮੇਰੇ ਸਾਹਮਣੇ ਸੀ, ਉਹ ਬਹੁਤ discouraged ਫੀਲ ਕਰ ਰਹੇ ਸਨ।

---

## RULING BY HON'BLE SPEAKER

**ਮਾਨਯੋਗ ਸਪੀਕਰ :** ਮੇਰੇ ਨਾਲ ਉਨ੍ਹਾਂ (ਸ਼੍ਰੀ ਅਸ਼ਵਨੀ ਸੇਖੜੀ) ਦੀ ਟੈਲੀਫੋਨ ਤੇ ਗੱਲ ਹੋਈ ਸੀ। ਉਨ੍ਹਾਂ ਨੇ ਮੈਨੂੰ ਇਹ ਕਿਹਾ ਕਿ ਮੈਂ ਤੁਹਾਨੂੰ ਸਵੇਰੇ ਦਰਖਾਸਤ ਦੇ ਦਿਆਂਗਾ। ਇਸੇ ਲਈ ਮੈਂ ਚਾਹੁੰਦਾ ਸੀ ਕਿ ਉਨ੍ਹਾਂ ਵੱਲੋਂ ਦਰਖਾਸਤ ਆ ਜਾਵੇ ਅਤੇ ਮੈਂਬਰਾਂ ਦੇ ਨਾਂ ਆ ਜਾਣ। ਹੁਣ ਕਿਉਂਕਿ ਉਨ੍ਹਾਂ ਨੇ ਹਾਊਸ ਵਿੱਚ ਹੀ ਉਨ੍ਹਾਂ ਦੇ ਨਾਂ ਦੱਸ ਦਿੱਤੇ ਹਨ, now the matter will be sent to Privilege Committee.

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਐਕਸ਼ਨ ਜ਼ਰੂਰ ਹੋਣਾ ਚਾਹੀਦਾ ਹੈ। ਧੰਨਵਾਦ ਜੀ।

---

## NON OFFICIAL RESOLUTIONS

## RESOLUTION Reg. RECOMMENDING TO THE STATE GOVERNMENT FOR TAKING EFFECTIVE STEPS TO IMPART SKILL TRAINING TO THE YOUTH IN THE STATE.

**ਮਾਨਯੋਗ ਸਪੀਕਰ :** ਸਰਦਾਰ ਰਣਜੀਤ ਸਿੰਘ ਢਿੱਲੋਂ, ਐਮ.ਐਲ.ਏ. ਮਤਾ ਪੇਸ਼ ਕਰਨ।

**ਸਰਦਾਰ ਰਣਜੀਤ ਸਿੰਘ ਢਿੱਲੋਂ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ -

> "ਇਹ ਸਦਨ ਨੌਜੁਆਨਾਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਕਰਨ ਲਈ ਅਤੇ ਵਿਸ਼ਵ ਵਿਆਪੀ ਬੇਰੁਜ਼ਗਾਰੀ ਦੀ ਗੰਭੀਰ ਚੁਣੌਤੀ ਨੂੰ ਠੱਲ੍ਹ ਪਾਉਣ ਲਈ ਰਾਜ ਵਿਚ ਨੌਜੁਆਨਾਂ ਨੂੰ ਹੁਨਰ ਸਿਖਾਉਣ ਵਾਸਤੇ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਹੋਰ ਅਸਰਦਾਰ ਕਦਮ ਚੁੱਕੇ ਜਾਣ ਦੀ ਸਿਫਾਰਸ਼ ਕਰਦਾ ਹੈ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ ਕਿ -

> "ਇਹ ਸਦਨ ਨੌਜੁਆਨਾਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਕਰਨ ਲਈ ਅਤੇ ਵਿਸ਼ਵ ਵਿਆਪੀ ਬੇਰੁਜ਼ਗਾਰੀ ਦੀ ਗੰਭੀਰ ਚੁਣੌਤੀ ਨੂੰ ਠੱਲ੍ਹ

[ ਮਾਨਯੋਗ ਸਪੀਕਰ ]

ਪਾਉਣ ਲਈ ਰਾਜ ਵਿਚ ਨੌਜੁਆਨਾਂ ਨੂੰ ਹੁਨਰ ਸਿਖਾਉਣ ਵਾਸਤੇ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਹੋਰ ਅਸਰਦਾਰ ਕਦਮ ਚੁੱਕੇ ਜਾਣ ਦੀ ਸਿਫਾਰਸ਼ ਕਰਦਾ ਹੈ।"

ਬਹਿਸ।

**ਸਰਦਾਰ ਰਣਜੀਤ ਸਿੰਘ ਢਿੱਲੋਂ (ਲੁਧਿਆਣਾ ਪੂਰਬੀ) :** ਮਾਨਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਇੱਕ ਬਹੁਤ ਹੀ ਮਹੱਤਵਪੂਰਨ ਮੁੱਦੇ ਨਾਲ ਜੁੜੇ ਮਤੇ ਨੂੰ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਇਸ ਵਾਸਤੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਅੱਜ ਵਿਸ਼ਵ ਸਾਹਮਣੇ ਨੌਜਵਾਨ ਵਰਗ ਵਿੱਚ ਵੱਧ ਰਹੀ ਬੇਰੁਜ਼ਗਾਰੀ, ਉਨ੍ਹਾਂ ਨੂੰ ਰੁਜ਼ਗਾਰ ਨਾ ਮਿਲਣ ਦੀ ਜਿਹੜੀ ਚੁਣੌਤੀ ਹੈ, ਇਹ ਇੱਕ ਚਿੰਤਾ ਦਾ ਵਿਸ਼ਾ ਹੈ। ਲੱਖਾਂ ਨੌਜਵਾਨ ਹਰ ਸਾਲ ਡਿਗਰੀਆਂ ਲੈ ਕੇ ਵੱਖ-ਵੱਖ ਅਦਾਰਿਆਂ ਵਿੱਚੋਂ ਨਿਕਲਦੇ ਹਨ। 20 ਸਾਲ ਦੀ ਤਪੱਸਿਆ ਤੋਂ ਬਾਅਦ ਜਦੋਂ ਉਹ ਡਿਗਰੀ ਲੈ ਕੇ ਬਾਹਰ ਨਿਕਲਦੇ ਹਨ ਤਾਂ ਨੌਕਰੀਆਂ ਦੀ ਤਲਾਸ਼ ਵਿੱਚ ਘੁੰਮਦੇ ਹਨ। ਜਦੋਂ ਉਨ੍ਹਾਂ ਨੂੰ ਭਟਕਣ ਤੋਂ ਬਾਅਦ ਕਿਤੇ ਵੀ ਨੌਕਰੀ ਨਹੀਂ ਮਿਲਦੀ ਫਿਰ ਉਹ ਨੌਜਵਾਨ ਨਿਰਾਸ਼ ਹੋ ਜਾਂਦੇ ਹਨ। ਨਿਰਾਸ਼ ਹੋ ਕੇ ਉਹ ਨੌਜਵਾਨ ਗਲਤ ਰਸਤਾ ਅਖਤਿਆਰ ਕਰ ਲੈਂਦੇ ਹਨ, ਜਿਸ ਦਾ ਰਿਜ਼ਲਟ ਬਹੁਤ ਮਾੜਾ ਨਿਕਲਦਾ ਹੈ। ਅਸੀਂ ਵੇਖਦੇ ਹਾਂ ਕਿ ਨਸ਼ਾ, ਤਸਕਰੀ, ਲੁੱਟ-ਖੋਹ ਅਤੇ ਕਤਲ ਵਰਗੀਆਂ ਘਟਨਾਵਾਂ ਹੋ ਰਹੀਆਂ ਹਨ, ਜਿਨ੍ਹਾਂ ਪਿੱਛੇ ਕਾਰਨ ਬੇਰੁਜ਼ਗਾਰੀ ਹੀ ਹੈ। ਅੱਜ ਸਾਰਾ ਵਿਸ਼ਵ ਇਸ ਦਾ ਸਾਹਮਣਾ ਕਰ ਰਿਹਾ ਹੈ, ਵੱਖ ਵੱਖ ਦੇਸ਼ਾਂ, ਘਰਾਂ ਅਤੇ ਪਰਿਵਾਰਾਂ ਦੇ ਸਾਹਮਣੇ ਇਹ ਸਮੱਸਿਆ ਉਭਰ ਰਹੀ ਹੈ। ਬੇਰੁਜ਼ਗਾਰੀ ਹਰ ਪਰਿਵਾਰ ਲਈ ਚੁਣੌਤੀ ਬਣੀ ਹੋਈ ਹੈ। ਜ਼ਿੰਦਗੀ ਚਲਾਉਣ ਲਈ, ਘਰ ਚਲਾਉਣ ਲਈ ਅਤੇ ਪਰਿਵਾਰ ਚਲਾਉਣ ਲਈ ਪੈਸਾ ਬਹੁਤ ਜ਼ਰੂਰੀ ਹੈ, ਪੈਸੇ ਲਈ ਕੰਮ ਜ਼ਰੂਰੀ ਹੈ ਅਤੇ ਕੰਮ ਲਈ ਨੌਕਰੀ ਜ਼ਰੂਰੀ ਹੈ। ਜੇਕਰ ਨੌਕਰੀ ਲੈਣੀ ਹੈ ਤਾਂ ਫਿਰ ਹੁਨਰਮੰਦੀ ਬਹੁਤ ਜ਼ਰੂਰੀ ਹੈ। ਅੱਜ ਇਸ ਗੱਲ ਦੀ ਬੜੀ ਲੋੜ ਹੈ ਕਿ ਹੁਨਰਮੰਦੀ ਉਤੇ ਪੂਰਾ ਜ਼ੋਰ ਦਿੱਤਾ ਜਾਵੇ।

ਜੇਕਰ ਰੋਜ਼ਮੱਰਾ ਦੀ ਜ਼ਿੰਦਗੀ ਵੱਲ ਵੇਖੀਏ ਤਾਂ ਅੱਜ ਜੇ ਕਿਸੇ ਵਿਅਕਤੀ ਨੇ ਆਪਣਾ ਘਰ ਬਣਾਉਣਾ ਹੋਵੇ ਉਹ ਇਕ ਚੰਗੇ ਕਾਰੀਗਰ ਦੀ ਤਲਾਸ਼ ਕਰਦਾ ਹੈ। ਭਾਵੇਂ ਉਸ ਨੂੰ ਕੁਝ ਸਮਾਂ ਉਡੀਕ ਹੀ ਕਰਨੀ ਪਵੇ ਪਰ ਉਹ ਚੰਗਾ ਕਾਰੀਗਰ ਲੱਭ ਕੇ ਹੀ ਆਪਣੇ ਘਰ ਦੀ ਉਸਾਰੀ ਕਰਨਾ ਚਾਹੁੰਦਾ ਹੈ। ਇਸੇ ਤਰ੍ਹਾਂ ਹੀ

ਭਾਵੇਂ ਬਿਜਲੀ ਦਾ ਕੰਮ ਹੋਵੇ ਜਾਂ ਕਾਰਪੇਂਟਰ ਦਾ ਕੰਮ ਹੋਵੇ, ਹਰ ਕੋਈ ਚੰਗਾ ਅਤੇ ਹੁਨਰਮੰਦ ਬੰਦਾ ਲੱਭ ਕੇ ਹੀ ਉਸ ਕੰਮ ਤੇ ਲਗਾਉਂਦਾ ਹੈ। ਅੱਜ ਸਾਰੇ ਪਾਸੇ ਅਜਿਹੇ ਲੱਖਾਂ ਅਦਾਰੇ ਹਨ, ਜਿਥੇ ਡਿਗਰੀਆਂ ਤਾਂ ਵੰਡੀਆਂ ਜਾਂਦੀਆਂ ਹਨ ਪਰ ਹੁਨਰਮੰਦੀ ਵੰਡਣ ਵਾਲੇ ਅਦਾਰੇ ਬਹੁਤ ਹੀ ਘੱਟ ਹਨ। ਜੇਕਰ ਹਨ ਤਾਂ ਉਨ੍ਹਾਂ ਵਿੱਚ ਵੀ ਪ੍ਰੈਕਟੀਕਲ ਘੱਟ ਹੁੰਦੇ ਹਨ, ਕੇਵਲ ਕਿਤਾਬੀ ਗੱਲਾਂ ਸਿਖਾ ਕੇ ਨੌਜਵਾਨਾਂ ਨੂੰ ਡਿਗਰੀਆਂ ਦੇ ਕੇ ਤੋਰ ਦਿੰਦੇ ਹਨ। ਜਦੋਂ ਅਜਿਹੇ ਨੌਜਵਾਨ ਬਾਹਰ ਜਾ ਕੇ ਪ੍ਰੈਕਟੀਕਲ ਤੌਰ ਤੇ ਕੰਮ ਕਰਦੇ ਹਨ ਤਾਂ ਉਹ ਮਾਪਦੰਡਾਂ ਤੇ ਖਰੇ ਨਹੀਂ ਉਤਰਦੇ। ਅੱਜ ਸਾਡਾ ਦੇਸ਼ ਨੌਜਵਾਨ ਦੇਸ਼ ਮੰਨਿਆ ਜਾਂਦਾ ਹੈ। ਇਹ ਆਖਿਆ ਜਾਂਦਾ ਹੈ ਕਿ ਇਥੋਂ ਦੀ 65% ਅਬਾਦੀ ਨੌਜਵਾਨਾਂ ਦੀ ਅਬਾਦੀ ਹੈ। ਜਿੰਨੀ ਵੱਡੀ ਨੌਜਵਾਨਾਂ ਦੀ ਅਬਾਦੀ ਹੈ, ਉਨੀ ਹੀ ਵੱਡੀ ਬੇਰੁਜ਼ਗਾਰੀ ਸਾਡੇ ਕੋਲ ਹੈ। ਇਸ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਬਹੁਤ ਅਸਰਦਾਰ ਕਦਮ ਚੁੱਕਣ ਦੀ ਲੋੜ ਹੈ। ਬੇਰੁਜ਼ਗਾਰੀ ਖਤਮ ਕਰਨ ਲਈ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ ਨਾਲ ਹੁਨਰਮੰਦ ਕੀਤਾ ਜਾਣਾ ਬਹੁਤ ਜ਼ਰੂਰੀ ਹੈ ਅਤੇ ਹੁਨਰਮੰਦੀ ਦਾ ਸਾਡੇ ਦੇਸ਼ ਵਿਚ ਬਹੁਤ ਸਕੋਪ ਹੈ। ਸਾਡੇ ਵਿਚ ਕੁਝ ਅਨਪੜ੍ਹ ਵਿਅਕਤੀਆਂ ਨੇ ਵੀ ਬੜੇ ਮਾਅਰਕੇ ਵਾਲੇ ਕੰਮ ਕੀਤੇ ਹਨ ਕਿਉਂਕਿ ਉਨ੍ਹਾਂ ਕੋਲ ਹੁਨਰ ਹੈ। ਜਿਸ ਦੇ ਕੋਲ ਹੁਨਰ ਹੋਵੇ ਉਹ ਕਿਧਰੇ ਵੀ ਮਾਰ ਨਹੀਂ ਖਾਂਦਾ। ਸਾਡੇ ਨੌਜਵਾਨਾਂ ਵਿਚ ਜੋਸ਼ ਹੈ। ਉਸ ਜੋਸ਼ ਦੀ ਸਦਵਰਤੋਂ ਹੋਣੀ ਚਾਹੀਦੀ ਹੈ। ਜੇਕਰ ਜੋਸ਼ ਦੀ ਸਦਵਰਤੋਂ ਨਾ ਹੋਵੇ ਤਾਂ ਉਹ ਜੋਸ਼ ਮੁਸੀਬਤ ਦਾ ਕਾਰਨ ਬਣਾ ਜਾਂਦਾ ਹੈ।

ਸਾਡੀ ਪੰਜਾਬ ਦੀ ਮਹਾਨ ਧਰਤੀ ਵਿਚ ਬਹੁਤ ਕਲਾ ਹੈ ਪਰ ਸਾਡੇ ਸਾਹਮਣੇ ਵੀ ਬੜੀਆਂ ਗੰਭੀਰ ਚੁਣੌਤੀਆਂ ਹਨ। ਪਿਛਲੇ ਸਮੇਂ ਵਿਚ ਜਦੋਂ ਪੰਜਾਬ ਅੰਦਰ ਜ਼ਮੀਨਾਂ ਦੇ ਬੜੇ ਰੇਟ ਵਧੇ ਹਨ ਤਾਂ ਇਸ ਨੂੰ ਖੁਸ਼ਹਾਲੀ ਮੰਨ ਲਿਆ ਗਿਆ। ਇਸ ਨੂੰ ਤਰੱਕੀ ਨਾਲ ਜੋੜ ਕੇ ਵੇਖਿਆ ਗਿਆ ਪਰ ਮੈਂ ਸਮਝਦਾ ਹਾਂ ਕਿ ਸਾਡੀ ਇਹ ਸੋਚਣੀ ਗਲਤ ਸੀ। ਅਸੀਂ ਗਲਤ ਸੋਚ ਬੈਠੇ ਸੀ ਕਿ ਸਾਡੀਆਂ ਜ਼ਮੀਨਾਂ ਦੀਆਂ ਕੀਮਤਾਂ ਵਧਣ ਨਾਲ ਸਾਡੀ ਤਰੱਕੀ ਹੋ ਗਈ ਹੈ। ਨਤੀਜਾ ਕੀ ਹੋਇਆ, ਸਾਡੇ ਨੌਜਵਾਨ ਕੰਮ ਛੱਡ ਗਏ। ਇਕ ਜ਼ਮੀਨ ਦਾ ਟੁਕੜਾ ਵੇਚਿਆ ਤੇ ਕੋਠੀ ਪਾ ਲਈ, ਇਕ ਹੋਰ ਜ਼ਮੀਨ ਦਾ ਟੁਕੜਾ ਵੇਚਿਆ ਅਤੇ ਵੱਡੀ ਕਾਰ ਲੈ ਲਈ। ਮਹਿੰਗੇ ਮੈਰਿਜ ਪੈਲੇਸਾਂ ਵਿਚ ਜਾ ਕੇ ਵਿਆਹ ਕਰ ਦਿੱਤੇ। ਇਹ ਜਿਹੜਾ ਕੋਠੀ, ਕਾਰ ਆਦਿ ਦਾ ਸਿਸਟਮ ਚੱਲਿਆ ਹੈ ਇਹ ਪਿਛਲੇ 20 ਕੁ ਸਾਲਾਂ ਦੇ

[ ਸਰਦਾਰ ਰਣਜੀਤ ਸਿੰਘ ਢਿੱਲੋਂ ]

ਦੌਰ ਵਿਚ ਹੀ ਆਇਆ ਹੈ ਅਤੇ ਇਸ ਨੂੰ ਤਰੱਕੀ ਦਾ ਦੌਰ ਮੰਨਿਆ ਜਾ ਰਿਹਾ ਹੈ। ਅਸੀਂ ਇਸ ਕਦਰ ਅਵੇਸਲੇ ਹੋ ਗਏ ਕਿ ਇਸ ਵਿਚ ਸਾਡਾ ਬਹੁਤ ਵੱਡਾ ਨੁਕਸਾਨ ਛੁਪਿਆ ਹੋਇਆ ਹੈ, ਇਹ ਨਾ ਦੇਖਿਆ। ਜਿਸ ਨੂੰ ਅਸੀਂ ਤਰੱਕੀ ਸਮਝ ਰਹੇ ਸੀ, ਉਹ ਅਸਲ ਵਿਚ ਬਰਬਾਦੀ ਸੀ। ਜ਼ਮੀਨਾਂ ਦੀ ਕੀਮਤ ਵਧਣੀ ਸਾਡੀ ਬਰਬਾਦੀ ਦਾ ਕਾਰਨ ਬਣੀ। ਇਸ ਦਾ ਹਾਲੇ ਸਾਨੂੰ ਪਤਾ ਨਹੀਂ ਲੱਗ ਰਿਹਾ ਪਰ ਆਉਣ ਵਾਲੇ ਸਮੇਂ ਵਿਚ 10 ਕੁ ਸਾਲ ਤੋਂ ਬਾਅਦ ਪਤਾ ਲੱਗੇਗਾ ਕਿ ਜਿਸ ਦੌਰ ਨੂੰ ਅਸੀਂ ਤਰੱਕੀ ਦਾ ਦੌਰ ਮੰਨਦੇ ਸੀ, ਅਸਲ ਵਿਚ ਉਹ ਬਰਬਾਦੀ ਦਾ ਦੌਰ ਸੀ। ਉਸ ਵੇਲੇ ਅਸੀਂ ਫਿਰ ਕੁਝ ਵੀ ਨਹੀਂ ਕਰ ਸਕਾਂਗੇ। ਸਾਡੇ ਹੱਥ ਵਿਚੋਂ ਗੱਲ ਨਿਕਲ ਚੁੱਕੀ ਹੋਵੇਗੀ।

ਅੱਜ ਜਿਹੜਾ ਸਫੈਦਪੋਸ਼ੀ ਦਾ ਸਮਾਂ ਸਾਡੇ ਪੰਜਾਬ ਵਿਚ ਚਲ ਰਿਹਾ ਹੈ, ਸਾਡੇ ਨੌਜਵਾਨ ਕੰਮ ਛੱਡ ਚੁੱਕੇ ਹਨ, ਉਹ ਹੱਥੀਂ ਕਿਰਤ ਨਹੀਂ ਕਰਦੇ, ਉਸ ਨਾਲ ਸਾਡੇ ਸਾਰੇ ਕਾਰੋਬਾਰ ਪ੍ਰਵਾਸੀ ਵੀਰਾਂ ਦੇ ਹੱਥਾਂ ਵਿੱਚ ਚਲੇ ਗਏ ਹਨ। ਜਿਨ੍ਹਾਂ ਪੰਜਾਬੀਆਂ ਨੂੰ ਕਿਸੇ ਸਮੇਂ ਮਿਹਨਤਕਸ਼ ਕਿਹਾ ਜਾਂਦਾ ਸੀ, ਜਿਨ੍ਹਾਂ ਦੀ ਮਿਹਨਤ ਦੇ ਡੰਕੇ ਹਿੰਦੁਸਤਾਨ ਤੇ ਸੰਸਾਰ ਵਿੱਚ ਸਨ, ਅੱਜ ਅਸੀਂ ਉਹ ਪੰਜਾਬੀ ਇਸ ਗੱਲ ਤੋਂ ਅਵੇਸਲੇ ਹੋ ਗਏ ਹਾਂ। ਪੰਜਾਬੀਆਂ ਦੀ ਮਿਹਨਤ ਦੇ ਡੰਕੇ ਅੱਜ ਵੀ ਬਾਹਰਲੇ ਦੇਸ਼ਾਂ ਵਿੱਚ ਵਜਦੇ ਹਨ ਪਰ ਆਪਣੇ ਦੇਸ਼ ਵਿੱਚ ਅਸੀਂ ਇਸ ਗੱਲ ਤੋਂ ਅਵੇਸਲੇ ਹੋਏ ਬੈਠੇ ਹਾਂ। ਅਸੀਂ ਆਪਣੇ ਨੌਜਵਾਨਾਂ ਨੂੰ ਸੰਭਾਲ ਨਹੀਂ ਸਕੇ ਜਾਂ ਫਿਰ ਨੌਜਵਾਨ ਸਾਡੇ ਤੋਂ ਸਮਝ ਨਹੀਂ ਸਕੇ, ਜਿਸ ਕਰਕੇ ਅੱਜ ਸਾਡੀ ਨੌਜਵਾਨੀ ਸਾਹਮਣੇ ਰੁਜ਼ਗਾਰ ਦੀ ਸਮੱਸਿਆ ਵਿਰਾਟ ਰੂਪ ਧਾਰਨ ਕਰਕੇ ਖੜ੍ਹੀ ਹੈ। ਪਿਛਲੇ ਸਮਿਆਂ ਵਿੱਚ ਸਾਡੇ ਤੇ ਵੱਡੇ ਵੱਡੇ ਕਲੰਕ ਵੀ ਲੱਗੇ। ਸਾਨੂੰ ਲੋਕਾਂ ਨੇ ਨਸ਼ੇੜੀ ਦਾ ਖਿਤਾਬ ਤੱਕ ਦੇ ਦਿੱਤਾ, ਨਸ਼ੇੜੀ ਕਹਿ ਕੇ ਬੁਲਾਇਆ। ਸਾਡੇ ਪੰਜਾਬ ਦੇ ਨੌਜਵਾਨ ਨੇ ਦੇਸ਼ ਦੀ ਅਜ਼ਾਦੀ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ ਅਤੇ ਜਿਵੇਂ ਬਾਦਲ ਸਾਹਿਬ ਗੱਲ ਕਰ ਰਹੇ ਸਨ ਕਿ ਪੰਜਾਬ ਦੇਸ਼ ਦਾ ਅੰਨ ਭੰਡਾਰ ਸਾਬਤ ਹੋਇਆ ਹੈ। ਅਜ਼ਾਦੀ ਤੋਂ ਬਾਅਦ ਜਦੋਂ ਸਾਡਾ ਦੇਸ਼ ਠੂਠਾ ਲੈ ਕੇ ਘੁੰਮ ਰਿਹਾ ਸੀ, ਉਸ ਵੇਲੇ ਸਾਡੇ ਪੰਜਾਬ ਦੇ ਨੌਜਵਾਨਾਂ ਨੇ ਮਿਹਨਤ ਕਰਕੇ ਦੇਸ਼ ਦਾ ਅੰਨ ਭੰਡਾਰ ਭਰਿਆ ਪਰ ਅੱਜ ਸਾਡਾ ਨੌਜਵਾਨ ਅਵੇਸਲਾ ਹੋ ਗਿਆ ਹੈ, ਇਹ ਆਪਣੀ ਕਿਰਤ ਛੱਡ ਚੁੱਕਾ ਹੈ। ਗੁਰੂ ਨਾਨਕ ਮਹਾਰਾਜ ਦਾ ਜਿਹੜਾ ਅਸੂਲ ਸੀ ਕਿ ਕਿਰਤ ਕਰੋ, ਨਾਮ ਜਪੋ, ਵੰਡ ਛੱਕੋ, ਅਸੀਂ ਉਸ ਨੂੰ ਵਿਸਾਰ ਦਿੱਤਾ ਹੈ ਜਿਸ

ਕਰਕੇ ਅੱਜ ਅਸੀਂ ਖੁਆਰ ਹੋ ਰਹੇ ਹਾਂ ਅਤੇ ਸਾਡੇ ਸਾਹਮਣੇ ਗੰਭੀਰ ਚੁਣੌਤੀਆਂ ਖੜ੍ਹੀਆਂ ਹਨ।

ਸਪੀਕਰ ਸਾਹਿਬ, ਅੱਗੇ ਮੈਂ ਸਕਿੱਲ ਡਿਵੈਲਪਮੈਂਟ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਸਕਿੱਲ ਡਿਵੈਲਪਮੈਂਟ ਦਾ ਮਤਲਬ ਹੈ, ਆਪਣੇ ਆਪ ਨੂੰ ਤਿਆਰ ਕਰਨਾ, ਆਪਣੀ ਪਰਸਨੈਲਿਟੀ ਨੂੰ ਡਿਵੈਲਪ ਕਰਨਾ, ਜੋ ਕਿ ਬਹੁਤ ਜ਼ਰੂਰੀ ਹੈ। ਤਿਆਰ ਕਰਨ ਵਿੱਚ ਸਾਡੇ ਮਾਤਾ ਪਿਤਾ ਜੀ ਦਾ ਵੀ ਯੋਗਦਾਨ ਹੁੰਦਾ ਹੈ ਅਤੇ ਸਾਡੀਆਂ ਸਰਕਾਰਾਂ ਦਾ ਵੀ ਇਸ ਵਿੱਚ ਯੋਗਦਾਨ ਹੋਣਾ ਚਾਹੀਦਾ ਹੈ। ਕਿਸੇ ਵੀ ਖਿੱਤੇ ਵਿੱਚ ਜਾਣ ਵਾਸਤੇ ਪਰਸਨੈਲਿਟੀ ਦੇ ਨਾਲ ਨਾਲ ਹੁਨਰਮੰਦ ਹੋਣਾ ਅਤੀ ਜ਼ਰੂਰੀ ਹੈ। ਸਾਡਾ ਗਿਆਨ, ਸਾਡਾ ਹਾਵ-ਭਾਵ ਤੇ ਸਾਡਾ ਦੇਖਣ ਦਾ ਰਵੱਈਆ ਠੀਕ ਹੈ ਤਾਂ ਨੌਕਰੀ ਵੀ ਮਿਲ ਸਕਦੀ ਹੈ ਅਤੇ ਆਪਾਂ ਜ਼ਿੰਦਗੀ ਵਿੱਚ ਹੋਰ ਅੱਗੇ ਵੀ ਵੱਧ ਸਕਦੇ ਹਾਂ। ਸਕਿੱਲ ਅਨੇਕਾਂ ਪ੍ਰਕਾਰ ਦੀ ਹੁੰਦੀ ਹੈ। ਹੁਨਰਮੰਦ ਹੋਣ ਵਿੱਚ ਜ਼ਿਆਦਾ ਸਕੋਪ ਹੈ ਅਤੇ ਇਸ ਦਾ ਉਲੇਖ ਸਰਕਾਰ ਨੂੰ ਵੱਡੇ ਪੱਧਰ ਤੇ ਕਰਨਾ ਚਾਹੀਦਾ ਹੈ। ਮੈਂ 22 ਤਰੀਕ ਦੀ ਜੱਗ ਬਾਣੀ ਅਖਬਾਰ ਦੀ ਗੱਲ ਕਰਨੀ ਹੈ। ਉਸ ਵਿੱਚ ਇੱਕ ਲੇਖ ਪ੍ਰਕਾਸ਼ਿਤ ਹੋਇਆ ਸੀ ਜੋ ਕਿ ਡਾ. ਦੇਵੀ ਸ਼ੈਟੀ ਜੀ ਦਾ ਲਿਖਿਆ ਹੋਇਆ ਸੀ।

**ਮਾਨਯੋਗ ਸਪੀਕਰ :** ਤੁਸੀਂ ਕੋਟ ਕਰ ਸਕਦੇ ਹੋ ਪਰ ਰੀਡ ਨਹੀਂ ਕਰ ਸਕਦੇ।

**ਸਰਦਾਰ ਰਣਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਸਾਡੇ ਦੇਸ਼ ਵਿੱਚ ਨਰਸਿੰਗ ਦੀਆਂ ਅਸਾਮੀਆਂ ਲਈ 24 ਲੱਖ ਨਰਸਾਂ ਦੀ ਲੋੜ ਹੈ। ਇਸ ਕਿੱਤੇ ਵਿੱਚ ਇਹ ਘਾਟ ਬਹੁਤ ਸਮੇਂ ਤੋਂ ਚੱਲ ਰਹੀ ਹੈ। ਸਾਡੀਆਂ ਧੀਆਂ-ਭੈਣਾਂ ਅਤੇ ਨੌਜਵਾਨਾਂ ਨੂੰ ਇਸ ਪਾਸੇ ਉਤਸ਼ਾਹਤ ਕਰਨਾ ਚਾਹੀਦਾ ਹੈ ਅਤੇ ਨਰਸਿੰਗ ਦੀ ਸਿਖਲਾਈ ਲਈ ਕੇਂਦਰ ਬਣਾਏ ਜਾਣੇ ਚਾਹੀਦੇ ਹਨ। ਜਿਹੜੇ ਸ਼ਹਿਰਾਂ ਵਿੱਚ ਪ੍ਰਾਈਵੇਟ ਕੇਂਦਰ ਹਨ, ਜਿਨ੍ਹਾਂ ਨੇ ਸਰਕਾਰ ਤੋਂ ਨਰਸਿੰਗ ਸਿਖਾਉਣ ਦੇ ਲਾਇਸੰਸ ਲਏ ਹੋਏ ਹਨ, ਉਨ੍ਹਾਂ ਕੋਲ ਪ੍ਰੈਕਟੀਕਲ ਵਾਸਤੇ ਕੋਈ ਸਿਸਟਮ ਨਹੀਂ ਹਨ। ਉਹ ਬੱਚਿਆਂ ਨੂੰ ਸਿਰਫ਼ ਕਿਤਾਬੀ ਗਿਆਨ ਦੇ ਕੇ ਤੋਰ ਦਿੰਦੇ ਹਨ ਜਿਸ ਕਾਰਨ ਅੱਗੇ ਜਾ ਕੇ ਉਨ੍ਹਾਂ ਲਈ ਸਰਵਿਸ ਦੇ ਵਧੀਆ ਚਾਂਸ ਨਹੀਂ ਬਣਦੇ। ਇਸ ਕਰਕੇ ਮੈਂ ਸਮਝਦਾ ਹਾਂ ਕਿ ਜਿੰਨੇ ਸਾਡੇ ਸਿਵਲ ਹਸਪਤਾਲ ਜਾਂ ਹੋਰ ਵਧੀਆ ਹਸਪਤਾਲ ਹਨ, ਉਨ੍ਹਾਂ ਨੂੰ ਨਰਸਿੰਗ ਦੇ ਖਿੱਤੇ ਵਿੱਚ ਵੱਧ ਤੋਂ ਵੱਧ ਬੱਚੀਆਂ ਨੂੰ ਲੈ ਕੇ ਆਉਣਾ

[ ਸਰਦਾਰ ਰਣਜੀਤ ਸਿੰਘ ਢਿੱਲੋਂ ]

ਚਾਹੀਦਾ ਹੈ ਤਾਂ ਕਿ ਉਹ ਆਪਣੇ ਪੈਰਾਂ ਤੇ ਖੜ੍ਹੀਆਂ ਹੋ ਸਕਣ ਅਤੇ ਇਸ ਹੁਨਰ ਨਾਲ ਜੁੜ ਕੇ ਆਪਣਾ ਭਵਿੱਖ ਸੰਵਾਰ ਸਕਣ।

ਸਪੀਕਰ ਸਾਹਿਬ, ਸਾਡੇ ਕੋਲ ਕਲਰਕ ਦੇ ਖੇਤਰ ਵਿੱਚ ਵੀ ਬਹੁਤ ਸਕੋਪ ਹਨ। ਚਾਹੇ ਅਦਾਰਾ ਪ੍ਰਾਈਵੇਟ ਹੋਵੇ ਜਾਂ ਸਰਕਾਰੀ, ਉਥੇ ਕਲਰਕਾਂ ਦੀ ਹਮੇਸ਼ਾ ਲੋੜ ਰਹਿੰਦੀ ਹੈ। ਇਸ ਕਿੱਤੇ ਵਿੱਚ ਵੀ ਵੱਧ ਤੋਂ ਵੱਧ ਨੌਜਵਾਨਾਂ ਨੂੰ ਲਗਾਇਆ ਜਾ ਸਕਦਾ ਹੈ। ਟਾਈਪ, ਸ਼ਾਰਟਹੈਂਡ, ਕੰਪਿਊਟਰ, ਅਕਾਊਂਟੈਂਸੀ ਦੇ ਸਕਿੱਲਜ਼ ਨਾਲ ਵੱਧ ਤੋਂ ਵੱਧ ਨੌਜਵਾਨਾਂ ਨੂੰ ਜੋੜਿਆ ਜਾ ਸਕਦਾ ਹੈ। ਮਾਨਯੋਗ ਪ੍ਰਧਾਨ ਮੰਤਰੀ ਜੀ ਨੇ ਕੁਸ਼ਲ ਭਾਰਤੀ ਸਕਿੱਲ ਸੈਮੀਨਾਰ ਬੁਲਾ ਕੇ ਸਕਿੱਲ ਡੇਅ ਮਨਾਇਆ ਜਿਸ ਵਿੱਚ ਸਾਰੀਆਂ ਸਟੇਟਾਂ ਦੇ ਮੁੱਖ ਮੰਤਰੀ ਸਾਹਿਬਾਨ ਨੂੰ ਬੁਲਾਇਆ ਗਿਆ ਸੀ। ਇਸ ਸੈਮੀਨਾਰ ਵਿੱਚ ਸਕਿੱਲਜ਼ ਨੂੰ ਪ੍ਰਫੁਲਿਤ ਕਰਨ ਲਈ ਉਪਰਾਲੇ ਕੀਤੇ ਗਏ ਹਨ ਅਤੇ ਜਿਸ ਵਿੱਚ ਉਨ੍ਹਾਂ ਨੇ ਇਹ ਵੀ ਟੀਚਾ ਰੱਖਿਆ ਹੈ ਕਿ ਸਾਲ 2022 ਤੱਕ 40 ਕਰੋੜ ਭਾਰਤ ਨਿਵਾਸੀਆਂ ਨੂੰ, ਨੌਜਵਾਨਾਂ ਨੂੰ ਸਕਿੱਲਜ਼ ਸਬੰਧੀ ਜਾਣਕਾਰੀ ਦੇ ਕੇ ਵੱਖ ਵੱਖ ਕਿੱਤਿਆਂ ਵਿੱਚ ਹੁਨਰਮੰਦ ਬਣਾ ਕੇ ਉਨ੍ਹਾਂ ਨੂੰ ਸਰਵਿਸ ਦਿੱਤੀ ਜਾਵੇਗੀ। ਸੋ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਇਹ ਉਪਰਾਲਾ ਬਹੁਤ ਵੱਡਾ ਹੈ, ਜਿਹੜਾ ਆਉਣ ਵਾਲੇ ਸਮੇਂ ਵਿੱਚ ਸਾਡੇ ਭਾਰਤ ਲਈ ਲਾਹੇਵੰਦ ਸਾਬਤ ਹੋਵੇਗਾ।

ਸਪੀਕਰ ਸਾਹਿਬ, ਸਾਡੇ ਲੁਧਿਆਣੇ ਵਿੱਚ ਬੜੀ ਵੱਡੀ ਹੌਜ਼ਰੀ ਹੈ। ਜਿਸ ਵਿੱਚ ਬਹੁਤ ਲੋਕਾਂ ਨੂੰ ਐਡਜਸਟ ਕੀਤਾ ਜਾ ਸਕਦਾ ਹੈ। ਉਥੇ ਨੌਜਵਾਨਾਂ ਨੂੰ ਬਹੁਤ ਜ਼ਿਆਦਾ ਕੰਮ ਮਿਲ ਸਕਦਾ ਹੈ। ਅੱਜ ਲੁਧਿਆਣੇ ਦੀ ਉਸ ਹੌਜ਼ਰੀ ਤੇ ਸਾਡੇ ਪਰਵਾਸੀ ਵੀਰਾਂ ਦਾ ਕਬਜ਼ਾ ਹੈ। ਕਿਸੇ ਇੱਕ ਫੈਕਟਰੀ ਵਿੱਚ, ਕਿਸੇ ਇੱਕ ਇੰਡਸਟਰੀ ਵਿੱਚ ਸਾਡੇ ਨੌਜਵਾਨ ਕੰਮ ਕਰਨ ਨਹੀਂ ਜਾਂਦੇ ਹਾਲਾਂਕਿ ਉਥੇ ਕਮਾਈ ਦਾ ਕਾਫੀ ਸਕੋਪ ਹੈ। ਮੈਂ ਸਮਝਦਾ ਹਾਂ ਕਿ ਜੇਕਰ ਆਪਣੇ ਮਾਲਵੇ ਪੱਟੀ ਦੇ ਲੋਕਾਂ ਨੂੰ ਜਾਂ ਮਾਝਾ ਪੱਟੀ ਦੇ ਲੋਕਾਂ ਨੂੰ ਰੋਜ਼ਗਾਰ ਦੇਣ ਦੀ ਯੋਜਨਾ ਬਣਾਈ ਜਾਵੇ ਤਾਂ ਜਿਹੜੀ ਹੌਜ਼ਰੀ ਇੰਡਸਟਰੀ ਹੈ, ਉਸ ਵਿੱਚ ਉਨ੍ਹਾਂ ਵਾਸਤੇ ਹੋਸਟਲ ਬਣਾਏ ਜਾਣ। ਹੋਸਟਲ ਬਣਾਉਣ ਵਾਸਤੇ ਰਿਆਇਤਾਂ ਦਿੱਤੀਆਂ ਜਾਣ। ਇਸ ਵਾਸਤੇ ਸਾਡੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਨੂੰ ਐਡਜਸਟ ਕੀਤਾ ਜਾਵੇ ਤਾਂ ਕਿ ਨੌਜਵਾਨ ਆ ਕੇ ਇਹ ਕੰਮ ਸਿੱਖਣ। ਥੋੜ੍ਹੀ ਜਿਹੀ ਟਰੇਨਿੰਗ ਤੋਂ ਬਾਅਦ ਉਹ 15 ਤੋਂ 20 ਹਜ਼ਾਰ ਦੀ ਕਮਾਈ ਕਰਨ ਵਾਲੇ ਕਾਰੀਗਰ ਬਣ ਸਕਦੇ ਹਨ। ਲੋੜ ਸਿਰਫ਼ ਉਸ

ਇਲਾਕੇ ਦੇ ਨੌਜਵਾਨਾਂ ਵਿੱਚ ਇਸ ਗੱਲ ਦੇ ਪ੍ਰਚਾਰ ਦੀ ਹੈ। ਜੇ ਅਸੀਂ ਹੋਸਟਲ ਬਣਾ ਦੇਈਏ ਅਤੇ ਉਸ ਹੋਸਟਲ ਵਿੱਚ ਸਸਤਾ ਕਿਚਨ ਪ੍ਰੋਵਾਈਡ ਕਰਵਾ ਦੇਈਏ ਤਾਂ ਜੋ ਸਸਤੀ ਰਸੋਈ ਵਿਚੋਂ ਰੋਟੀ ਖਾ ਕੇ, ਹੋਸਟਲ ਵਿੱਚ ਰਹਿ ਕੇ, ਕਾਰੋਬਾਰ ਕਰਕੇ ਨੌਜਵਾਨ ਆਪਣੇ ਘਰਾਂ ਦਾ ਪਾਲਣ-ਪੋਸ਼ਣ ਵਧੀਆ ਕਰ ਸਕਣ ਤਾਂ ਜਿਹੜੀ ਸਾਡੇ ਪੰਜਾਬ ਤੇ ਮਾਰ ਪਈ ਹੋਈ ਹੈ, ਜਿਸ ਨੂੰ ਕਲੰਕ ਕਹਿ ਲਵੋ, ਮੈਂ ਪਿੱਛੇ ਵੀ ਕਿਹਾ ਹੈ ਕਿ ਸਾਡੇ ਤੇ ਲੱਗਿਆ ਹੈ ਕਿ ਸਾਡੇ ਨੌਜਵਾਨ ਨਸ਼ਿਆਂ ਦੀ ਤਸਕਰੀ ਵਿੱਚ ਜਾਂ ਨਸ਼ਿਆਂ ਦੇ ਆਦੀ ਹੋ ਰਹੇ ਹਨ, ਜੇ ਉਨ੍ਹਾਂ ਨੂੰ ਕੰਮ ਮਿਲੇ ਤਾਂ ਮੈਂ ਸਮਝਦਾ ਹਾਂ ਕਿ ਉਹ ਇਸ ਤੋਂ ਬਚ ਸਕਦੇ ਹਨ ਜੋ ਕਿ ਸਾਡੇ ਸਾਰਿਆਂ ਲਈ ਲਾਹੇਵੰਦ ਸਾਬਤ ਹੋ ਸਕਦਾ ਹੈ। ਸੋ, ਸਪੀਕਰ ਸਾਹਿਬ, ਇਹ ਬਹੁਤ ਜ਼ਰੂਰੀ ਹੈ ਕਿ ਇਸ ਨੂੰ ਅਸਰਦਾਰ ਢੰਗ ਦੇ ਨਾਲ ਲਾਗੂ ਕਰਵਾਇਆ ਜਾਵੇ ਕਿਉਂਕਿ ਹੌਜ਼ਰੀ ਇੰਡਸਟਰੀ ਵਿੱਚ ਪੰਜਾਬੀਆਂ ਲਈ ਰੁਜ਼ਗਾਰ ਦੇ ਬਹੁਤ ਅਵਸਰ ਹਨ। ਖਾਸ ਕਰਕੇ ਜਿਹੜੀਆਂ ਸਾਡੀਆਂ ਧੀਆਂ-ਭੈਣਾਂ ਹਨ ਉਨ੍ਹਾਂ ਬੱਚੀਆਂ ਨੂੰ ਘਰ ਬੈਠੀਆਂ ਨੂੰ ਵੀ ਉਥੇ ਹੀ ਕੰਮ ਮਿਲ ਜਾਂਦਾ ਹੈ। ਹੌਜ਼ਰੀ ਵਿੱਚ ਇਸ ਤਰ੍ਹਾਂ ਦੇ ਬਹੁਤ ਕੰਮ ਹਨ ਜਿਹੜੇ ਕਿ ਘਰਾਂ ਵਿੱਚ ਬੈਠ ਕੇ ਕੀਤੇ ਜਾਂਦੇ ਹਨ ਅਤੇ ਕਰਨ ਤੋਂ ਬਾਅਦ ਫੈਕਟਰੀ ਵਿੱਚ ਜਮ੍ਹਾਂ ਕਰਵਾ ਦਿੱਤੇ ਜਾਂਦੇ ਹਨ। ਸੋ, ਹੌਜ਼ਰੀ ਵਿੱਚ ਰੁਜ਼ਗਾਰ ਦੇ ਬਹੁਤ ਚਾਂਸ ਹਨ।

ਸਾਡਾ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਖੇਤੀ ਵਿੱਚ ਬਹੁਤ ਜ਼ਿਆਦਾ ਸਕਿੱਲਜ਼ ਹਨ। ਕੇਂਦਰ ਵਿੱਚ ਸਾਡੀ ਭੈਣ ਜੀ ਫੂਡ ਪਰੋਸੈਸਿੰਗ ਦੇ ਮਨਿਸਟਰ ਹਨ, ਹੁਣ ਤਾਂ ਅਸੀਂ ਪੰਜਾਬ ਦੀ ਧਰਤੀ ਤੇ ਜਿੰਨਾ ਮਰਜੀ ਵੱਖ ਵੱਖ ਤਰ੍ਹਾਂ ਦੀਆਂ ਸਬਜੀਆਂ, ਵੱਖ ਵੱਖ ਤਰ੍ਹਾਂ ਦੀ ਹੋਰ ਖੇਤੀ ਕਰਕੇ ਇਸ ਖਿੱਤੇ ਵਿੱਚ ਵੱਧ ਤੋਂ ਵੱਧ ਕੰਮ ਕਰ ਸਕਦੇ ਹਾਂ। ਜੇਕਰ ਆਪਾਂ ਖੇਤੀ ਦੇ ਖਿੱਤੇ ਨੂੰ ਲਾਹੇਵੰਦ ਬਣਾਉਣ ਦੀ ਕੋਸ਼ਿਸ਼ ਕਰੀਏ ਤਾਂ ਮੈਂ ਸਮਝਦਾ ਹਾਂ ਕਿ ਸਾਡੀ ਨੌਜਵਾਨ ਜਨਰੇਸ਼ਨ, ਸਾਡਾ ਭਵਿੱਖ ਜਿਹੜਾ ਖੇਤੀ ਦਾ ਕੰਮ ਛੱਡਦਾ ਜਾ ਰਿਹਾ ਹੈ ਅਤੇ ਵੱਡੀ ਕਮਾਈ ਕਰਨ ਦੀ ਲਾਲਸਾ ਵਿੱਚ ਬਾਹਰ ਨੂੰ ਭੱਜ ਰਿਹਾ ਹੈ, ਉਨ੍ਹਾਂ ਨੌਜਵਾਨਾਂ ਨੂੰ ਫੇਰ ਜੋੜਿਆ ਜਾ ਸਕਦਾ ਹੈ। ਉਨ੍ਹਾਂ ਦੇ ਲਈ ਖੇਤੀ ਬਹੁਤ ਲਾਹੇਵੰਦ ਕਿੱਤਾ ਹੋ ਸਕਦਾ ਹੈ। ਕੁਕਿੰਗ ਜਾਂ ਇਸ ਤਰ੍ਹਾਂ ਦੇ ਹੋਰ ਬਹੁਤ ਕੰਮ ਹਨ, ਸਾਡੇ ਲੁਧਿਆਣੇ ਵਿੱਚ ਸੈਂਟਰਲ ਟੂਲ ਜਨਰੇਸ਼ਨ ਦਾ ਇੰਸਟੀਚਿਊਟ ਹੈ, ਜਿਹੜਾ ਜਰਮਨੀ ਦੇ ਸਹਿਯੋਗ ਨਾਲ ਚੱਲ ਰਿਹਾ ਹੈ। ਉਥੇ ਜਿੰਨੇ ਵੀ ਨੌਜਵਾਨ ਡਿਪਲੋਮਾ ਕਰਦੇ ਹਨ, ਟ੍ਰੇਨਿੰਗ

[ ਸਰਦਾਰ ਰਣਜੀਤ ਸਿੰਘ ਢਿੱਲੋਂ ]

ਲੈਂਦੇ ਹਨ, ਉਨ੍ਹਾਂ ਦੀ 90 ਪ੍ਰਤੀਸ਼ਤ ਦੇ ਲਗਭਗ ਪਲੇਸਮੈਂਟ ਹੈ। ਜਰਮਨੀ ਜਾਂ ਹੋਰ ਫੌਰਨ ਕੰਟਰੀਜ਼ ਵਿੱਚ ਵੀ ਉਨ੍ਹਾਂ ਲਈ ਸਕੋਪ ਹੈ। ਸੋ, ਇਸ ਕਰਕੇ ਉਥੇ ਵੀ ਵੱਧ ਤੋਂ ਵੱਧ ਸਾਡੇ ਨੌਜਵਾਨਾਂ ਨੂੰ ਲੈ ਕੇ ਆਉਣ ਦੀ ਲੋੜ ਹੈ।

ਹੁਣ ਮੋਦੀ ਸਾਹਿਬ ਨੇ ਜਿਹੜੀ ਕਮੇਟੀ ਬਣਾਈ ਹੈ, ਉਸ ਵਿੱਚ ਸਾਡੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੇ ਤਜ਼ਰਬੇ ਦਾ ਲਾਹਾ ਲੈਣ ਵਾਸਤੇ ਉਸ ਕਮੇਟੀ ਦਾ ਉਨ੍ਹਾਂ ਨੂੰ ਚੇਅਰਮੈਨ ਬਣਾਇਆ ਹੈ। ਵੱਖ ਵੱਖ ਸੂਬਿਆਂ ਦੇ ਮੁੱਖ ਮੰਤਰੀ ਉਸ ਵਿੱਚ ਪਾਏ ਹਨ। ਆਪਾਂ ਸਾਰੇ ਜਾਣਦੇ ਹਾਂ ਕਿ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਇੱਕ ਅਜਿਹੀ ਸ਼ਖਸੀਅਤ ਹਨ, ਜਿਨ੍ਹਾਂ ਨੇ ਰਾਜਨੀਤੀ ਵਿੱਚ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਦਾ ਸਮਾਂ ਵੀ ਦੇਖਿਆ ਹੈ, ਅਜ਼ਾਦੀ ਦਾ ਸਮਾਂ ਵੀ ਦੇਖਿਆ ਹੈ ਅਤੇ ਅਜ਼ਾਦੀ ਤੋਂ ਬਾਅਦ ਦਾ ਸਮਾਂ ਵੀ ਦੇਖਿਆ ਹੈ। ਪਿੰਡ ਦੀ ਸਰਪੰਚੀ ਤੋਂ ਲੈ ਕੇ ਮੁੱਖ ਮੰਤਰੀ ਦੇ ਅਹੁਦੇ ਤੇ ਪੰਜ ਵਾਰ ਸੇਵਾ ਕਰਨੀ, ਮੈਂ ਸਮਝਦਾ ਹਾਂ ਕਿ ਜਿਹੜਾ ਪ੍ਰਧਾਨ ਮੰਤਰੀ ਸਾਹਿਬ ਨੇ ਇਨ੍ਹਾਂ ਦੇ ਤਜ਼ਰਬੇ ਤੋਂ ਲਾਹਾ ਲੈਣ ਦਾ ਮੌਕਾ ਦਿੱਤਾ ਹੈ, ਇਹ ਸਾਡੇ ਦੇਸ਼ ਲਈ ਸਕਿੱਲਜ਼ ਦੇ ਮਾਮਲੇ ਵਿੱਚ ਬਹੁਤ ਜਿਆਦਾ ਲਾਹੇਵੰਦ ਹੋਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਸਾਨੂੰ ਇਸ ਦਾ ਲਾਭ ਹੋਵੇਗਾ।

ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਮੁੱਖ ਮੰਤਰੀ ਸਾਹਿਬ ਜਾ ਚੁੱਕੇ ਹਨ, ਮੇਰੀ ਇਹ ਬੇਨਤੀ ਉਨ੍ਹਾਂ ਤੱਕ ਜ਼ਰੂਰ ਪਹੁੰਚ ਜਾਵੇ ਕਿ ਸਾਡੇ ਲੁਧਿਆਣੇ ਵਿੱਚ ਜਿਹੜੀ ਹੌਜ਼ਰੀ ਇੰਡਸਟਰੀ ਹੈ, ਉਸ ਇੰਡਸਟਰੀ ਵਿੱਚ ਬਾਲ ਮਜ਼ਦੂਰੀ ਦੇ ਨਾਮ ਤੇ ਇੰਡਸਟਰੀ ਵਾਲਿਆਂ ਨੂੰ ਬੜਾ ਬਲੈਕਮੇਲ ਕੀਤਾ ਜਾਂਦਾ ਹੈ। ਪਰਵਾਸੀ ਲੋਕ ਜਿਹੜੇ ਇੰਡਸਟਰੀ ਵਿੱਚ ਕੰਮ ਕਰਦੇ ਹਨ, ਉਹ ਆਪਣੇ 12-16 ਸਾਲ ਦੀ ਉਮਰ ਦੇ ਬੱਚਿਆਂ ਨੂੰ ਵਿਹਲੇ ਹੋਣ ਕਾਰਨ ਇੰਡਸਟਰੀ ਵਿਚ ਨਾਲ ਲੈ ਆਉਂਦੇ ਹਨ, ਉਨ੍ਹਾਂ ਤੋਂ ਥੋੜ੍ਹਾ ਬਹੁਤਾ ਕੰਮ ਕਰਵਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਹੌਲੀ ਹੌਲੀ ਕੰਮ ਕਰਦਿਆਂ ਉਹ ਸਿੱਖਦੇ ਰਹਿੰਦੇ ਹਨ ਅਤੇ ਜਦੋਂ ਉਹ 16 ਸਾਲ ਦੀ ਆਯੂ ਤੱਕ ਪਹੁੰਚਦੇ ਹਨ ਤਾਂ ਅਸਾਨੀ ਨਾਲ 15-20 ਹਜ਼ਾਰ ਦੇ ਕਾਰੀਗਰ ਬਣ ਜਾਂਦੇ ਹਨ ਪਰ ਜਿਹੜੇ ਐਨ.ਜੀ.ਓਜ਼ ਬਾਲ ਮਜ਼ਦੂਰੀ ਉਤੇ ਚੈੱਕ ਰੱਖਣ ਵਾਸਤੇ ਕੰਮ ਕਰਦੇ ਹਨ, ਉਹ ਸਰਕਾਰ ਦੇ ਕੁਝ ਨੁਮਾਇੰਦੇ ਲੈ ਕੇ ਇਨ੍ਹਾਂ ਇੰਡਸਟਰੀਆਂ ਵਿਚ ਜਾ ਕੇ ਰੇਡ ਕਰਦੇ ਹਨ ਅਤੇ ਉਨ੍ਹਾਂ ਬੱਚਿਆਂ ਨੂੰ ਬਾਲ ਮਜ਼ਦੂਰ ਕਹਿ ਕੇ ਪਕੜ ਕੇ ਲੈ ਜਾਂਦੇ ਹਨ ਅਤੇ ਇੰਡਸਟਰੀ

ਮਾਲਕਾਂ ਉਤੇ ਮੁਕੱਦਮਾ ਦਰਜ ਹੋ ਜਾਂਦਾ ਹੈ। ਪਿੱਛੇ ਇਸ ਗੱਲ ਦਾ ਬੜਾ ਵਾਵੇਲਾ ਖੜ੍ਹਾ ਹੋਇਆ ਰਿਹਾ ਕਿ ਵਿਆਹ ਦੀ ਆਯੂ 18 ਸਾਲ ਤੋਂ ਘਟਾਈ ਜਾਣੀ ਚਾਹੀਦੀ ਹੈ, ਕਈ ਕੰਟਰੀਆਂ ਨੇ ਘਟਾਈ ਵੀ ਹੈ। ਮੈਂ ਸਮਝਦਾ ਹਾਂ ਕਿ ਜਿਹੜੀ ਬਾਲ ਮਜ਼ਦੂਰੀ ਵਾਸਤੇ ਆਯੂ ਦੀ ਸ਼ਰਤ ਹੈ, ਇਸ ਬਾਰੇ ਵੀ ਭਾਰਤ ਸਰਕਾਰ ਨੂੰ ਕਿਹਾ ਜਾਵੇ ਕਿ ਇਹ 16 ਸਾਲ ਦੀ ਬਜਾਏ 14 ਸਾਲ ਕਰ ਦਿੱਤੀ ਜਾਵੇ ਕਿਉਂਕਿ ਜਿਹੜਾ ਬੱਚਾ ਪੜ੍ਹਦਾ ਨਹੀਂ, ਸਕੂਲ ਨਹੀਂ ਜਾਂਦਾ, ਜੇ ਉਸ ਨੂੰ ਕੰਮ ਵੱਲ ਨਹੀਂ ਲਾਇਆ ਜਾਵੇਗਾ ਤਾਂ 16 ਸਾਲ ਦੀ ਉਮਰ ਤੱਕ ਉਹ ਵਿਹਲਾ ਫਿਰੇਗਾ ਅਤੇ ਫਿਰ ਸਮਝ ਲਵੋ ਕਿ ਉਹ ਕਿਸੇ ਨਾ ਕਿਸੇ ਗਲਤ ਰਸਤੇ ਤੇ ਜਾ ਸਕਦਾ ਹੈ ਲੇਕਿਨ ਜੇ ਉਹ 12-13 ਸਾਲ ਦੀ ਆਯੂ ਵਿੱਚ ਆਪਣੇ ਪਿਤਾ ਨਾਲ ਕਿਸੇ ਇੰਡਸਟਰੀ ਵਿਚ ਜਾ ਰਿਹਾ ਹੈ, ਉਥੇ ਕੋਈ ਕਿੱਤਾ ਸਿੱਖ ਰਿਹਾ ਹੈ ਤਾਂ 16 ਸਾਲ ਦੀ ਆਯੂ ਤੱਕ ਉਹ ਕਾਰੀਗਰ ਬਣ ਜਾਵੇਗਾ ਅਤੇ 15-20 ਹਜ਼ਾਰ ਰੁਪਿਆ ਕਮਾਉਣ ਲੱਗ ਜਾਵੇਗਾ। ਇਸ ਕਰਕੇ ਜਿਹੜੀਆਂ ਸਾਡੀਆਂ ਇੰਡਸਟਰੀਜ਼ ਹਨ, ਉਹ ਇਕ ਤਰ੍ਹਾਂ ਦੇ ਟਰੇਨਿੰਗ ਸੈਂਟਰ ਹਨ। ਉਥੇ ਕੂਲਰ ਲੱਗੇ ਹੋਏ ਹਨ, ਬਾਲ ਮਜ਼ਦੂਰੀ ਵਾਲਾ ਉਥੇ ਕੋਈ ਕੰਮ ਨਹੀਂ ਹੈ। ਇਹ ਐਨ.ਜੀ.ਓਜ ਜਿਹੜੇ ਕਦੇ ਕਿਸੇ ਢਾਬੇ ਉਤੇ ਰੇਡ ਨਹੀਂ ਕਰਦੇ ਜਾਂ ਹੋਰ ਛੋਟੀ-ਮੋਟੀ ਥਾਂ ਉਤੇ ਕਦੇ ਰੇਡ ਨਹੀਂ ਕਰਦੇ ਕਿਉਂਕਿ ਇਨ੍ਹਾਂ ਨੂੰ ਉਥੇ ਕੁਝ ਨਹੀਂ ਮਿਲਣਾ ਪਰੰਤੂ ਜਦੋਂ ਇਹ ਕਿਸੇ ਇੰਡਸਟਰੀ ਤੇ ਰੇਡ ਕਰਦੇ ਹਨ, ਮਜ਼ਦੂਰ ਫੜ੍ਹੇ ਜਾਂਦੇ ਹਨ ਤਾਂ ਉਸ ਇੰਡਸਟਰੀ ਨਾਲ ਇਨ੍ਹਾਂ ਦਾ ਮਹੀਨਾ ਬੰਨ੍ਹ ਜਾਂਦਾ ਹੈ। ਸਾਡੀ ਇੰਡਸਟਰੀ ਵਾਲਿਆਂ ਨੇ ਅੱਗੇ ਕੰਮ ਠੇਕੇ ਤੇ ਦਿੱਤਾ ਹੋਇਆ ਹੁੰਦਾ ਹੈ, ਉਹ ਬੱਚੇ ਠੇਕੇਦਾਰ ਨੇ ਰੱਖੇ ਹੁੰਦੇ ਹਨ ਪਰ ਕੇਸ ਇੰਡਸਟਰੀ ਵਾਲੇ ਉਤੇ ਦਰਜ ਹੋ ਜਾਂਦਾ ਹੈ..

**ਮਾਨਯੋਗ ਸਪੀਕਰ :** ਇੱਕ ਮਿੰਟ ਢਿੱਲੋਂ ਸਾਹਿਬ, ਮਿੱਤਲ ਜੀ ਕੁਝ ਕਹਿਣਾ ਚਾਹੁੰਦੇ ਹਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਸਕਿੱਲ ਡਿਵੈਲਪਮੈਂਟ ਬਾਰੇ ਅਤੇ ਸਭ ਬਰਾਦਰੀਆਂ ਵਾਸਤੇ ਇੱਕ ਸ਼ਮਸ਼ਾਨਘਾਟ ਬਣਾਉਣ ਬਾਰੇ ਜਿਹੜੇ ਰੈਜ਼ੋਲਿਊਸ਼ਨ ਹਨ, ਇਨ੍ਹਾਂ ਦੋਹਾਂ ਸਬੰਧੀ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਇੱਕ ਰੈਜ਼ੋਲਿਊਸ਼ਨ ਇਨ੍ਹਾਂ ਨੇ ਮੂਵ ਕਰ ਦਿੱਤਾ ਹੈ, ਇੱਕ ਹੋਰ ਸਪੀਕਰ ਬੋਲ ਲਵੇ, ਇਸੇ ਤਰ੍ਹਾਂ ਹੀ ਦੂਜੇ ਰੈਜ਼ੋਲਿਊਸ਼ਨ ਬਾਰੇ ਕਰ ਲਿਆ ਜਾਵੇ। ਮੇਰੀ ਮਲੂਕਾ ਸਾਹਿਬ ਨਾਲ ਗੱਲ

[ ਸੰਸਦੀ ਮਾਮਲੇ ਮੰਤਰੀ ]

ਹੋਈ ਹੈ, ਉਹ ਵੀ ਇਸ ਰੈਜ਼ੋਲਿਊਸ਼ਨ ਨਾਲ ਸਹਿਮਤ ਹਨ ਅਤੇ with some modifications ਉਹ ਦੱਸ ਦੇਣਗੇ। ਸੋ, ਮੈਂ ਸਮਝਦਾ ਹਾਂ ਕਿ ਦੋਹਾਂ ਨੂੰ ਸੌਖੇ ਹੀ ਪਾਸ ਕੀਤਾ ਜਾ ਸਕਦਾ ਹੈ। ਕਿਸੇ ਦਾ ਡਿਫਰੈਂਸ ਆਫ ਓਪੀਨੀਅਨ ਨਹੀਂ ਹੈ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਸਕਿੱਲ ਡਿਵੈਲਪਮੈਂਟ ਦਾ ਪ੍ਰੋਗਰਾਮ ਹੈ ਉਹ ਅਸੀਂ ਆਲਰੇਡੀ ਪੰਜਾਬ ਵਿਚ ਲਾਗੂ ਵੀ ਕੀਤਾ ਹੈ।

*1.28 ਵਜੇ ਬਾਅਦ ਦੁਪਹਿਰ (ਇਸ *ਸਮੇਂ ਸਰਦਾਰ ਇਕਬਾਲ ਸਿੰਘ ਝੂੰਦਾਂ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਸ਼੍ਰੀ ਸਭਾਪਤੀ :** ਠੀਕ ਹੈ ਜੀ। ਹਾਂ ਜੀ, ਢਿੱਲੋਂ ਸਾਹਿਬ।

**ਸਰਦਾਰ ਰਣਜੀਤ ਸਿੰਘ ਢਿੱਲੋਂ :** ਚੇਅਰਮੈਨ ਸਾਹਿਬ, ਮੈਂ ਆਖਰੀ ਬੇਨਤੀ ਇਹ ਕਰਨਾ ਚਾਹੁੰਦਾ ਹਾਂ ਕਿ ਆਦਮੀ ਦੀ ਹੁਨਰਮੰਦੀ, ਕਲਾਕ੍ਰਿਤੀ ਭਾਸ਼ਾ ਨਾਲ ਜੁੜੀ ਹੁੰਦੀ ਹੈ। ਸਾਡੇ ਦੇਸ਼ ਵਿੱਚ ਇੰਗਲਿਸ਼ ਵਿੱਚ ਪੜ੍ਹਿਆ ਲਿਖਿਆ ਹੀ ਪਾਇਲਟ ਬਣ ਸਕਦਾ ਹੈ, ਜੱਜ ਬਣ ਸਕਦਾ ਹੈ, ਡਾਕਟਰ ਬਣ ਸਕਦਾ ਹੈ। ਇੰਗਲਿਸ਼ ਵਿੱਚ ਵਿੱਦਿਆ ਪ੍ਰਾਪਤ ਨਾ ਕੀਤੇ ਹੋਣ ਕਾਰਨ ਸਾਡੇ ਬੱਚੇ ਪਿੱਛੇ ਰਹਿ ਜਾਂਦੇ ਹਨ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਚਾਂਸ ਖਤਮ ਹੋ ਜਾਂਦੇ ਹਨ। ਮੈਂ ਇਹ ਬੇਨਤੀ ਕਰਦਾ ਹਾਂ ਕਿ ਸਾਡੇ ਬੱਚਿਆਂ ਨੂੰ ਵੀ ਅਜਿਹੇ ਚਾਂਸ ਮਿਲਣ ਇਸ ਵਾਸਤੇ ਸਾਨੂੰ ਸਾਡੀ ਮਾਂ ਬੋਲੀ ਵਿਚ ਵੱਧ ਤੋਂ ਵੱਧ ਕਿਤਾਬਾਂ, ਜਿਹੜੀਆਂ ਸਕਿੱਲ ਡਿਵੈਲਪਮੈਂਟ ਵਾਸਤੇ ਮੌਕਾ ਪ੍ਰਦਾਨ ਕਰਦੀਆਂ ਹਨ, ਹੁਨਰਮੰਦੀ ਦੇ ਗਿਆਨ ਸਬੰਧੀ ਲਿਟਰੇਚਰ ਦੀਆਂ ਵੱਧ ਤੋਂ ਵੱਧ ਕਿਤਾਬਾਂ ਜਿੰਨੇ ਸਾਡੇ ਇੰਸਟੀਚਿਊਸ਼ਨ ਹਨ, ਉਨ੍ਹਾਂ ਵਿੱਚ ਪੜ੍ਹਾਈਆਂ ਜਾਣ। ਉਨ੍ਹਾਂ ਇੰਸਟੀਚਿਊਸ਼ਨਾਂ ਵਿੱਚ ਵੀ ਪੰਜਾਬੀ ਮਾਂ ਬੋਲੀ ਨੂੰ ਪਹਿਲ ਦਿੱਤੀ ਜਾਵੇ ਤਾਂ ਜੋ ਸਾਡੀ ਜਿਹੜੀ ਜੈਨਰੇਸ਼ਨ ਹੈ, ਸਾਡਾ ਜਿਹੜਾ ਭਵਿੱਖ ਹੈ ਜਿਹੜੇ ਘੱਟ ਪੜ੍ਹੇ-ਲਿਖੇ ਹਨ ਜਾਂ ਕਿਸੇ ਕਾਰਨ ਪੜ੍ਹਾਈ ਵਿੱਚ ਪਿੱਛੇ ਰਹਿ ਗਏ ਹਨ, ਉਹ ਕੋਈ ਹੁਨਰ ਸਿੱਖ ਸਕਣ ਅਤੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ, ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ, ਤਰੱਕੀ ਕਰ ਸਕਣ ਅਤੇ ਜਿਹੜੀਆਂ ਸਾਡੇ ਸਮਾਜ ਦੀਆਂ ਚੁਣੌਤੀਆਂ ਹਨ, ਉਹ ਖਤਮ ਹੋ ਸਕਣ। ਇੰਨਾ ਕਹਿੰਦਾ ਹੋਇਆ ਮੈਂ ਸਾਰੇ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਭਾਰਤ ਸਰਕਾਰ ਨੂੰ ਭੇਜਿਆ ਜਾਵੇ ਅਤੇ

ਹੁਨਰਮੰਦੀ ਉਤੇ ਵੱਧ ਤੋਂ ਵੱਧ ਕੰਮ ਕੀਤਾ ਜਾਵੇ ਤਾਂ ਜੋ ਸਾਡੀ ਬੇਰੋਜ਼ਗਾਰ ਜੈਨਰੇਸ਼ਨ, ਸਾਡਾ ਭਵਿੱਖ, ਸਾਡੇ ਬੱਚੇ ਕਿਸੇ ਗਲਤ ਰਸਤੇ ਤੇ ਜਾਣ ਤੋਂ ਬਚ ਸਕਣ ਅਤੇ ਆਪਣਾ ਭਵਿੱਖ ਸੰਵਾਰ ਸਕਣ। ਇੰਨੀ ਬੇਨਤੀ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ, ਬਹੁਤ ਬਹੁਤ ਮਿਹਰਬਾਨੀ।

**ਸ਼੍ਰੀ ਸਭਾਪਤੀ :** ਕੋਈ ਹੋਰ ਬੁਲਾਰਾ ਬੋਲਣਾ ਚਾਹੁੰਦਾ ਹੈ। ਸ਼ਰਮਾ ਜੀ ਖੜ੍ਹੇ ਹਨ। ਸ਼ਰਮਾ ਜੀ, ਦੋ ਮਿੰਟ ਲੈ ਲਵੋ।

**ਮੁੱਖ ਸੰਸਦੀ ਸਕੱਤਰ, ਉਦਯੋਗ ਤੇ ਵਣਜ (ਸ਼੍ਰੀ ਐਨ.ਕੇ. ਸ਼ਰਮਾ) :** ਧੰਨਵਾਦ, ਚੇਅਰਮੈਨ ਸਾਹਿਬ। ਤੁਸੀਂ ਮੈਨੂੰ ਬਹੁਤ ਹੀ ਮਹੱਤਵਪੂਰਨ ਮੁੱਦੇ ਸਕਿੱਲਡ ਡਿਵੈਲਪਮੈਂਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਤੋਂ ਪਹਿਲਾਂ ਢਿਲੋਂ ਸਾਹਿਬ ਨੇ ਸਕਿੱਲ ਸੈਂਟਰਾਂ ਦੀ ਮਹੱਤਤਾ ਬਾਰੇ ਬੜਾ ਵਿਸਥਾਰ ਪੂਰਵਕ ਆਪ ਸਭ ਨੂੰ ਦੱਸਿਆ ਹੈ। ਭਾਰਤ ਨੌਜਵਾਨਾਂ ਦਾ ਦੇਸ਼ ਹੈ ਅਤੇ ਇਸ ਦੀ 70% ਪਾਪੂਲੇਸ਼ਨ 35 ਸਾਲ ਦੀ ਉਮਰ ਤੋਂ ਥੱਲੇ ਹੈ ਅਤੇ 28% ਪਾਪੂਲੇਸ਼ਨ 24 ਸਾਲ ਦੀ ਉਮਰ ਤੋਂ ਥੱਲੇ ਹੈ। ਜਿਸ ਕਾਰਨ ਸਾਡੇ ਦੇਸ਼ ਵਿੱਚ ਬਹੁਤ ਜ਼ਿਆਦਾ ਬੇਰੁਜ਼ਗਾਰੀ ਹੈ। ਹਾਲਤ ਇਹ ਹੈ ਕਿ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਅਤੇ ਇੰਡਸਟ੍ਰੀਲਿਸਟਾਂ ਨੂੰ ਕੰਮ ਕਰਨ ਵਾਲੇ ਕਾਮੇ ਉਪਲਬਧ ਨਹੀਂ ਹਨ, ਜੋ ਕਿ ਕਾਫੀ ਵੱਡਾ ਗੈਪ ਹੈ। ਮੈਂ ਪਿੱਛੇ ਜਿਹੇ ਕੋਰੀਆ ਜਾ ਕੇ ਆਇਆ ਹਾਂ। ਉਥੇ ਨੌਜਵਾਨ ਸਕਿੱਲਡ ਮੈਨਪਾਵਰ 90% ਹੈ, ਜਪਾਨ ਵਿੱਚ ਇਹ ਰੇਸ਼ੋ 75% ਹੈ ਜਦਕਿ ਭਾਰਤ ਵਿੱਚ ਸਿਰਫ਼ 3% ਸਕਿੱਲਡ ਮੈਨਪਾਵਰ ਹੈ। ਇਹੀ ਕਾਰਨ ਹੈ ਕਿ ਸਾਡੇ ਦੇਸ਼ ਵਿੱਚ ਬਹੁਤ ਬੇਰੁਜ਼ਗਾਰੀ ਹੈ।

ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਸਕਿੱਲਡ ਮੈਨਪਾਵਰ ਵਾਲੇ ਪਾਸੇ ਸੋਚਿਆ ਹੈ। ਪੰਜਾਬ ਵਾਸਤੇ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਹਿੰਦੁਸਤਾਨ ਦੀ ਸਰਕਾਰ ਨੇ ਬਾਦਲ ਸਾਹਿਬ ਨੂੰ ਸਕਿੱਲਡ ਡਿਵੈਲਪਮੈਂਟ ਵਾਸਤੇ ਨੀਤੀ ਆਯੋਗ ਦਾ ਕਨਵੀਨਰ ਲਗਾਇਆ ਹੈ। ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਅੱਜ ਸਕਿੱਲਡ ਮੈਨਪਾਵਰ ਦੀ ਘਾਟ ਦਾ ਕਾਰਨ, ਸਕੂਲਾਂ ਵਿੱਚ ਪੜ੍ਹਾਏ ਜਾਂਦੇ ਸਿਲੇਬਸ ਵਿੱਚ ਕਮੀ ਹੈ। ਹਿੰਦੁਸਤਾਨ ਵਿੱਚ ਇਹ ਇਕ ਧਾਰਨਾ ਹੀ ਬਣ ਗਈ ਹੈ ਕਿ ਜਿਹੜਾ ਬੱਚਾ ਸਕਾਲਰ ਹੈ ਸ਼ਾਇਦ ਉਹੀ ਜ਼ਿੰਦਗੀ ਵਿੱਚ ਕਾਮਯਾਬ ਹੋਵੇਗਾ। ਇੱਥੇ ਬੱਚਿਆਂ ਨੂੰ ਕਿਤਾਬੀ ਗਿਆਨ ਦੇਣ ਤੇ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਪ੍ਰੈਕਟੀਕਲ ਨਾਲੇਜ ਬਹੁਤ ਘੱਟ ਹੁੰਦੀ ਹੈ। ਇਸ ਘਾਟ ਨੂੰ ਦੂਰ ਕਰਨ ਲਈ ਇਹ ਬਹੁਤ ਜ਼ਰੂਰੀ ਹੈ ਕਿ ਜਿਹੜਾ

[ ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ ]

ਸਿਲੇਬਸ ਹੈ, ਇਹ ਭਾਵੇਂ 70% ਰੁਟੀਨ ਵਾਲਾ ਰੱਖ ਲਿਆ ਜਾਵੇ ਪਰੰਤੂ 30% ਸਿਲੇਬਸ ਪ੍ਰੈਕਟੀਕਲ ਨਾਲੇਜ ਵਾਸਤੇ ਹਾਲਾਤਾਂ ਮੁਤਾਬਿਕ ਜ਼ਰੂਰ ਹਰ ਤਿੰਨ ਸਾਲ ਬਾਅਦ ਰਿਵਿਊ ਕਰਕੇ ਨਵਾਂ ਇਨਕਲੂਡ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਬੱਚੇ ਨੂੰ ਆਲੇ-ਦੁਆਲੇ ਦੇ ਹਾਲਾਤ ਮੁਤਾਬਿਕ ਜਾੱਬਸ ਦੇ ਚਾਂਸਿਸ ਮਿਲ ਸਕਣ।

ਅੱਜ ਵੱਡੇ ਕਾਰਪੋਰੇਟ ਸੈਕਟਰ ਸਕਿੱਲਡ ਮੈਨਪਾਵਰ ਤੋਂ ਬਗੈਰ ਆਪਣੀਆਂ ਇੰਡਸਟ੍ਰੀਆਂ ਸਥਾਪਤ ਨਹੀਂ ਕਰ ਪਾ ਰਹੇ। ਇਸ ਦੀ ਮੈਂ ਤੁਹਾਨੂੰ ਛੋਟੀ ਜਿਹੀ ਐਗਜ਼ਾਂਪਲ ਦੇਣੀ ਚਾਹੁੰਦਾ ਹਾਂ। ਮੇਰਾ ਆਪਣਾ ਛੋਟਾ ਜਿਹਾ ਕੰਸਟ੍ਰਕਸ਼ਨ ਦਾ ਬਿਜ਼ਨਸ ਹੈ, ਜੇਕਰ ਅੱਜ ਸਾਨੂੰ ਲੋਹਾ ਕੱਟਣ ਵਾਲੇ ਦੀ ਜ਼ਰੂਰਤ ਹੈ ਤਾਂ ਉਹ ਨਹੀਂ ਲੱਭਦੇ। ਚੰਗੇ ਪਲੰਬਰ ਨਹੀਂ ਮਿਲਦੇ, ਚੰਗੇ ਕਾਰਪੈਂਟਰ ਨਹੀਂ ਮਿਲਦੇ, ਕ੍ਰੇਨ ਓਪਰੇਟਰ ਨਹੀਂ ਮਿਲਦੇ, ਜੇ.ਸੀ.ਬੀ. ਓਪਰੇਟਰ ਨਹੀਂ ਮਿਲਦੇ। ਕਹਿਣ ਤੋਂ ਭਾਵ ਅੱਜ ਮੋਹਾਲੀ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਕੰਸਟ੍ਰਕਸ਼ਨ ਚੱਲ ਰਹੀ ਹੈ ਪਰੰਤੂ ਸਾਨੂੰ ਉਸ ਵਾਸਤੇ ਸਕਿੱਲਡ ਮੈਨਪਾਵਰ ਨਹੀਂ ਮਿਲ ਰਹੀ ਕਿਉਂਕਿ ਸਾਡੇ ਕੋਲ ਸਕਿੱਲ ਐਜੂਕੇਸ਼ਨ ਦੇਣ ਵਾਲੇ ਇੰਸਟੀਚਿਊਟ ਨਹੀਂ ਹਨ। ਸਿਰਫ਼ ਤੁੱਕੇ ਨਾਲ ਹੀ ਗੁਰੂ-ਚੇਲੇ ਦੀ ਪਰੰਪਰਾ ਰਾਹੀਂ ਮਿਸਤਰੀ, ਪਲੰਬਰ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਕੰਸਟ੍ਰਕਸ਼ਨ ਦੇ ਕੰਮ ਬਾਰੇ ਕੋਈ ਬਹੁਤ ਜ਼ਿਆਦਾ ਨਾਲੇਜ ਨਹੀਂ ਹੁੰਦੀ। ਮੈਂ ਸਮਝਦਾ ਹਾਂ ਕਿ ਅੱਜ ਪੰਜਾਬ ਵਿੱਚ ਸਭ ਤੋਂ ਵੱਡਾ ਸਕੋਪ ਆਈ.ਟੀ. ਖੇਤਰ ਵਿੱਚ ਹੈ। ਮਾਨਯੋਗ ਉਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਮਿਹਰਬਾਨੀ ਸਦਕਾ ਮੁਹਾਲੀ ਵਿੱਚ ਇਨਫੋਸਿਸ ਕੰਪਨੀ ਆਈ ਹੈ। ਜਿਨ੍ਹਾਂ ਨੇ ਢਾਈ ਸਾਲ ਦੇ ਅੰਦਰ-ਅੰਦਰ 35,000 ਨੌਜਵਾਨ ਭਰਤੀ ਕਰਨੇ ਹਨ। ਇਸ ਦੇ ਨਾਲ ਹੀ ਅਸੀਂ ਆਈ.ਟੀ. ਕੰਪਨੀਆਂ ਨੂੰ 50 ਏਕੜ ਜ਼ਮੀਨ ਹੋਰ ਦਿੱਤੀ ਹੈ। ਅਸੀਂ ਕਹਿ ਸਕਦੇ ਹਾਂ ਕਿ ਇਸ ਤਰ੍ਹਾਂ ਤਕਰੀਬਨ 3-4 ਸਾਲਾਂ ਵਿੱਚ ਦੋ ਤੋਂ ਤਿੰਨ ਲੱਖ ਬੰਦਾ ਮੁਹਾਲੀ ਦੀਆਂ ਆਈ.ਟੀ. ਕੰਪਨੀਆਂ ਵਿੱਚ ਆਏਗਾ। ਮੇਰਾ ਕਹਿਣ ਦਾ ਭਾਵ ਆਈ.ਟੀ. ਖੇਤਰ ਵਿੱਚ ਸਕਿੱਲਡ ਮੈਨਪਾਵਰ ਦੀ ਬਹੁਤ ਲੋੜ ਹੈ।

ਮੈਂ ਸਾਰੇ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਟੋਮੋਬਾਈਲ ਖੇਤਰ ਵਿੱਚ ਬਾਦਲ ਸਾਹਿਬ ਦੀ ਦੂਰਅੰਦੇਸ਼ ਸੋਚ ਸਦਕਾ ਅਤੇ ਪਰਸਨਲ ਇੰਟ੍ਰਸਟ ਨਾਲ ਰਿਆਤ ਐਂਡ ਬਾਹਰਾ ਆਟੋਮੋਬਾਈਲ ਸਕਿੱਲ ਸੈਂਟਰ ਖੋਲ੍ਹਿਆ ਗਿਆ ਹੈ, ਜਿੱਥੇ ਤੁਸੀਂ ਦੇਖੋਗੇ ਕਿ ਨੌਜਵਾਨਾਂ ਨੂੰ ਮੋਟਰਸਾਈਕਲ ਤੋਂ ਲੈ ਕੇ ਮਰਸੀਡੀਜ਼ ਕਾਰ

ਤੱਕ ਦੀ ਗੱਡੀ ਤੇ ਪ੍ਰੈਕਟੀਕਲ ਟ੍ਰੇਨਿੰਗ ਦੇ ਕੇ ਤਿਆਰ ਕੀਤਾ ਜਾਂਦਾ ਹੈ। ਉਥੇ ਤਕਰੀਬਨ 1500 ਬੱਚੇ ਇਕੱਠੇ ਸਕਿੱਲ ਡਿਵੈਲਪਮੈਂਟ ਦੀ ਟ੍ਰੇਨਿੰਗ ਲੈ ਸਕਦੇ ਹਨ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੀ ਉਥੇ 100% ਪਲੇਸਮੈਂਟ ਹੈ। ਇਸੇ ਤਰ੍ਹਾਂ ਜ਼ੀਰਕਪੁਰ ਵਿੱਚ ਆਈ.ਸੀ.ਆਈ.ਸੀ.ਆਈ. ਦਾ ਸਕਿੱਲ ਸੈਂਟਰ ਖੋਲ੍ਹਿਆ ਗਿਆ ਹੈ। ਅੱਜ ਸਾਨੂੰ ਅਕਾਊਂਟੈਂਸੀ ਨਾਲ ਰਿਲੇਟਿਡ ਕੰਮਾਂ ਵਾਸਤੇ ਚੰਗੇ ਅਕਾਊਂਟੈਂਟ ਨਹੀਂ ਮਿਲਦੇ, ਕਲਰਕ ਨਹੀਂ ਮਿਲਦੇ। ਇਸ ਇੰਸਟੀਚਿਊਟ ਵਿੱਚ ਉਨ੍ਹਾਂ ਨੂੰ ਟ੍ਰੇਨਿੰਗ ਦੇ ਕੇ ਨਾਲ ਹੀ ਉਨ੍ਹਾਂ ਦੀ ਪਲੇਸਮੈਂਟ ਵੀ ਕਰਵਾਈ ਜਾਂਦੀ ਹੈ।

ਚੇਅਰਮੈਨ ਸਾਹਿਬ, ਇੰਟਰਨੈਸ਼ਨਲ ਏਅਰਪੋਰਟ ਬਣਨ ਨਾਲ ਹਾਸਪੀਟੈਲਿਟੀ ਇੰਡਸਟਰੀ ਦੇ ਖੇਤਰ ਵਿੱਚ ਬਹੁਤ ਵੱਡਾ ਸਕੋਪ ਬਣ ਰਿਹਾ ਹੈ ਕਿਉਂਕਿ ਏਅਰਪੋਰਟ ਬਣਨ ਨਾਲ ਇੱਥੇ ਵੱਡੇ ਵੱਡੇ ਹੋਟਲ ਆਉਣੇ ਹਨ। ਉਨ੍ਹਾਂ ਵਿੱਚ ਕੰਮ ਕਰਨ ਵਾਸਤੇ ਸਕਿੱਲਡ ਮੈਨਪਾਵਰ ਦੀ ਲੋੜ ਪੈਣੀ ਹੈ। ਸੋ, ਇਹ ਇੰਟਰਨੈਸ਼ਨਲ ਏਅਰਪੋਰਟ ਬਣਨ ਨਾਲ ਪੰਜਾਬ ਵਿੱਚ ਇਕ ਬਹੁਤ ਵੱਡਾ ਰੈਵੋਲਿਊਸ਼ਨ ਆਉਣਾ ਹੈ। ਅੱਜ ਜੇ ਆਪਾਂ ਦੇਖੀਏ ਤਾਂ ਚੰਗੇ ਡਰਾਈਵਰ ਨਹੀਂ ਲੱਭਦੇ। ਪਿਛੇ ਜਿਹੇ ਜਦੋਂ ਇੰਟਰਨੈਸ਼ਨਲ ਏਅਰਪੋਰਟ ਚਾਲੂ ਹੋਇਆ ਸੀ ਤਾਂ ਓਲਾ ਅਤੇ ਉਬੇਰ ਕੰਪਨੀਆਂ ਵਿੱਚ ਇੱਕ ਹਜ਼ਾਰ ਗੱਡੀਆਂ ਵਾਸਤੇ ਇਕੱਲੇ ਮੇਰੇ ਹਲਕੇ ਵਿਚੋਂ 670 ਡਰਾਈਵਰ ਲੱਗੇ ਸਨ ਅਤੇ 300 ਨੇ ਆਪਣੀਆਂ ਗੱਡੀਆਂ ਵੀ ਪਾਈਆਂ। ਆਪਾਂ ਸੋਚ ਵੀ ਨਹੀਂ ਸਕਦੇ, ਅੱਜ ਇਕੱਲਾ ਇਕੱਲਾ ਡਰਾਈਵਰ 70,000 ਰੁਪਿਆ ਪ੍ਰਤੀ ਮਹੀਨਾ ਕਮਾ ਰਿਹਾ ਹੈ। ਪਰ ਅੱਜ ਡਰਾਈਵਰ ਕੌਣ ਹਨ? ਉਹ ਕਲੀਨਰ ਬਣ ਕੇ ਆਹਿਸਤਾ ਆਹਿਸਤਾ ਡਰਾਈਵਿੰਗ ਸਿੱਖ ਜਾਂਦੇ ਹਨ ਜਦਕਿ ਉਨ੍ਹਾਂ ਨੂੰ ਡਰਾਈਵਿੰਗ ਬਾਰੇ ਪੂਰੀ ਸੈਂਸ ਵੀ ਨਹੀਂ ਹੁੰਦੀ। ਜਿਸ ਕਾਰਨ ਬਹੁਤ ਸਾਰੇ ਐਕਸੀਡੈਂਟ ਹੁੰਦੇ ਹਨ ਅਤੇ ਬਹੁਤ ਸਾਰੀਆਂ ਬੇਸ਼ਕੀਮਤੀ ਜਾਨਾਂ ਚਲੀਆਂ ਵੀ ਜਾਂਦੀਆਂ ਹਨ। ਡਿਪਟੀ ਸੀ.ਐਮ. ਸਾਹਿਬ ਨੇ ਇਸ ਵਾਸਤੇ ਬੜਾ ਵੱਡਾ ਉਪਰਾਲਾ ਕੀਤਾ ਸੀ। ਇਹ ਸ੍ਰੀ ਅਸ਼ੋਕ ਹਿੰਦੂਜਾ ਜੀ ਕੋਲ ਗਏ। ਕਪੂਰਥਲੇ ਵਿੱਚ ਡਰਾਈਵਰਾਂ ਵਾਸਤੇ ਵੱਡਾ ਸਕਿੱਲ ਸੈਂਟਰ ਬਣ ਰਿਹਾ ਹੈ, ਜਿਸ ਵਿੱਚ ਹਰ ਸਾਲ ਤਕਰਬੀਨ 10,000 ਡਰਾਈਵਰ ਟ੍ਰੇਨ ਹੋਣਗੇ। ਚੇਅਰਮੈਨ ਸਾਹਿਬ, ਤੁਸੀਂ ਦੇਖ ਲੈਣਾ, ਇੰਨੇ ਜ਼ਿਆਦਾ ਨੌਜਵਾਨਾ ਨੂੰ ਉਸ ਸਕੂਲ ਤੋਂ ਟ੍ਰੇਨਿੰਗ ਲੈ ਕੇ ਰੁਜ਼ਗਾਰ ਮਿਲਣਾ ਹੈ। ਇੰਟਰਨੈਸ਼ਨਲ ਏਅਰਪੋਰਟ ਬਣ ਰਿਹਾ ਹੈ, ਇਸ ਨਾਲ ਟਿਕਟਿੰਗ ਵਾਲਾ ਕੰਮ ਅਤੇ ਟਰੈਵਲ ਏਜੰਟ ਵਾਲਾ ਕੰਮ ਵੀ ਬਹੁਤ ਚੱਲ ਸਕਦਾ ਹੈ।

[ ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ ]

ਬਾਦਲ ਸਾਹਿਬ ਨੇ ਪੰਜਾਬ ਵਿੱਚ ਖਾਲਸਾ ਹੈਰੀਟੇਜ ਕੰਪਲੈਕਸ ਬਣਾਇਆ ਹੈ ਅਤੇ ਇਸ ਦੇ ਨਾਲ ਹੀ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦਗਾਰ, ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਨਾਲ ਸਬੰਧਤ ਯਾਦਗਾਰਾਂ ਬਣਾਈਆਂ ਹਨ, ਮੋਤੀ ਰਾਮ ਮਹਿਰਾ ਜੀ ਦੀ ਯਾਦਗਾਰ ਬਣ ਰਹੀ ਹੈ, ਭਗਵਾਨ ਸ੍ਰੀ ਬਾਲਮੀਕ ਜੀ ਦਾ ਜਨਮ ਅਸਥਾਨ ਬਣ ਰਿਹਾ ਹੈ, ਇਹ ਸਾਰਾ ਕੁਝ ਟੂਰਿਜ਼ਮ ਨੂੰ ਪਰਮੋਟ ਕਰਨ ਵਾਸਤੇ ਹੈ। ਟੂਰਿਜ਼ਮ ਵਾਸਤੇ ਗਾਈਡਸ ਦੀ ਵੀ ਲੋੜ ਹੈ ਅਤੇ ਉਸ ਪਾਸੇ ਵੀ ਵੱਡਾ ਸਕੋਪ ਹੈ।

ਚੇਅਰਮੈਨ ਸਾਹਿਬ, ਅੱਜ ਸਭ ਤੋਂ ਵੱਡੀ ਜ਼ਰੂਰਤ ਮੈਂ ਵੂਮੈਨ ਇੰਪਾਵਰਮੈਂਟ ਦੀ ਮਹਿਸੂਸ ਕਰਦਾ ਹਾਂ। ਸਾਡੇ ਪਿੰਡਾਂ ਵਿੱਚ ਰਹਿਣ ਵਾਲੀਆਂ 50% ਲੇਡੀਜ਼ ਬੇਰੁਜ਼ਗਾਰ ਹਨ। ਉਹ ਦਿਨ ਵਿੱਚ ਸਿਰਫ਼ ਦੋ-ਤਿੰਨ ਘੰਟੇ ਰਸੋਈ ਦਾ ਕੰਮ ਕਰਦੀਆਂ ਹਨ ਅਤੇ ਉਸ ਤੋਂ ਬਾਅਦ ਜ਼ਿਆਦਾ ਸਮਾਂ ਉਹ ਵਿਹਲੀਆਂ ਰਹਿੰਦੀਆਂ ਹਨ। ਮੇਰੀ ਆਪਣੀ ਰਿਹਾਇਸ਼ ਵੀ ਪਿੰਡ ਵਿੱਚ ਹੀ ਹੈ। ਪਹਿਲਾਂ ਵੀ ਮੈਂ ਪਿੰਡ ਵਿੱਚ ਹੀ ਰਿਹਾ ਹਾਂ। ਮੇਰੀਆਂ ਮਾਤਾਵਾਂ ਤੇ ਭੈਣਾਂ ਪਹਿਲਾਂ ਦਰੀਆਂ ਬੁਣਨ, ਸੇਵੀਆਂ ਵੱਟਣ ਅਤੇ ਅਚਾਰ-ਚਟਣੀਆਂ ਪਾਉਣ ਦਾ ਕੰਮ ਕਰਦੀਆਂ ਸਨ। ਉਦੋਂ ਪਿੰਡਾਂ ਵਿੱਚ ਅਜਿਹਾ ਕੰਮ ਚਲਦਾ ਰਹਿੰਦਾ ਸੀ ਪਰੰਤੂ ਹੁਣ Branded ਚੀਜ਼ਾਂ ਆ ਗਈਆਂ ਹਨ ਅਤੇ ਉਹ ਕੰਮ ਬੰਦ ਹੋ ਗਿਆ ਹੈ। ਬਾਦਲ ਸਾਹਿਬ ਨੇ ਕਾਫ਼ੀ ਸਕਿੱਲ ਸੈਂਟਰ ਸ਼ੁਰੂ ਕਰਵਾਏ ਹਨ, ਜਿੱਥੇ ਸਾਡੀਆਂ ਬੀਬੀਆਂ-ਭੈਣਾਂ ਕੰਮ ਤਾਂ ਸਿੱਖ ਲੈਂਦੀਆਂ ਹਨ ਪਰੰਤੂ ਪ੍ਰਾਬਲਮ ਇਥੇ ਆਉਂਦੀ ਹੈ ਜਦੋਂ ਉਨ੍ਹਾਂ ਦੇ ਸਮਾਨ ਦੀ ਮਾਰਕੀਟਿੰਗ ਨਹੀਂ ਹੁੰਦੀ, ਉਨ੍ਹਾਂ ਦਾ ਸਮਾਨ ਵਿਕਦਾ ਨਹੀਂ ਹੈ। ਫਿਰ ਇਸ ਕਰਕੇ ਉਹ ਕੰਮ ਛੱਡ ਦਿੰਦੀਆਂ ਹਨ। ਮੇਰੀ ਬੇਨਤੀ ਹੈ ਕਿ ਪੰਜਾਬ ਵਿੱਚ ਆਪਾਂ 2500 ਦੇ ਕਰੀਬ ਸੁਵਿਧਾ ਕੇਂਦਰ ਖੋਲ੍ਹ ਰਹੇ ਹਾਂ। ਜੇ ਪਾਸੀਬਲ ਹੋਵੇ ਤਾਂ ਇਨ੍ਹਾਂ ਸੁਵਿਧਾ ਕੇਂਦਰਾਂ ਦੇ ਨੇੜੇ ਇਸ ਤਰ੍ਹਾਂ ਦੇ ਪੁਆਇੰਟ ਵੀ ਖੋਲ੍ਹ ਦਿੱਤੇ ਜਾਣ ਜਿਨ੍ਹਾਂ ਵਿੱਚ ਸਕਿੱਲ ਸੈਂਟਰਾਂ ਵਿੱਚ ਤਿਆਰ ਕੀਤੀਆਂ ਅਚਾਰ-ਚਟਣੀਆਂ, ਪਾਪੜ ਅਤੇ ਫੁਲਕਾਰੀ ਦੇ ਕੱਢੇ ਕੰਮ ਨੂੰ ਮਾਰਕੀਟਿੰਗ ਵਾਸਤੇ ਆਫਿਸ ਮਿਲ ਜਾਵੇ ਅਤੇ ਉਨ੍ਹਾਂ ਦੁਆਰਾ ਤਿਆਰ ਕੀਤਾ ਸਮਾਨ ਵਿਕ ਜਾਵੇ। ਇਸ ਦੇ ਨਾਲ ਬਹੁਤ ਸਾਰੀਆਂ ਬੀਬੀਆਂ ਨੂੰ ਰੁਜ਼ਗਾਰ ਮਿਲ ਸਕਦਾ ਹੈ।

ਚੇਅਰਮੈਨ ਸਾਹਿਬ, ਸਕਿੱਲ ਸੈਂਟਰਾਂ ਵਿੱਚ ਦੋ-ਤਿੰਨ ਤਰ੍ਹਾਂ ਦੀਆਂ ਪ੍ਰਾਬਲਮਜ਼ ਪੇਸ਼ ਆ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਕਾਫ਼ੀ ਸਕਿੱਲ ਸੈਂਟਰ

ਖੁੱਲ੍ਹੇ ਹਨ। ਮੈਂ ਪਿਛਲੇ ਪੰਜ-ਛੇ ਦਿਨਾਂ ਦੌਰਾਨ ਚਾਰ-ਪੰਜ ਸਕਿੱਲ ਸੈਂਟਰਾਂ ਵਿੱਚ ਜਾ ਕੇ ਵੀ ਆਇਆ ਹਾਂ। ਸਕੂਲਾਂ ਵਿੱਚ ਪਿਛਲੇ ਇਕ ਸਾਲ ਵਿੱਚ ਸੌ ਵੋਕੇਸ਼ਨਲ ਕੋਰਸ ਖੋਲ੍ਹੇ ਗਏ ਹਨ ਅਤੇ 31 ਕਰੋੜ ਰੁਪਿਆ ਪਿਛਲੇ ਸਾਲ ਇਨ੍ਹਾਂ ਤੇ ਖਰਚ ਹੋਇਆ ਹੈ। ਮੈਂ ਇਸ ਨੂੰ ਸੀ.ਐਮ. ਸਾਹਿਬ ਅਤੇ ਮਾਨਯੋਗ ਐਜੂਕੇਸ਼ਨ ਮੰਤਰੀ ਸਾਹਿਬ ਦਾ ਐਕਸਪੀਰੀਐਂਸ ਹੀ ਕਹਿ ਸਕਦਾ ਹਾਂ, ਜਿਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਇੰਡਸਟਰੀਲਿਸਟਾਂ ਦੀ ਕੋਲੈਬੋਰੇਸ਼ਨ ਨਾਲ ਇਹ ਸਾਰੇ ਕੋਰਸਿਜ਼ ਖੁੱਲ੍ਹੇ ਹਨ। ਮੇਰੇ ਕਹਿਣ ਦਾ ਅਸਲ ਭਾਵ ਇਹ ਹੈ ਕਿ ਟਰੇਨਿੰਗ ਸਕੂਲ ਵਿਚ ਸਿਰਫ਼ ਥਿਉਰੈਟੀਕਲ ਟ੍ਰੇਨਿੰਗ ਹੁੰਦੀ ਹੈ ਜਦਕਿ ਇੰਡਸਟਰੀਜ਼ ਵਿੱਚ ਪ੍ਰੈਕਟੀਕਲ ਟ੍ਰੇਨਿੰਗ ਹੁੰਦੀ ਹੈ। ਜਿਹੜਾ ਬੱਚਾ ਨੌਵੀਂ ਕਲਾਸ ਤੋਂ ਲੈ ਕੇ ਦਸਵੀਂ-ਗਿਆਰਵੀਂ ਕਲਾਸ ਤੱਕ ਵੋਕੇਸ਼ਨਲ ਟਰੇਨਿੰਗ ਕਰੇਗਾ, ਮੈਂ ਕਹਿ ਸਕਦਾ ਹਾਂ ਕਿ ਉਸ ਨੂੰ 100% ਨੌਕਰੀ ਮਿਲਣੀ ਹੈ। ਅੱਜ ਪ੍ਰਾਬਲਮ ਇਥੇ ਹੈ ਕਿ ਸਾਡਾ ਬੱਚਾ ਜਦੋਂ 10+2 ਕਰਕੇ ਵਿਦਾਊਟ ਪ੍ਰੈਕਟੀਕਲ ਟਰੇਨਿੰਗ ਸਕੂਲ ਤੋਂ ਨਿਕਲਦਾ ਹੈ, ਉਸ ਦੀ ਉਦੋਂ ਤੱਕ ਕੰਮ ਕਰਨ ਦੀ ਆਦਤ ਹੀ ਖਤਮ ਹੋ ਜਾਂਦੀ ਹੈ। ਜੇ ਨੌਵੀਂ ਕਲਾਸ ਦੇ ਵਿੱਚ ਹੀ ਬੱਚਾ ਫੈਕਟਰੀ ਵਿੱਚ ਜਾ ਕੇ ਕੰਮ ਸਿੱਖੇਗਾ ਤਾਂ ਉਹ ਜਾੱਬ ਵੀ ਕਰ ਸਕਦਾ ਹੈ। ਪਿਛਲੇ ਸਾਲ ਸੌ ਸਕੂਲਾਂ ਵਿੱਚ ਇਹ ਕੋਰਸ ਖੁੱਲ੍ਹੇ ਸੀ ਅਤੇ ਇਸ ਸਾਲ ਫਿਰ 300 ਸਕੂਲਾਂ ਵਿੱਚ ਇੰਡਸਟਰੀਲਿਸਟਾਂ ਦੀ ਕੋਲੈਬੋਰੇਸ਼ਨ ਨਾਲ ਖੋਲ੍ਹੇ ਜਾ ਰਹੇ ਹਨ। ਇਸਦੇ ਨਤੀਜੇ ਚੰਗੇ ਆਉਣਗੇ। ਇਸੇ ਤਰ੍ਹਾਂ ਹੈਲਥ ਦੇ ਖੇਤਰ ਵਾਸਤੇ ਵੀ ਖੋਲ੍ਹਿਆ ਗਿਆ ਹੈ।

ਇਸੇ ਤਰ੍ਹਾਂ ਐਗਰੀਕਲਚਰ ਦੇ ਖੇਤਰ ਵਿੱਚ ਵੀ ਕਿੰਨਾ ਵੱਡਾ ਸਕੋਪ ਹੈ। ਅੱਜ ਖੇਤੀ ਵੀ ਬਿਨਾਂ ਸਕਿੱਲ ਤੋਂ ਨਹੀਂ ਹੋ ਸਕਦੀ। ਤੁਸੀਂ ਆਪ ਦੇਖ ਲਵੋ ਕਿ ਕਿੰਨੀ ਡੈਪਥ ਤੇ ਬੀਜ ਪੈਣਾ ਹੈ, soil ਭਾਵ ਧਰਤੀ ਦੀ ਕਿਸਮ ਕਿਸ ਤਰ੍ਹਾਂ ਦੀ ਹੈ, ਕਿਹੜੀਆਂ ਦਵਾਈਆਂ ਅਤੇ ਕਿਹੜੇ ਕਿਹੜੇ ਸੰਦਾਂ ਦੀ ਲੋੜ ਹੈ, ਇਹ ਸਾਰਾ ਕੁਝ ਤਜ਼ਰਬੇ ਤੋਂ ਹੀ ਆਪਾਂ ਨੂੰ ਪਤਾ ਲਗਦਾ ਹੈ। ਸਾਡੇ ਪੰਜਾਬ ਵਿੱਚ ਕਿਸਾਨ ਦੀ ਹਾਲਤ ਬਹੁਤ ਮਾੜੀ ਹੈ। ਜ਼ੀਰਕਪੁਰ ਵਿੱਚ ਇਕ ਕਿਸਾਨ ਨੇ ਸ਼ੋਅਰੂਮ ਖੋਲ੍ਹਿਆ ਹੈ। ਉਹ ਕਿਸਾਨ 40 ਏਕੜ ਵਿੱਚ ਹਲਦੀ ਬੀਜਣ ਦਾ ਕੰਮ ਕਰਦਾ ਹੈ। ਹਲਦੀ ਨੂੰ ਪ੍ਰੋਸੈਸ ਕਰਕੇ, ਪੀਸ ਕੇ ਮਾਰਕੀਟ ਵਿੱਚ ਸੇਲ ਕਰਦਾ ਹੈ। ਮਤਲਬ ਇਹ ਕਿ ਸਕਿੱਲ ਕਾਰਨ ਉਹ ਉਥੋਂ ਵੀ ਪ੍ਰੋਫਿਟ ਕਮਾ ਲੈਂਦਾ ਹੈ, ਉਸ ਨੇ ਕਿਸਾਨੀ ਖੇਤਰ ਵਿੱਚ ਵੀ ਕਮਾਈ ਕਰਨੀ ਸ਼ੁਰੂ ਕਰ ਦਿੱਤੀ।

[ ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ ]

ਸਕਿੱਲ ਡਿਵੈਲਪਮੈਂਟ ਦਾ ਪੰਜਾਬ ਵਿੱਚ ਬਹੁਤ ਸਕੋਪ ਹੈ ਪਰ ਇਸ ਵਿੱਚ ਦੋ-ਤਿੰਨ ਪ੍ਰਾਬਲਮਜ਼ ਹਨ। ਸਕਿੱਲ ਸੈਂਟਰਜ ਬਹੁਤ ਖੁੱਲ੍ਹ ਰਹੇ ਹਨ ਪਰ ਇਨ੍ਹਾਂ ਵਿੱਚ ਸਭ ਤੋਂ ਵੱਡੀ ਮੁਸ਼ਕਿਲ ਸਰਟੀਫਿਕੇਸ਼ਨ ਦੀ ਆ ਰਹੀ ਹੈ। ਮੈਂ ਸਮਝਦਾ ਹਾਂ ਕਿ ਬੱਚਿਆਂ ਨੂੰ ਇਸ ਕਰਕੇ ਹੀ ਨੌਕਰੀ ਨਹੀਂ ਮਿਲਦੀ ਕਿਉਂਕਿ ਉਨ੍ਹਾਂ ਦੀ ਪਰਾਪਰ ਸਰਟੀਫਿਕੇਸ਼ਨ ਨਹੀਂ ਹੁੰਦੀ। ਜੇਕਰ ਪਰਾਪਰ ਸਰਟੀਫਿਕੇਸ਼ਨ ਹੋਵੇ ਤਾਂ ਬੱਚਿਆਂ ਨੂੰ ਵਿਦੇਸ਼ਾਂ ਵਿਚ ਵੀ ਨੌਕਰੀ ਮਿਲ ਸਕਦੀ ਹੈ। ਸੋ, ਇਸ ਵਾਸਤੇ ਇਕ ਤਾਂ ਸਾਨੂੰ ਪ੍ਰਾਈਵੇਟ ਸਰਟੀਫਿਕੇਸ਼ਨ ਦਾ ਇੰਤਜ਼ਾਮ ਕਰਨਾ ਪੈਣਾ ਹੈ ਅਤੇ ਦੂਸਰਾ ਜਿਹੜੇ ਵੀ ਸਕਿੱਲ ਸੈਂਟਰ ਖੁੱਲ੍ਹਣ ਉਥੇ ਬੱਚਿਆਂ ਨੂੰ ਜਾਬ ਮਿਲਣ ਦੀ ਗਰੰਟੀ ਹੋਵੇ ਤਾਂ ਹੀ ਇਨ੍ਹਾਂ ਸੈਂਟਰਾਂ ਦਾ ਫਾਇਦਾ ਹੈ। ਮੇਰੇ ਹਲਕੇ ਵਿਚ ਮਿੱਤਲ ਸਾਹਿਬ ਗਏ ਸੀ। ਉਥੇ ਆਈ.ਟੀ.ਆਈ. ਵਿਚ ਟਾਟਾ ਕੰਪਨੀ ਦਾ ਸਕਿੱਲ ਸੈਂਟਰ ਖੁੱਲਿਆ ਹੈ। ਜਿੱਥੇ 40 ਬੱਚੇ 3 ਮਹੀਨੇ ਲਈ ਟ੍ਰੇਨਿੰਗ ਲੈਂਦੇ ਹਨ ਅਤੇ ਉਸ ਉਪਰੰਤ ਸਾਰੇ ਬੱਚਿਆਂ ਨੂੰ ਹੀ ਟਾਟਾ ਕੰਪਨੀ ਵਿਚ ਨੌਕਰੀ ਮਿਲ ਜਾਂਦੀ ਹੈ। ਇਸ ਸੈਂਟਰ ਦਾ ਇੰਨਾ ਵਧੀਆ ਰਿਸਪਾਂਸ ਆ ਰਿਹਾ ਹੈ, ਜਿਸ ਕਾਰਨ ਸੈਂਟਰ ਵਿੱਚ ਕੋਈ ਵੀ ਸੀਟ ਖਾਲੀ ਨਹੀਂ ਰਹਿੰਦੀ।

ਮੇਰੇ ਹਲਕੇ ਲਾਲੜੂ ਦੀ ਆਈ.ਟੀ.ਆਈ. ਦਾ ਪੜ੍ਹਿਆ ਕੋਈ ਵੀ ਬੱਚਾ ਵਿਹਲਾ ਨਹੀਂ ਰਹਿੰਦਾ ਭਾਵ ਨਾਲ ਦੀ ਨਾਲ ਨੌਕਰੀ ਮਿਲ ਜਾਂਦੀ ਹੈ। ਜਦੋਂ ਕਿ ਅੱਜ ਕਈ ਹਜ਼ਾਰ ਮਕੈਨੀਕਲ ਇੰਜੀਨੀਅਰਿੰਗ ਦੇ ਬੱਚੇ ਬੇਰੁਜ਼ਗਾਰ ਘੁੰਮ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਉਸ ਲੈਵਲ ਦੀ ਜਾਬ ਨਹੀਂ ਮਿਲਦੀ। ਜਿਸ ਚੀਜ਼ ਦੀ ਸਾਨੂੰ ਜ਼ਰੂਰਤ ਹੈ, ਉਹ ਪੈਦਾ ਨਹੀਂ ਹੋ ਰਹੀ ਅਤੇ ਜਿਸ ਚੀਜ਼ ਦੀ ਜ਼ਰੂਰਤ ਨਹੀਂ ਹੈ, ਉਹ ਪੈਦਾ ਹੋ ਰਹੀ ਹੈ। ਇਹ ਇੰਮਬੈਲੰਸ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਹਰੇਕ ਸਟੇਟ ਵਿਚ ਇਕ ਐਨਾਲਿਟੀਕਲ ਸੈਂਟਰ ਜ਼ਰੂਰ ਹੋਣਾ ਚਾਹੀਦਾ ਹੈ, ਜੋ ਸਾਰੀ ਸਟੇਟ ਦਾ ਸਰਵੇ ਕਰਕੇ ਸਾਡੇ ਡਿਪਾਰਟਮੈਂਟਾਂ ਨੂੰ ਰਿਪੋਰਟ ਭੇਜੇ ਕਿ ਕਿਸ ਤਰ੍ਹਾਂ ਦੀਆਂ ਜਾਬਜ਼ ਕ੍ਰੀਏਟ ਕਰਨ ਦੀ ਲੋੜ ਹੈ ਤਾਂ ਜੋ ਉਨ੍ਹਾਂ ਜਾਬਜ਼ ਦੇ ਹਿਸਾਬ ਨਾਲ ਸਕੂਲਾਂ, ਕਾਲਜਾਂ ਵਿੱਚ ਕੋਰਸਿਜ਼ ਚੱਲਣ ਅਤੇ ਵਿਦਿਆਰਥੀਆਂ ਨੂੰ ਇੰਪਲਾਇਮੈਂਟ ਮਿਲੇ। ਪਿਛਲੇ ਦੋ-ਤਿੰਨ ਸਾਲਾਂ ਵਿਚ ਇਸ ਫੀਲਡ ਵਿਚ ਕਾਫੀ ਜ਼ਿਆਦਾ ਕੰਮ ਹੋਇਆ ਹੈ। ਪੰਜਾਬ ਸਰਕਾਰ ਪ੍ਰਾਈਵੇਟ ਏਡਿਡ ਕਾਲਜਾਂ ਨੂੰ ਵੀ ਪ੍ਰਤੀ ਬੱਚਾ ਸਕਿੱਲ ਡਿਵੈਲਪਮੈਂਟ ਲਈ 6500 ਰੁਪਿਆ ਦੇ ਰਹੀ ਹੈ। ਹੁਣ 300 ਨਵੇਂ ਸਕਿੱਲ ਡਿਵੈਲਪਮੈਂਟ ਸੈਂਟਰ ਖੋਲ੍ਹੇ ਜਾ ਰਹੇ ਹਾਂ। ਉਥੇ ਸਰਕਾਰ ਪੂਰਾ

ਇਨਫ੍ਰਾਸਟ੍ਰਕਚਰ ਦੇ ਰਹੀ ਹੈ। ਸਰਕਾਰ ਹਰ ਸਾਲ ਇਕ ਸਕਿੱਲ ਸੈਂਟਰ ਤੇ 22.5 ਲੱਖ ਰੁਪਿਆ ਖਰਚ ਕਰ ਰਹੀ ਹੈ। ਮੈਂ ਸਮਝਦਾ ਹਾਂ ਕਿ ਇਸ ਦੇ ਬਹੁਤ ਸਾਰਥਕ ਨਤੀਜੇ ਨਿਕਲਣਗੇ।

ਮੈਂ ਅਖੀਰ ਵਿਚ ਇਹੀ ਗੱਲ ਕਹਾਂਗਾ, ਜਿਵੇਂ ਢਿਲੋਂ ਸਾਹਿਬ ਨੇ ਕਿਹਾ ਹੈ ਕਿ ਬਹੁਤ ਵੱਡੀ ਰੈਵੋਲਿਊਸ਼ਨ ਪੰਜਾਬ ਵਿਚ ਆਉਣ ਜਾ ਰਹੀ ਹੈ, ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀਂ ਹੋਣਾ। ਰਿਲਾਇੰਸ ਕੰਪਨੀ ਨਾਲ ਸਾਡੀ ਮੀਟਿੰਗ ਹੋਈ ਹੈ। ਹੁਣ ਪੂਰੇ ਪੰਜਾਬ ਦੇ ਅੰਦਰ 4G ਚਾਲੂ ਹੋ ਜਾਣਾ ਹੈ। ਸਾਡੇ ਸਾਰੇ ਸਕੂਲ, ਹਸਪਤਾਲ ਆਦਿ 4G ਕੁਨੈਕਸ਼ਨ ਨਾਲ ਜੁੜ ਜਾਣੇ ਹਨ। ਅੱਜ ਜ਼ਰੂਰਤ ਇਸ ਗੱਲ ਦੀ ਹੈ ਕਿ ਜਿਹੜੇ ਸਾਡੇ ਕੋਰਸ ਕਰਵਾਏ ਜਾਂਦੇ ਹਨ ਜਾਂ ਵਿਦੇਸ਼ਾਂ ਵਿਚ ਜਿਹੜੇ ਟੈਕਨੀਕਲ ਕੋਰਸ ਕਰਵਾਏ ਜਾਂਦੇ ਹਨ, ਉਨ੍ਹਾਂ ਦਾ ਸਿਲੇਬਸ ਪੰਜਾਬੀ ਵਿਚ ਟ੍ਰਾਂਸਲੇਟ ਕਰਕੇ ਨੈਟ ਤੇ ਪਾਇਆ ਜਾਵੇ ਤਾਂ ਜੋ ਸਾਡੇ ਬੱਚੇ ਉਹ ਨਾਲੇਜ ਲੈ ਕੇ ਸਕਿੱਲ ਵਾਲੇ ਪਾਸੇ ਤੁਰ ਸਕਣ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਮਤਾ ਹੈ, ਇਹ ਸਾਡੇ ਨੌਜੁਆਨਾਂ ਵਾਸਤੇ ਬਹੁਤ ਅਹਿਮ ਹੈ। ਪਿਛਲੇ ਸਾਲ 100 ਸਕਿੱਲ ਸੈਂਟਰ ਖੋਲ੍ਹੇ ਗਏ ਸੀ, ਇਸ ਸਾਲ 300 ਖੋਲ੍ਹਣ ਜਾ ਰਹੇ ਹਾਂ ਅਤੇ ਅਗਲੇ ਸਾਲ ਇਕ ਹਜ਼ਾਰ ਸਕਿੱਲ ਸੈਂਟਰ ਖੋਲ੍ਹਣ ਦਾ ਟੀਚਾ ਹੈ। ਇਸ ਨਾਲ ਸਟੇਟ ਵਿਚ ਬੇਰੁਜ਼ਗਾਰੀ ਦੂਰ ਹੋਵੇਗੀ ਅਤੇ ਸਟੇਟ ਦੀ ਇਕਾਨਮੀ ਵੀ ਵਧੇਗੀ। ਸਾਨੂੰ ਇਸ ਤੇ ਹੋਰ ਧਿਆਨ ਦੇਣ ਦੀ ਜ਼ਰੂਰਤ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਸ੍ਰੀ ਸਭਾਪਤੀ :** ਪ੍ਰਸ਼ਨ ਹੈ ਕਿ –

> "ਇਹ ਸਦਨ ਨੌਜੁਆਨਾਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਕਰਨ ਲਈ ਅਤੇ ਵਿਸ਼ਵ ਵਿਆਪੀ ਬੇਰੁਜ਼ਗਾਰੀ ਦੀ ਗੰਭੀਰ ਚੁਣੌਤੀ ਨੂੰ ਠੱਲ੍ਹ ਪਾਉਣ ਲਈ ਰਾਜ ਵਿਚ ਨੌਜੁਆਨਾਂ ਨੂੰ ਹੁਨਰ ਸਿਖਾਉਣ ਵਾਸਤੇ ਰਾਜ ਅਤੇ ਕੇਂਦਰ ਸਰਕਾਰ ਵਲੋਂ ਹੋਰ ਅਸਰਦਾਰ ਕਦਮ ਚੁੱਕੇ ਜਾਣ ਦੀ ਸਿਫਾਰਸ਼ ਕਰਦਾ ਹੈ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

## RESOLUTION Reg. RECOMMENDING TO THE STATE GOVERNMENT FOR GIVING SPECIAL GRANT OF Rs. 2 LACS & Rs. 5 LACS FOR VILLAGES HAVING POPULATION LESS THAN 1000 AND MORE THAN 1000, RESPECTIVELY, SO AS TO DISCOURAGE THE TENDENCY OF SEPARATE CREMATION GROUNDS BY VARIOUS COMMUNITIES IN THE VILLAGES OF PUNJAB.

**ਸ਼੍ਰੀ ਸਭਾਪਤੀ :** ਬੀਬੀ ਜਗੀਰ ਕੌਰ ਜੀ ਅਗਲਾ ਮਤਾ ਪੇਸ਼ ਕਰਨ।

**ਬੀਬੀ ਜਗੀਰ ਕੌਰ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ ਕਿ –

"ਪੰਜਾਬ ਰਾਜ ਦੇ ਕੁਝ ਪਿੰਡਾਂ ਵਿਚ ਵੱਖ ਵੱਖ ਬਿਰਾਦਰੀਆਂ ਵਲੋਂ ਵੱਖ ਵੱਖ ਸ਼ਮਸ਼ਾਨਘਾਟ ਬਣਾਉਣ ਦਾ ਰੁਝਾਨ ਬਣਿਆ ਹੋਇਆ ਹੈ, ਜਿਸ ਨਾਲ ਅਜਿਹੇ ਪਿੰਡਾਂ ਵਿਚ ਆਪਸੀ ਭਾਈਚਾਰਕ ਸਾਂਝ ਘਟਦੀ ਹੈ। ਇਸ ਲਈ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਜਿਹੜੇ ਪਿੰਡ ਆਪਸੀ ਪਿਆਰ ਅਤੇ ਆਪਸੀ ਭਾਈਚਾਰੇ ਨੂੰ ਹੋਰ ਮਜ਼ਬੂਤ ਕਰਨ ਲਈ ਯੋਗ ਕਦਮ ਚੁੱਕਣ, ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਹੋਰ ਉਤਸ਼ਾਹਤ ਕਰਨ ਲਈ ਉਨ੍ਹਾਂ ਨੂੰ ਵਿਕਾਸ ਦੇ ਕੰਮਾਂ ਲਈ ਰਾਜ ਸਰਕਾਰ ਵਲੋਂ 10 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦਿੱਤੀ ਜਾਵੇ।"

**ਸ਼੍ਰੀ ਸਭਾਪਤੀ :** ਪ੍ਰਸਤਾਵ ਕੀਤਾ ਕਿ –

"ਪੰਜਾਬ ਰਾਜ ਦੇ ਕੁਝ ਪਿੰਡਾਂ ਵਿਚ ਵੱਖ ਵੱਖ ਬਿਰਾਦਰੀਆਂ ਵਲੋਂ ਵੱਖ ਵੱਖ ਸ਼ਮਸ਼ਾਨਘਾਟ ਬਣਾਉਣ ਦਾ ਰੁਝਾਨ ਬਣਿਆ ਹੋਇਆ ਹੈ, ਜਿਸ ਨਾਲ ਅਜਿਹੇ ਪਿੰਡਾਂ ਵਿਚ ਆਪਸੀ ਭਾਈਚਾਰਕ ਸਾਂਝ ਘਟਦੀ ਹੈ। ਇਸ ਲਈ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਜਿਹੜੇ ਪਿੰਡ ਆਪਸੀ ਪਿਆਰ ਅਤੇ ਆਪਸੀ ਭਾਈਚਾਰੇ ਨੂੰ ਹੋਰ ਮਜ਼ਬੂਤ ਕਰਨ ਲਈ ਯੋਗ ਕਦਮ ਚੁੱਕਣ, ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਹੋਰ ਉਤਸ਼ਾਹਤ ਕਰਨ ਲਈ ਉਨ੍ਹਾਂ ਨੂੰ ਵਿਕਾਸ ਦੇ ਕੰਮਾਂ ਲਈ ਰਾਜ ਸਰਕਾਰ ਵਲੋਂ 10 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦਿੱਤੀ ਜਾਵੇ।"

ਬਹਿਸ, ਜੇਕਰ ਕੋਈ ਹੋਵੇ?

**ਬੀਬੀ ਜਗੀਰ ਕੌਰ (ਭੁਲੱਥ) :** ਚੇਅਰਮੈਨ ਸਾਹਿਬ, ਪਿੰਡਾਂ ਵਿੱਚ ਇਹ ਆਮ ਦੇਖਣ ਨੂੰ ਆਇਆ ਹੈ ਕਿ ਬਹੁਤ ਸਾਰੀਆਂ ਬਿਰਾਦਰੀਆਂ ਜਾਤਾਂ-ਪਾਤਾਂ ਵਿੱਚ ਵੰਡ ਕੇ ਆਪਣੀ ਆਪਣੀ ਬਿਰਾਦਰੀ ਦੇ ਵੱਖ ਵੱਖ ਸ਼ਮਸ਼ਾਨਘਾਟ ਬਣਾਉਣ ਜਾ ਰਹੀਆਂ ਹਨ। ਮਹਾਨ ਕੋਸ਼ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ - ਸ਼ਮਸ਼ਾਨ ਦਾ ਅਰਥ, ਜਿਸ ਥਾਂ ਤੇ "ਸਮਾਨ ਮੁਰਦੇ ਸੌਣ", ਮੁਰਦਿਆਂ ਦੀ ਸੌਣ ਵਾਲੀ ਜਗ੍ਹਾ, ਮੜੀਆਂ ਦੀ ਜਗ੍ਹਾ, ਮੁਰਦੇ ਫੂਕਣ ਤੇ ਦੱਬਣ ਦੀ ਜਗ੍ਹਾ। ਸ਼ਮ ਦਾ ਅਰਥ ਹੈ ਬਰਾਬਰ ਅਤੇ ਸ਼ਾਨ ਦਾ ਮਤਲਬ ਇੱਜ਼ਤ। ਜਿਸ ਜਗ੍ਹਾ ਤੇ ਸਾਰਿਆਂ ਦੀ ਇੱਕ ਬਰਾਬਰ ਦੀ ਸ਼ਾਨ ਅਤੇ ਥਾਂ ਹੋਵੇ। ਜਿਥੇ ਗਰੀਬ ਅਤੇ ਅਮੀਰ ਬਰਾਬਰ ਹੋ ਜਾਂਦੇ ਹਨ। ਜਿਥੇ ਵੱਡਾ ਅਤੇ ਛੋਟਾ ਇੱਕ ਸਮਾਨ ਹੁੰਦਾ ਹੈ। ਇਸ ਨੂੰ ਵੱਖ ਵੱਖ ਨਾਂਵਾਂ ਰਾਹੀਂ ਅਸੀਂ ਦੇਖਦੇ ਹਾਂ। ਗੁਰਬਾਣੀ ਰਾਹੀਂ ਇਸ ਨੂੰ ਸ਼ਿਵਪੁਰੀ ਵੀ ਕਹਿੰਦੇ ਹਾਂ, ਸੱਚਾ ਘਰ ਵੀ ਕਹਿੰਦੇ ਹਾਂ, ਗੋਰ ਅਤੇ ਜੀਰਾਣਿ ਵੀ ਕਹਿੰਦੇ ਹਾਂ। ਜਿਸ ਤਰ੍ਹਾਂ ਗੁਰਬਾਣੀ ਵਿੱਚ ਆਉਂਦਾ ਹੈ -

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥

ਇਸ ਨੂੰ ਕਬਰਿਸਤਾਨ ਵੀ ਆਖਦੇ ਹਨ। ਇਹ ਇੱਕ ਐਸੀ ਥਾਂ ਹੁੰਦੀ ਹੈ ਕਿ ਜਿਸ ਕਿਸੇ ਦਾ ਸੰਸਾਰ ਵਿੱਚ ਕੋਈ ਥਾਂ ਨਾ ਹੋਵੇ, ਇੱਕ ਮਰਲਾ ਵੀ ਜਗ੍ਹਾ ਨਾ ਹੋਵੇ, ਇਹ ਅਸਥਾਨ ਉਸ ਦਾ ਵੀ ਘਰ ਹੈ। ਜਿਸ ਤਰ੍ਹਾਂ ਬਾਣੀ ਵਿੱਚ ਨਿਘਰੇ ਵਾਸਤੇ ਕਿਹਾ ਗਿਆ ਹੈ ਕਿ ਨਿਘਰਿਆ ਘਰ ਆ, ਤੂੰ ਆਪਣੇ ਘਰ ਵਿੱਚ ਆ। ਅਸੀਂ ਕਹਿ ਸਕਦੇ ਹਾਂ ਕਿ ਇਹ ਥਾਂ ਹਰ ਇੱਕ ਦੇ ਵਾਸਤੇ ਹੈ। ਇਸ ਅਸਥਾਨ ਉੱਤੇ ਰਾਜੇ-ਮਹਾਰਾਜੇ, ਵੱਡੇ-ਛੋਟੇ, ਗਰੀਬ-ਅਮੀਰ ਸਭ ਜਾ ਕੇ ਸੌਂਦੇ ਹਨ। ਜਦੋਂ ਸਿਕੰਦਰ ਬਾਦਸ਼ਾਹ ਵਰਗੇ ਵੀ ਇਸ ਸ਼ਮਸ਼ਾਨਘਾਟ ਵਿੱਚ ਗਏ ਤਾਂ ਉਸ ਦੀ ਮਾਂ ਸ਼ਮਸ਼ਾਨਘਾਟ ਵਿੱਚ ਜਾ ਕੇ ਰੋਣ ਲੱਗੀ। ਕਬਰਾਂ ਦੀ ਅਵਾਜ਼ ਨੂੰ ਇੱਕ ਕਵੀ ਨੇ ਇਸ ਤਰ੍ਹਾਂ ਲਿਖਿਆ ਹੈ -

'ਇਥੇ ਲੱਖਾਂ ਸਿਕੰਦਰ ਸੁੱਤੇ, ਤੂੰ ਰੋਂਦੀ ਕਿਹੜਿਆਂ ਨੂੰ'

ਭਾਵ ਕਿ ਇਥੇ ਰਾਜੇ-ਮਹਾਰਾਜੇ, ਛੋਟੇ-ਵੱਡੇ, ਗਰੀਬ-ਅਮੀਰ ਸਾਰੇ ਸੌਂਦੇ ਹਨ ਅਤੇ ਇਹ ਸਭ ਦਾ ਬਰਾਬਰ ਘਰ ਹੈ। ਗੁਰਬਾਣੀ ਦੇ ਅਨੁਸਾਰ ਮ੍ਰਿਤਕ ਦੀ ਸੰਭਾਲ ਤਿੰਨ ਤਰੀਕੇ ਨਾਲ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਬਾਣੀ ਦੀ ਤੁਕ ਹੈ -

ਤੀਨਿ ਸੰਙਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ॥

[ ਬੀਬੀ ਜਗੀਰ ਕੌਰ ]

ਭਾਵ ਤਿੰਨ ਤਰੀਕਿਆਂ ਨਾਲ ਇਸ ਮ੍ਰਿਤਕ ਸਰੀਰ ਦਾ ਅੰਤਿਮ ਸਸਕਾਰ ਕੀਤਾ ਜਾਂਦਾ ਜਿਵੇਂ ਕਿ ਜਲ ਪ੍ਰਵਾਹ ਕਰਕੇ ਜਾਂ ਧਰਤੀ ਵਿੱਚ ਦਬਾ ਕੇ ਜਾਂ ਫਿਰ ਅੱਗ ਨਾਲ ਸਸਕਾਰ ਕੀਤਾ ਜਾਂਦਾ ਹੈ। ਜਲ, ਅੱਗ ਅਤੇ ਪਾਣੀ ਨੂੰ ਵੰਡਿਆ ਨਹੀਂ ਜਾ ਸਕਦਾ। ਕਹਿਣ ਤੋਂ ਭਾਵ ਹੈ ਕਿ ਜੇਕਰ ਜਲ, ਧਰਤੀ ਅਤੇ ਅੱਗ ਵੰਡੀ ਨਹੀਂ ਜਾ ਸਕਦੀ ਫਿਰ ਸ਼ਮਸ਼ਾਨਘਾਟ ਵੰਡਣ ਦਾ ਕਿਸੇ ਕਿਸਮ ਦਾ ਕੋਈ ਰਿਵਾਜ ਨਹੀਂ ਹੋਣਾ ਚਾਹੀਦਾ। ਜੇਕਰ ਸੰਸਾਰ ਤੇ ਜੀਵ ਦੇ ਆਉਣ ਦਾ ਰਸਤਾ ਇੱਕ ਹੈ ਤਾਂ ਜਾਣ ਦੇ ਰਸਤੇ ਵੀ ਵੰਡੇ ਨਹੀਂ ਜਾ ਸਕਦੇ। ਜਦੋਂ ਕਿਸੇ ਸਮੇਂ ਸਾਡੇ ਧਾਰਮਿਕ ਆਗੂਆਂ ਨੇ ਜਾਤਾਂ-ਪਾਤਾਂ ਦੀਆਂ ਵੰਡੀਆਂ ਪਾਈਆਂ, ਉਸ ਵੇਲੇ ਭਗਤ ਕਬੀਰ ਜੀ ਨੇ ਜੋ ਸ਼ਬਦ ਕਹੇ, ਉਹ ਇਸ ਤਰ੍ਹਾਂ ਹਨ -

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥

ਕਹਿਣ ਦਾ ਭਾਵ ਇਹ ਹੈ ਕਿ ਜੇਕਰ ਤੂੰ ਬ੍ਰਾਹਮਣੀ ਜਾਇਆ ਸੀ ਤਾਂ ਤੇਰਾ ਆਉਣ ਦਾ ਰਸਤਾ ਵੱਖਰਾ ਕਿਉਂ ਨਹੀਂ ਹੈ? ਤੂੰ ਬ੍ਰਾਹਮਣ ਕਿਸ ਤਰ੍ਹਾਂ ਹੈ, ਮੈਂ ਸੂਦ ਕਿਸ ਤਰ੍ਹਾਂ ਹਾਂ? ਅਸੀਂ ਸਾਰੇ ਇੱਕ ਹਾਂ। ਜੇ ਮੇਰੇ ਸਰੀਰ ਵਿੱਚ ਲਹੂ ਹੈ ਤਾਂ ਤੇਰੇ ਵਿੱਚ ਦੁੱਧ ਨਹੀਂ ਹੈ। ਭਾਵ ਇਹ ਸਰੀਰ -

ਹਾਡ ਮਾਸ ਨਾੜੀ ਕੋ ਪਿੰਜਰੁ

ਪ੍ਰਮਾਤਮਾ ਨੇ ਹਰ ਇੱਕ ਦੇ ਸਰੀਰ ਦੀ ਬਨਾਵਟ ਇਕੋ ਜਿਹੀ ਕਰਕੇ ਭੇਜੀ ਹੈ। ਅਸੀਂ ਸਾਰੇ ਇੱਕ ਹਾਂ। ਅਲੱਗ ਬਿਰਾਦਰੀ ਨਾਲ ਨਾ ਤਾਂ ਸਾਡੇ ਖੂਨ ਵੰਡੇ ਜਾਂਦੇ ਹਨ ਅਤੇ ਨਾ ਹੀ ਸਰੀਰ ਵੰਡੇ ਜਾਂਦੇ ਹਨ। ਇਹ ਸਭ ਭੁਲੇਖੇ ਹਨ। ਇੱਕ ਸਮਾਂ ਅਜਿਹਾ ਸੀ ਜਦੋਂ ਲੋਕ ਸੋਚਦੇ ਸਨ ਕਿ ਜੇਕਰ ਬਨਾਰਸ ਦੇ ਰਹਿਣ ਵਾਲੇ ਉਥੇ ਮਰਦੇ ਹਨ ਤਾਂ ਸਦਾ ਹੀ ਸਵਰਗ ਨੂੰ ਜਾਂਦੇ ਹਨ। ਇੱਕ ਸ਼ਹਿਰ ਮਗਹਰ ਵਿੱਚ ਜਗ੍ਹਾ ਹੈ, ਜਿਸ ਦਾ ਨਾਂ ਹੰਡਵਾ ਹੈ। ਉਹ ਸ਼ਿਵਜੀ ਦੀ ਸਰਾਪੀ ਜਗ੍ਹਾ ਸੀ। ਵਿਚਾਰ ਸੀ ਕਿ ਜੇਕਰ ਕੋਈ ਉਥੇ ਮਰਦਾ ਹੈ ਤਾਂ ਉਹ ਨਰਕ ਵਿੱਚ ਜਾਂਦਾ ਹੈ। ਭਗਤ ਕਬੀਰ ਜੀ ਨੇ ਇਸ ਗੱਲ ਦਾ ਭਰਮ ਮਿਟਾਇਆ। ਉਨ੍ਹਾਂ ਨੇ ਸਾਰੀ ਜ਼ਿੰਦਗੀ ਬਨਾਰਸ ਵਿੱਚ ਕੱਟੀ ਅਤੇ ਅੰਤ ਵਿੱਚ ਹੰਡਵਾ ਚਲੇ ਗਏ। ਉਨ੍ਹਾਂ

ਨੇ ਉਥੇ ਸ਼ਬਦ ਉਚਾਰਨ ਕੀਤਾ –

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨਾ ਬਾਂਚਿਆ ਜਾਈ ॥
ਹਰ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥

ਕਹਿਣ ਦਾ ਭਾਵ ਕਠੋਰ ਹਿਰਦੇ ਦਾ ਵਿਅਕਤੀ ਜੇਕਰ ਕਿਸੇ ਪਵਿੱਤਰ ਜਗ੍ਹਾ ਤੇ ਵੀ ਮਰ ਜਾਵੇ ਤਾਂ ਵੀ ਉਸ ਨੂੰ ਉਸ ਦੇ ਕਰਮਾਂ ਮੁਤਾਬਕ ਹੀ ਸਵਰਗ ਮਿਲਣਾ ਹੈ, ਕਰਮਾਂ ਦੇ ਨਿਬੇੜੇ ਹੋਣੇ ਹਨ। ਜੇਕਰ ਅਸੀਂ ਕਿਸੇ ਮਾੜੇ ਕਰਮ ਵਾਲੇ ਵਿਅਕਤੀ ਨੂੰ ਕਹੀਏ ਕਿ ਜੇਕਰ ਉਹ ਬਨਾਰਸ ਵਿੱਚ ਮਰ ਜਾਵੇ ਤਾਂ ਨਰਕ ਨੂੰ ਨਹੀਂ ਜਾਵੇਗਾ, ਉਹ ਸਵਰਗ ਵਿੱਚ ਜਾਵੇਗਾ, ਇਸ ਤਰ੍ਹਾਂ ਨਹੀਂ ਹੋ ਸਕਦਾ, ਉਹ ਕਦੇ ਬਚ ਨਹੀਂ ਸਕਦਾ। ਮੇਰਾ ਕਹਿਣ ਦਾ ਭਾਵ ਸਾਡਾ ਜੀਵਨ ਕਰਮਾਂ ਨਾਲ ਜੁੜਿਆ ਹੋਇਆ ਹੈ, ਕਿਸੇ ਜਗ੍ਹਾ ਨਾਲ ਨਹੀਂ ਜੁੜਿਆ ਹੋਇਆ। ਕਿਸੇ ਪਵਿੱਤਰ ਥਾਂ ਤੇ ਰਹਿਣ ਵਾਲਾ ਕਠੋਰ ਹਿਰਦੇ ਵਾਲਾ, ਮਾੜੇ ਹਿਰਦੇ ਵਾਲਾ, ਮਾੜੀ ਸੋਚ ਵਾਲਾ ਇਹ ਨਹੀਂ ਕਹਿ ਸਕਦਾ ਕਿ ਮੈਂ ਆਪਣੇ ਔਗੁਣਾਂ ਤੋਂ ਬਚ ਸਕਦਾ ਹਾਂ। ਸੋ, ਇਹ ਸਾਰੀਆਂ ਗੱਲਾਂ ਸਾਨੂੰ ਪ੍ਰੇਰਨਾ ਦਿੰਦੀਆਂ ਹਨ ਕਿ ਅਸੀਂ ਚੰਗੇ ਕਰਮ ਕਰੀਏ ਅਤੇ ਜਾਤਾਂ-ਪਾਤਾਂ ਦੀਆਂ ਵੰਡੀਆਂ ਬੰਦ ਕਰੀਏ। ਗੁਰਮਤਿ ਵਿੱਚ ਗੁਰੂ ਸਾਹਿਬਾਨਾਂ ਵੱਲੋਂ ਕੀਤੇ ਸਮਾਜਿਕ ਕਾਰਜ ਵੀ ਸਾਨੂੰ ਬਹੁਤ ਵੱਡੀ ਪ੍ਰੇਰਨਾ ਹੈ। ਗੁਰਬਾਣੀ ਅਨੁਸਾਰ ਸਾਡੇ ਸਮਾਜਿਕ ਰਿਸ਼ਤੇ ਬੜੇ ਸਾਂਝੇ ਹਨ। ਹਰ ਸੰਸਕਾਰ ਭਾਵੇਂ ਜਨਮ ਸੰਸਕਾਰ ਹੋਵੇ, ਅੰਮ੍ਰਿਤ ਸੰਚਾਰ ਹੋਵੇ ਜਾਂ ਧਾਰਮਿਕ ਸੰਸਕਾਰ ਹੋਣ, ਮੌਤ ਦੇ ਸੰਸਕਾਰ ਹੋਣ, ਅਸੀਂ ਸਾਰੇ ਗੁਰੂ ਘਰ ਵਿੱਚ ਇਕ ਥਾਂ ਤੇ ਬੈਠਦੇ ਹਾਂ। ਗੁਰਮਤਿ ਵਿੱਚ ਜਿਹੜੇ ਕਾਰਜ ਗੁਰੂ ਸਾਹਿਬਾਨ ਨੇ ਕੀਤੇ ਹਨ, ਉਹ ਕੋਈ ਵੀ ਜਾਤ-ਪਾਤ ਤੇ ਅਧਾਰਤ ਨਹੀਂ ਸਨ। ਗੁਰੂ ਨਾਨਕ ਸਾਹਿਬ ਨੇ ਚਹੁੰ ਵਰਨਾਂ ਨੂੰ ਇੱਕ ਕਰ ਦਿੱਤਾ।

ਚਾਰਿ ਵਰਨ ਇਕ ਵਰਨੁ ਕਰਾਇਆ।

**ਉਨ੍ਹਾਂ ਨੇ ਇਹ ਵੀ ਕਿਹਾ :**

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥

ਜੇਕਰ ਗੁਰੂ ਨਾਨਕ ਸਾਹਿਬ ਨੇ ਚਾਰੇ ਵਰਨ ਇੱਕ ਕੀਤੇ ਤਾਂ ਗੁਰੂ ਅਮਰਦਾਸ ਜੀ ਨੇ ਪੰਗਤ ਦੀ ਰਵਾਇਤ ਚਲਾਈ। ਪੰਗਤ ਵੀ ਵੰਡੀ ਨਹੀਂ ਗਈ,

[ ਬੀਬੀ ਜਗੀਰ ਕੌਰ ]

ਭਾਵੇਂ ਕੋਈ ਛੋਟਾ ਬੈਠੇ, ਵੱਡਾ ਬੈਠੇ, ਸਭ ਲਈ ਇੱਕ ਹੀ ਪੰਗਤ ਰੱਖੀ। ਜੇਕਰ ਗੁਰੂ ਰਾਮਦਾਸ ਜੀ ਨੇ ਸਰੋਵਰ ਤਿਆਰ ਕੀਤਾ ਤਾਂ ਸਰੋਵਰ ਵੀ ਵੰਡਿਆ ਨਹੀਂ ਕਿ ਗਰੀਬਾਂ ਲਈ ਵੱਖ ਹੈ ਅਤੇ ਵੱਡਿਆਂ ਲਈ ਜਾਂ ਅਮੀਰਾਂ ਲਈ ਵੱਖ ਹੈ। ਇੱਕ ਹੀ ਸਰੋਵਰ ਤਿਆਰ ਕੀਤਾ। ਜੇਕਰ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਤਿਆਰ ਕਰਵਾਇਆ ਤਾਂ ਉਸ ਵਿੱਚ ਚਾਰ ਦਰਵਾਜ਼ੇ ਰੱਖੇ। ਇਨ੍ਹਾਂ ਚਾਰ ਦਰਵਾਜ਼ਿਆਂ ਨੂੰ ਦੇਖ ਕੇ ਕਿਸੇ ਕਵੀ ਨੇ ਲਿਖਿਆ ਹੈ ਕਿ 'ਹਿੰਦੂ ਕੋ ਆਤੇ ਦੇਖਾ, ਮੁਸਲਿਮ ਕੋ ਜਾਤੇ ਦੇਖਾ, ਵੈਸ਼ਨਵ ਕੋ ਨਹਾਤੇ ਦੇਖਾ, ਸ਼ੂਦਰ ਕੋ ਖਾਤੇ ਦੇਖਾ' ਭਾਵ ਉਥੇ ਸਾਰੇ ਹੀ ਲੰਗਰ ਛਕਣ ਜਾਂ ਕੀਰਤਨ ਸੁਣਨ ਜਾਂ ਸਰੋਵਰ ਵਿੱਚ ਚੁੱਭੀ ਲਾਉਣ, ਉਥੇ ਸਭ ਦਾ ਬਰਾਬਰ ਦਾ ਦਰਜਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਤਾਂ ਉਨ੍ਹਾਂ ਨੇ ਕੋਈ ਜਾਤ ਬਰਾਦਰੀ ਨਹੀਂ ਦੇਖੀ। ਖੰਡੇ ਬਾਟੇ ਨਾਲ ਅੰਮ੍ਰਿਤ ਤਿਆਰ ਕੀਤਾ, ਬਾਣੀ ਪੜ੍ਹੀ। ਅੰਮ੍ਰਿਤ ਛਕਾਉਣ ਵੇਲੇ ਗੁਰੂ ਸਾਹਿਬ ਨੇ ਇਹ ਨਹੀਂ ਕਿਹਾ ਕਿ ਕੌਣ ਮਜ਼ਹਬੀ ਹੈ, ਕੌਣ ਦਲਿਤ ਹੈ ਜਾਂ ਕੌਣ ਜੱਟ ਸਿੱਖ ਹੈ। ਹਰ ਇੱਕ ਨੂੰ ਉਸ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਮੈਂ ਇਸ ਲਈ ਵਾਰ-ਵਾਰ ਬਾਣੀ ਦੀ ਤੁਕ ਲਗਾ ਰਹੀ ਹਾਂ ਕਿਉਂਕਿ ਜਿਹੜਾ ਕੁਝ ਅਸੀਂ ਆਪਣੇ ਸਮਾਜ ਵਿੱਚ ਦੇਖਦੇ ਹਾਂ, ਗੁਰੂ ਸਾਹਿਬ ਨੇ ਉਨ੍ਹਾਂ ਚੀਜ਼ਾਂ ਤੋਂ ਸਾਨੂੰ ਵਰਜਿਤ ਕੀਤਾ ਹੈ। ਗੁਰੂ ਸਾਹਿਬ ਨੇ ਜਿਹੜੇ ਸਾਨੂੰ ਉਪਦੇਸ਼ ਦਿੱਤੇ ਹਨ ਜੇਕਰ ਅਸੀਂ ਅੱਜ ਉਸ ਤੋਂ ਦੂਰ ਜਾਵਾਂਗੇ ਤਾਂ ਸਾਡੇ ਵਿੱਚੋ ਇਨਸਾਨੀਅਤ ਖਤਮ ਹੋ ਜਾਵੇਗੀ, ਸਾਡੇ ਵਿੱਚੋਂ ਕਦਰਾਂ ਕੀਮਤਾਂ ਖਤਮ ਹੋ ਜਾਣਗੀਆਂ। ਸਾਡੇ ਵਿੱਚ ਪਿਆਰ ਦੀ ਫਿੱਕ ਪਵੇਗੀ। ਜਦੋਂ ਅਸੀਂ ਗੁਰੂ ਘਰ ਜਾ ਕੇ ਗੁਰੂ ਗਰੰਥ ਸਾਹਿਬ ਨੂੰ ਮੱਥਾ ਟੇਕਦੇ ਹਾਂ ਤਾਂ ਉਸ ਵਿੱਚ ਭਗਤ ਕਬੀਰ ਜੀ ਵੀ ਹਨ, ਭਗਤ ਰਵਿਦਾਸ ਜੀ ਵੀ ਹਨ, ਬਾਬਾ ਫਰੀਦ ਜੀ ਵੀ ਹਨ, ਗੁਰੂ ਨਾਨਕ ਸਾਹਿਬ ਵੀ ਹਨ। ਕਹਿਣ ਤੋਂ ਭਾਵ ਕਿ ਸਾਰੇ ਭਗਤ ਅਤੇ ਗੁਰੂ ਸਾਹਿਬਾਨਾਂ ਨੂੰ ਅਸੀਂ ਇੱਕ ਮੰਨ ਕੇ ਮੱਥਾ ਟੇਕਦੇ ਹਾਂ। ਭਾਵੇਂ ਅਸੀਂ ਕਿਸੇ ਵੀ ਮਜ਼ਹਬ ਜਾਂ ਘਰ ਵਿੱਚ ਪੈਦਾ ਹੋਏ ਹਾਂ ਲੇਕਿਨ ਜਦੋਂ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਨਮਸਕਾਰ ਕਰਦੇ ਹਾਂ ਤਾਂ ਸਾਡੀ ਕੋਈ ਜਾਤ ਨਹੀਂ, ਕੋਈ ਬਿਰਾਦਰੀ ਨਹੀਂ, ਅਸੀਂ ਇਕ ਸੋਚ ਲੈ ਕੇ ਜਾਂਦੇ ਹਾਂ ਅਤੇ ਇਕੋ ਹੀ ਬਖਸ਼ਿਸ਼ ਲੈ ਕੇ ਆਉਂਦੇ ਹਾਂ। ਗੁਰੂ ਸਾਹਿਬ ਵੱਲੋਂ ਕਿਸੇ ਨੂੰ ਕੋਈ ਵੱਖਰੀ ਬਖਸ਼ਿਸ਼ ਨਹੀਂ ਹੁੰਦੀ। ਬਾਣੀ ਵਿੱਚ ਲਿਖਿਆ ਹੈ :

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥

ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥

ਇਸ ਸੰਸਾਰ ਵਿਚ ਜਿਨ੍ਹਾਂ ਦੇ ਚੰਗੇ ਕਰਮ ਹਨ, ਉਨ੍ਹਾਂ ਦੇ ਹੀ ਨਿਬੇੜੇ ਹੋਣੇ ਹਨ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਹੈ :

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥

ਅਤੇ

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥

ਬਾਣੀ ਸਾਨੂੰ ਸਮਝਾਉਂਦੀ ਹੈ ਕਿ ਅਸੀਂ ਜਾਤਾਂ-ਪਾਤਾਂ ਵਿਚ ਨਹੀਂ ਵੰਡ ਹੋਣਾ, ਧਰਮ ਨਹੀਂ ਵੰਡਣੇ ਅਤੇ ਨਾ ਹੀ ਅਸੀਂ ਕਿਸੇ ਮਜ਼ਹਬ ਜਾਂ ਜਾਤੀ ਵਿਚ ਪੈ ਕੇ ਇਹੋ ਜਿਹੇ ਅਸਥਾਨ ਵੰਡਣੇ ਹਨ ਜਿਹੜੇ ਸਾਡੇ ਸਭਨਾਂ ਦੇ ਸਾਂਝੇ ਹਨ। ਅਸੀਂ ਆਪਣੇ ਪੰਜਾਬੀਆਂ ਨੂੰ ਸੁਚੇਤ ਕਰੀਏ ਕਿ ਜਿਸ ਤਰ੍ਹਾਂ ਅਸੀਂ ਪਹਿਲਾਂ ਵੀ ਬੜੇ ਵੰਡੇ ਗਏ ਹਾਂ, ਸਾਡੇ ਗੁਰਦੁਆਰੇ ਵੰਡੇ ਗਏ ਹਨ, ਅੰਮ੍ਰਿਤ ਛਕਾਉਣ ਦੇ ਢੰਗ ਵੰਡੇ ਗਏ ਹਨ, ਸਾਡੀਆਂ ਥਾਵਾਂ ਵੰਡੀਆਂ ਗਈਆਂ ਹਨ, ਮੈਂ ਸਮਝਦੀ ਹਾਂ ਕਿ ਸਾਨੂੰ ਵੰਡਣ ਲਈ ਜਿਹੜੀ ਨਵੀਂ ਪਿਰਤ ਪਾਈ ਜਾ ਰਹੀ ਹੈ, ਇਸ ਬਾਰੇ ਸਾਨੂੰ ਸਾਰਿਆਂ ਨੂੰ ਸੁਚੇਤ ਹੋਣਾ ਪਵੇਗਾ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗੀ ਕਿ ਅਸੀਂ ਸਾਰੇ ਇਸ ਗੱਲ ਨੂੰ ਸੰਭਾਲੀਏ ਅਤੇ ਲੋਕਾਂ ਵਿਚ ਸੁਚੇਤਤਾ ਪੈਦਾ ਕਰੀਏ। ਅਸੀਂ ਲੋਕਾਂ ਨੂੰ ਉਤਸ਼ਾਹਤ ਕਰੀਏ ਤਾਂ ਜੋ ਸਾਡੇ ਪਿਆਰ ਵੰਡੇ ਨਾ ਜਾ ਸਕਣ, ਸਾਡੇ ਘਰ ਵੰਡੇ ਨਾ ਜਾ ਸਕਣ, ਮ੍ਰਿਤਕ ਸਰੀਰਾਂ ਲਈ ਇਕੋ ਸ਼ਮਸ਼ਾਨਘਾਟ ਹੋਵੇ ਤਾਂ ਜੋ ਸਾਰੀਆਂ ਜਾਤ-ਬਿਰਾਦਰੀਆਂ ਦਾ ਇਕੋ ਜਿਹਾ ਸਤਿਕਾਰ ਹੋਵੇ। ਮੈਂ 10 ਲੱਖ ਰੁਪਏ ਦੀ ਗਰਾਂਟ ਦੇਣ ਵਾਸਤੇ ਬੇਨਤੀ ਇਸ ਲਈ ਕੀਤੀ ਹੈ ਕਿਉਂਕਿ ਇਸ ਨਾਲ ਸਾਰੇ ਲੋਕ ਉਤਸ਼ਾਹਤ ਹੋਣਗੇ ਅਤੇ ਪਿੰਡਾਂ ਵਿਚ ਵਿਕਾਸ ਦੇ ਕਾਰਜ ਵਧੇਰੇ ਹੋਣਗੇ। ਮੈਂ ਬੇਨਤੀ ਕਰਦੀ ਹਾਂ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ।

**ਸ਼੍ਰੀ ਸਭਾਪਤੀ :** ਹੋਰ ਕੋਈ ਬਹਿਸ ਕਰਨਾ ਚਾਹੁੰਦਾ ਹੈ? ਹਾਂ ਜੀ, ਸੋਮ ਪ੍ਰਕਾਸ਼ ਜੀ, ਤੁਸੀਂ ਬੋਲੋ।

**ਸੰਸਦੀ ਮਾਮਲੇ ਮੰਤਰੀ :** ਚੇਅਰਮੈਨ ਸਾਹਿਬ, 1.57 ਹੋ ਗਏ ਹਨ।

**ਸ਼੍ਰੀ ਸਭਾਪਤੀ :** ਚਲੋ, ਦੋ ਮਿੰਟ ਬੋਲ ਲੈਣਗੇ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਨਹੀਂ ਜੀ, ਮੈਂ ਜ਼ਿਆਦਾ ਸਮਾਂ ਲੈਣਾ ਹੈ। ਸਦਨ ਦਾ ਸਮਾਂ ਥੋੜ੍ਹਾ ਜਿਹਾ ਐਕਸਟੈਂਡ ਕਰ ਲਵੋ ਜੀ।

**ਅਵਾਜ਼ਾਂ :** ਸਦਨ ਦਾ ਟਾਈਮ 2.30 ਵਜੇ ਤੱਕ ਹੈ ਜੀ।

**ਸ਼੍ਰੀ ਸਭਾਪਤੀ :** ਸ਼੍ਰੀ ਸੋਮ ਪ੍ਰਕਾਸ਼ ਜੀ, ਤੁਸੀਂ ਬੋਲੋ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਕ ਬਹੁਤ ਅਹਿਮ ਮਤੇ ਉਤੇ ਬੋਲਣ ਲਈ ਸਮਾਂ ਦਿੱਤਾ ਹੈ। ਬੀਬੀ ਜਗੀਰ ਕੌਰ ਜੀ ਨੇ ਮਤਾ ਪੇਸ਼ ਕੀਤਾ ਹੈ ਅਤੇ ਉਨ੍ਹਾਂ ਨੇ ਗੁਰਬਾਣੀ ਵੀ ਕੋਟ ਕੀਤੀ ਹੈ। ਭਾਰਤ ਵਰਸ਼ ਵਿਚ ਸਾਡੇ ਸਮਾਜ ਦੀ ਜਿਹੜੀ ਸਭ ਤੋਂ ਵੱਡੀ ਸਮਾਜਿਕ ਕੁਰੀਤੀ ਹੈ, ਉਹ ਜਾਤ-ਪਾਤ ਹੈ। ਇਸ ਜਾਤ-ਪਾਤ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਹਨ ਕਿ ਅਸੀਂ ਇਸ ਵਿਚੋਂ ਅੱਜ ਤੱਕ ਨਿਕਲ ਨਹੀਂ ਸਕੇ। ਹਿੰਦੂ ਧਰਮ ਵਿਚੋਂ ਸਿੱਖ ਧਰਮ ਬਣਿਆ ਪ੍ਰੰਤੂ ਅਸੀਂ ਜਾਤ-ਪਾਤ ਛੱਡ ਨਹੀਂ ਸਕੇ। ਅਸੀਂ ਜਿਉਂਦੇ ਜੀਅ ਤਾਂ ਜਾਤ-ਪਾਤ ਕੀ ਛੱਡਣੀ ਸੀ ਬਲਕਿ ਮਰ ਕੇ ਵੀ ਜਾਤ-ਪਾਤ ਨਹੀਂ ਛੱਡੀ। ਵੱਖਰੇ ਵੱਖਰੇ ਸ਼ਮਸ਼ਾਨਘਾਟ ਇਕ ਸੱਚਾਈ ਹੈ। ਗੁਰੂ ਸਾਹਿਬਾਨ ਅਤੇ ਭਗਤਾਂ ਨੇ ਆਪਣੇ ਵੱਲੋਂ ਬੜੀ ਕੋਸ਼ਿਸ਼ ਕੀਤੀ, ਉਨ੍ਹਾਂ ਨੇ ਫੁਰਮਾਨ ਕੀਤਾ ਤੇ ਹੁਕਮ ਦਿੱਤਾ ਕਿ ਸਾਰੀ ਮਨੁੱਖਤਾ ਇਕ ਹੈ ਪਰੰਤੂ ਸਾਡੀ ਮਾਨਸਿਕਤਾ ਇੰਨੀ ਸੌੜੀ ਹੈ ਕਿ ਅਸੀਂ ਮਰ ਕੇ ਵੀ ਇਕੱਠੇ ਨਹੀਂ ਹੋ ਸਕੇ। ਇਸੇ ਕਾਰਨ ਹੀ ਵੱਖਰੇ ਵੱਖਰੇ ਸ਼ਮਸ਼ਾਨਘਾਟ ਹਨ। ਇਹ ਸੱਚ ਹੈ, ਅੱਜ ਸਿਆਸੀ ਤੌਰ ਤੇ ਅਤੇ ਸਮਾਜਿਕ ਤੌਰ ਤੇ ਸਾਡੀ ਹਰੇਕ ਗੱਲ ਜਾਤ-ਪਾਤ ਤੇ ਅਧਾਰਤ ਹੈ। ਜੇਕਰ (ਇਲੈਕਸ਼ਨ ਸਮੇਂ) ਟਿਕਟਾਂ ਵੰਡਣੀਆਂ ਹੋਣ, ਅਸੀਂ ਵੇਖਦੇ ਹਾਂ ਕਿ ਇਥੇ ਬਾਲਮੀਕੀ ਕਿੰਨੇ ਹਨ, ਇਥੇ ਲੁਬਾਣੇ ਕਿੰਨੇ ਹਨ, ਜੱਟ ਕਿੰਨੇ ਹਨ, ਬ੍ਰਾਹਮਣ ਕਿੰਨੇ ਹਨ ਅਤੇ ਬਾਣੀਏ ਕਿੰਨੇ ਹਨ? ਇਹ ਸੱਚ ਹੈ ਅਤੇ ਇਸੇ ਬੇਸ ਤੇ ਅਸੀਂ ਟਿਕਟਾਂ ਦਿੰਦੇ ਹਾਂ। ਕਿਉਂ ਰਣੀਕੇ ਸਾਹਿਬ, ਇਹ ਸੱਚ ਹੈ ਕਿ ਨਹੀਂ? ਤੁਸੀਂ ਮਹਿਕਮੇ ਦੇ ਮੰਤਰੀ ਹੋ।

**ਭਲਾਈ ਮੰਤਰੀ (ਬੈਠੇ-ਬੈਠੇ) :** ਹਾਂ ਜੀ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਪੰਜਾਬ ਦੀ ਧਰਤੀ ਗੁਰੂਆਂ ਦੀ ਧਰਤੀ ਹੈ। ਇਹ ਗੁਰੂ ਨਾਨਕ ਦੀ ਧਰਤੀ ਹੈ। ਇਥੇ ਗੁਰੂ ਨਾਨਕ

ਦੇ ਨਾਮ ਲੇਵਾ ਲੋਕ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਨੇ ਵੀ ਹੁਕਮ ਕੀਤਾ ਹੈ-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਗੁਰੂ ਸਾਹਿਬਾਨ ਨੇ "ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ" ਦਾ ਵੀ ਹੁਕਮਨਾਮਾ ਦਿੱਤਾ ਹੈ। ਸਾਡੀ ਧਰਤੀ ਉਤੇ ਬੜੇ ਵੱਡੇ ਨਿਧੜਕ ਤੇ ਬੇਖੌਫ ਕਵੀ ਸਤਿਗੁਰੂ ਕਬੀਰ ਸਾਹਿਬ ਹੋਏ ਹਨ, ਜਿਨ੍ਹਾਂ ਨੇ ਕਿਹਾ -

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

ਬੀਬੀ ਜੀ ਨੇ ਹੁਣੇ ਕੋਟ ਕੀਤਾ ਸੀ ਕਿ ਸਭ ਤੋਂ ਵੱਧ ਜਾਤ-ਪਾਤ ਦੀ ਗੱਲ ਬ੍ਰਾਹਮਣ ਦੇ ਨਾਂ ਲਗਦੀ ਹੈ -

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥

ਉਨ੍ਹਾਂ ਨੇ ਜਾਤ-ਪਾਤ ਤੇ ਚੋਟ ਕੀਤੀ ਪਰ ਅਸੀਂ ਜਾਤ-ਪਾਤ ਛੱਡ ਨਹੀਂ ਸਕੇ। ਸਾਡੇ ਗੁਰੂਆਂ ਨੇ ਬਹੁਤ ਕੋਸ਼ਿਸ਼ ਕੀਤੀ, ਸੰਗਤ ਤੇ ਪੰਗਤ ਦੀ ਪ੍ਰਥਾ ਚਲਾਈ, ਦਸਵੇਂ ਪਾਤਸ਼ਾਹ ਜੀ ਨੇ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਜਾਤ-ਪਾਤ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਉਸ ਤੋਂ ਬਾਅਦ ਆਰੀਆ ਸਮਾਜ ਦੀ ਬਹੁਤ ਵੱਡੀ ਲਹਿਰ ਚੱਲੀ। ਆਰੀਆ ਸਮਾਜ ਨੇ ਕੋਸ਼ਿਸ਼ ਕੀਤੀ, ਸਿੰਘ ਸਭਾਵਾਂ ਨੇ ਕੋਸ਼ਿਸ਼ ਕੀਤੀ ਪਰ ਸਾਡੇ ਸਮਾਜ ਵਿੱਚ ਜਾਤ-ਪਾਤ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਬੇਸ਼ੱਕ ਅਸੀਂ ਸਾਹਮਣੇ ਜੋ ਮਰਜ਼ੀ ਗੱਲਾਂ ਕਰੀਏ ਪਰ ਸਾਡੀ ਮਾਨਸਿਕਤਾ ਅਜਿਹੀ ਹੈ ਕਿ back of mind ਸਾਡੇ ਵਿੱਚ ਜਾਤ-ਪਾਤ ਹਮੇਸ਼ਾ ਰਹਿੰਦੀ ਹੈ।

ਕਈ ਕਹਿੰਦੇ ਹਨ ਕਿ ਵਿਦਿਆ ਨਾਲ ਸਮਾਜਿਕ ਕੁਰੀਤੀਆਂ ਖ਼ਤਮ ਹੁੰਦੀਆਂ ਹਨ। ਕਈ ਕਹਿੰਦੇ ਹਨ ਕਿ ਸਮਾਜਿਕ ਕੁਰੀਤੀਆਂ ਇਕਨਾਮਿਕ ਡਿਵੈਲਪਮੈਂਟ ਨਾਲ ਖਤਮ ਹੁੰਦੀਆਂ ਹਨ ਪਰ ਮੈਂ ਸਮਝਦਾ ਹਾਂ ਕਿ ਐਜੂਕੇਸ਼ਨ ਅਤੇ ਅਮੀਰ ਹੋਣ ਨਾਲ ਦੋ ਸਮੱਸਿਆਵਾਂ ਹੋਰ ਵਧੀਆਂ ਹੋਣਗੀਆਂ। ਇੱਕ ਤਾਂ ਭਰੂਣ ਹੱਤਿਆ ਦੀ ਸਮੱਸਿਆ ਹੈ। ਜਿੰਨੇ ਲੋਕ ਪੜ੍ਹੇ ਲਿਖੇ ਹਨ ਜਾਂ ਅਮੀਰ ਹਨ,

ਉਨ੍ਹਾਂ ਵਿੱਚ ਭਰੂਣ ਹੱਤਿਆ ਦੀ ਕੁਰੀਤੀ ਜ਼ਿਆਦਾ ਹੈ। ਦੂਸਰੀ ਜਾਤ-ਪਾਤ ਹੈ ਜਿਸ ਨੂੰ ਪੜ੍ਹ ਲਿਖ ਕੇ ਵੀ ਆਪਾਂ ਛੱਡ ਨਹੀਂ ਸਕੇ। ਵਿਦੇਸ਼ਾਂ ਵਿੱਚ ਦੇਖ ਲਓ, ਆਪਾਂ ਇੰਗਲੈਂਡ ਵਿੱਚ ਚਲੇ ਜਾਈਏ, ਉਥੇ ਵੀ ਗੁਰਦੁਆਰਾ ਸਾਹਿਬਾਨ ਵੱਖਰੇ ਵੱਖਰੇ ਹਨ। ਮੈਂ ਫਗਵਾੜੇ ਦੀ ਮਿਸਾਲ ਦਿੰਦਾ ਹੈ। ਉਥੇ ਹਦੀਆਬਾਦ ਮੁਹੱਲਾ ਹੈ ਜਿੱਥੇ ਸੱਤ ਸ਼ਮਸ਼ਾਨਘਾਟ ਹਨ। ਦੁੱਗਲਾਂ ਦਾ ਵੱਖਰਾ ਹੈ, ਚੱਢਿਆਂ ਦਾ ਵੱਖਰਾ ਹੈ, ਜੱਟਾਂ ਦਾ ਵੱਖਰਾ ਹੈ, ਬ੍ਰਾਹਮਣਾਂ ਦਾ ਵੱਖਰਾ ਹੈ, ਆਦਿ ਧਰਮੀਆਂ ਦਾ ਵੱਖਰਾ ਹੈ, ਬਾਲਮੀਕੀਆਂ ਦਾ ਵੱਖਰਾ ਹੈ, ਇੱਕ ਡਿੱਡੀ ਜਾਤ ਹੈ, ਉਨ੍ਹਾਂ ਦਾ ਵੱਖਰਾ ਹੈ। ਸੱਤ ਸ਼ਮਸ਼ਾਨਘਾਟ ਇੱਕੋ ਮੁਹੱਲੇ ਵਿੱਚ ਹਨ। ਜਿੱਥੇ ਸ਼ਮਸ਼ਾਨਘਾਟ ਵੱਖਰੇ ਵੱਖਰੇ ਹਨ, ਉਥੇ ਗੁਰਦੁਆਰੇ ਸਾਹਿਬ ਵੀ ਵੱਖਰੇ ਵੱਖਰੇ ਹਨ। ਰਾਮਗੜ੍ਹੀਆਂ ਦਾ ਵੱਖਰਾ ਹੈ, ਸੈਣੀਆਂ ਦਾ ਵੱਖਰਾ ਹੈ, ਆਦਿ ਧਰਮੀਆਂ ਦਾ ਵੱਖਰਾ ਹੈ, ਬੇਦੀਆਂ ਦਾ ਵੱਖਰਾ ਹੈ ਅਤੇ ਜੱਟਾਂ ਦਾ ਗੁਰਦੁਆਰਾ ਸਾਹਿਬ ਵੱਖਰਾ ਹੈ। ਜਿੱਥੇ ਗੁਰਦੁਆਰਾ ਸਾਹਿਬ ਇੰਨੇ ਜ਼ਿਆਦਾ ਹਨ, ਉਥੇ ਸਮਾਜਿਕ ਸਾਂਝ ਵੀ ਸਭ ਤੋਂ ਘੱਟ ਹੈ। ਲੜਾਈ-ਝਗੜੇ ਉਥੇ ਬਹੁਤ ਜ਼ਿਆਦਾ ਹੁੰਦੇ ਹਨ। ਸ਼ਿਵ ਸੈਨਾ ਉਥੇ ਹੈ, ਅੰਬੇਦਕਰ ਸੈਨਾ ਉਥੇ ਹੈ, ਰਵਿਦਾਸ ਟਾਈਗਰ ਫੋਰਸ ਉਥੇ ਹੈ ਅਤੇ ਸਾਰੇ ਇੱਕ-ਦੂਜੇ ਨੂੰ ਅੱਖਾਂ ਕੱਢ-ਕੱਢ ਕੇ ਵੇਖਦੇ ਹਨ। ਆਪਣਾ ਸਮਾਜ ਕਿੱਧਰ ਜਾ ਰਿਹਾ ਹੈ?

**ਸੰਸਦੀ ਮਾਮਲੇ ਮੰਤਰੀ (ਬੈਠੇ ਬੈਠੇ) :** ਤੁਹਾਨੂੰ ਤਾਂ ਸਾਰਿਆਂ ਨੇ ਹੀ ਵੋਟ ਪਾਈ ਹੈ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਮੈਨੂੰ ਤਾਂ ਸਾਰਿਆਂ ਨੇ ਵੋਟ ਪਾਈ ਹੈ। ਜਿਹੜੀ ਸਮਾਜਿਕ ਕੁਰੀਤੀ ਹੈ, ਮੈਂ ਉਸ ਵੱਲ ਸਦਨ ਦਾ ਧਿਆਨ ਖਿੱਚ ਰਿਹਾ ਹਾਂ। ਮਿੱਤਲ ਸਾਹਿਬ, ਤੁਸੀਂ ਵੀ ਧਿਆਨ ਨਾਲ ਸੁਣੋ।

**ਸੰਸਦੀ ਮਾਮਲੇ ਮੰਤਰੀ :** ਮੈਂ ਤਾਂ ਪਹਿਲਾਂ ਹੀ ਬਹੁਤ ਧਿਆਨ ਨਾਲ ਸੁਣਦਾ ਹਾਂ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਬਹੁਤ ਵਧੀਆ। ਮੈਂ ਇਸ ਸਮੱਸਿਆ ਤੇ ਸਭ ਤੋਂ ਪਹਿਲੀ ਵਾਰ 27.3.2012 ਨੂੰ ਬੋਲਿਆ ਸੀ। ਮੈਂ ਉਦੋਂ ਵੀ ਬੋਲਦੇ ਹੋਏ ਇਹ ਕਿਹਾ ਸੀ ਕਿ ਬਾਦਲ ਸਾਹਿਬ, ਇੱਕ ਇਹੋ ਜਿਹੀ ਸਕੀਮ ਲਿਆਓ ਕਿ ਜਿਹੜੇ ਪਿੰਡ ਸ਼ਮਸ਼ਾਨਘਾਟ ਇਕੱਠੇ ਕਰ ਲੈਣ, ਉਨ੍ਹਾਂ ਨੂੰ ਵਿਸ਼ੇਸ਼ ਗਰਾਂਟ ਦਿੱਤੀ ਜਾਵੇਗੀ। ਮੈਂ ਸਾਲ 2012 ਵਿੱਚ ਇਹ ਗੱਲ ਕਹੀ ਸੀ ਅਤੇ ਉਦੋਂ ਤੋਂ ਲਗਾਤਾਰ ਇਸ ਤੇ ਪਹਿਰਾ ਦਿੰਦਾ ਆ ਰਿਹਾ ਹਾਂ। ਉਸ ਤੋਂ

ਬਾਅਦ ਜਦੋਂ ਬਜਟ ਸੈਸ਼ਨ ਹੋਇਆ ਸੀ, ਮਾਨਯੋਗ ਫਾਇਨਾਂਸ ਮਨਿਸਟਰ ਸਾਹਿਬ ਬੈਠੇ ਹਨ, ਮੈਂ ਢੀਂਡਸਾ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਆਪਾਂ ਆਪਣੇ ਗੁਰੂ ਸਾਹਿਬਾਨ ਦਾ ਕਹਿਣਾ ਮੰਨੀਏ, ਉਨ੍ਹਾਂ ਦਾ ਫੁਰਮਾਨ ਮੰਨੀਏ ਅਤੇ ਗੁਰੂਆਂ ਦੀ ਕਿਰਪਾ ਪ੍ਰਾਪਤ ਕਰ ਲਈਏ। ਤੁਸੀਂ ਕਿਰਪਾ ਕਰਕੇ ਕੋਈ ਐਸੀ ਸਕੀਮ ਲੈ ਕੇ ਆਉਣਾ ਕਿ ਜਿਸ ਪਿੰਡ ਵਿੱਚ ਸ਼ਮਸ਼ਾਨਘਾਟ ਇਕੱਠੇ ਹੋਣ, ਉਨ੍ਹਾਂ ਨੂੰ ਦਸ ਲੱਖ ਦੀ ਗਰਾਂਟ ਦਿੱਤੀ ਜਾਵੇਗੀ। ਇਨ੍ਹਾਂ ਨੇ ਬਹੁਤ ਕਿਰਪਾ ਕੀਤੀ ਅਤੇ ਭਾਸ਼ਣ ਵਿੱਚ ਵੀ ਬਹੁਤ ਵਧੀਆ ਬੋਲੇ। ਇਨ੍ਹਾਂ ਨੇ ਕਿਹਾ ਸੀ ਕਿ ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਸੋਮ ਪ੍ਰਕਾਸ਼ ਜੀ ਨੇ ਬਹੁਤ ਵਧੀਆ ਸੁਝਾਅ ਦਿੱਤਾ ਹੈ ਜਿਸ ਵਿੱਚ ਇਨ੍ਹਾਂ ਨੇ ਕਿਹਾ ਹੈ ਕਿ ਸਾਰੇ ਲੋਕਾਂ ਨੂੰ ਇਕੱਠਾ ਕਰਨ ਲਈ, ਸਮਾਜ ਨੂੰ ਇਕੱਠਾ ਕਰਨ ਲਈ ਇੱਕ ਸਕੀਮ ਲਿਆਉਣੀ ਚਾਹੀਦੀ ਹੈ, ਮੈਂ ਇਸ ਦੀ ਸ਼ਲਾਘਾ ਕਰਦਾ ਹਾਂ ਅਤੇ ਅਗਲੇ ਸਾਲ ਜਦ ਬਜਟ ਪੇਸ਼ ਕਰਾਂਗੇ, ਅਸੀਂ ਇਹ ਸਕੀਮ ਜ਼ਰੂਰ ਲਿਆਵਾਂਗੇ ਪਰ ਕੁਦਰਤੀ ਤੌਰ ਤੇ ਇਸ ਗੱਲ ਨੂੰ ਇਹ ਭੁੱਲ ਗਏ। ਯਾਦ ਨਹੀਂ ਰਿਹਾ। ਮੈਂ ਫਿਰ ਵੀ 29.12.2014 ਨੂੰ ਚਿੱਠੀ ਲਿਖੀ। ਬਜਟ ਤੋਂ ਪਹਿਲਾਂ ਵੀ ਚਿੱਠੀ ਲਿਖੀ ਸੀ ਕਿ ਕਿਰਪਾ ਕਰਕੇ ਇਹ ਸਕੀਮ ਜ਼ਰੂਰ ਲੈ ਕੇ ਆਉਣਾ ਲੇਕਿਨ ਇਹ ਭੁੱਲ ਗਏ। ਕਈ ਵਾਰ ਕੰਮ ਜ਼ਿਆਦਾ ਹੁੰਦੇ ਹਨ। ਮੈਂ ਇਨ੍ਹਾਂ ਨੂੰ ਇੱਕ ਵਾਰ ਕਹਾਣੀ ਵੀ ਸੁਣਾਈ ਸੀ। ਢੀਂਡਸਾ ਸਾਹਿਬ ਤੁਹਾਨੂੰ ਯਾਦ ਹੋਵੇਗਾ। ਸਾਡੇ ਪਹਿਲਾਂ ਫਾਇਨਾਂਸ ਮਨਿਸਟਰ ਸਰਦਾਰ ਕੰਵਲਜੀਤ ਸਿੰਘ ਜੀ ਸਨ। ਫਾਇਨਾਂਸ ਮਨਿਸਟਰਾਂ ਦੀ ਆਦਤ ਹੁੰਦੀ ਹੈ ਕਿ ਇਹ ਪਹਿਲੀ ਵਾਰ ਵਿੱਚ ਹਾਂ ਨਹੀਂ ਕਰਦੇ। ਇੱਕ ਵਾਰ ਉਹ ਜਲੰਧਰ ਆਏ ਤੇ ਰੌਣਕੀ ਰਾਮ ਉਨ੍ਹਾਂ ਨੂੰ ਐਕਸਪਲੇਨ ਕਰ ਰਹੇ ਸੀ। ਉਹ ਕਹਿਣ ਲੱਗੇ, ਮਾਨਯੋਗ ਫਾਇਨਾਂਸ ਮਨਿਸਟਰ ਸਾਹਿਬ, ਤੁਸੀਂ ਅਤੇ ਮੇਰੀ ਘਰ ਵਾਲੀ ਇਕੋ ਜਿਹੇ ਲਗਦੇ ਹੋ। ਉਹ ਕਹਿੰਦੇ, ਕਿਵੇਂ? ਕਹਿੰਦਾ, ਤੁਹਾਡਾ ਕੱਦ ਬਹੁਤ ਲੰਬਾ ਹੈ ਅਤੇ ਮੇਰੀ ਘਰ ਵਾਲੀ ਦਾ ਕੱਦ ਵੀ ਬਹੁਤ ਲੰਬਾ ਹੈ। ਤੁਸੀਂ ਵੀ ਬਹੁਤ ਸੋਹਣੇ ਹੋ, ਮੇਰੇ ਘਰ ਵਾਲੀ ਵੀ ਬਹੁਤ ਸੋਹਣੀ ਹੈ। ਤੁਸੀਂ ਵੀ ਵੈਲ ਡਰੈਸਡ ਹੋ, ਉਹ ਵੀ ਵੈਲ ਡਰੈਸਡ ਹੈ। ਜਦੋਂ ਪੈਸੇ ਮੰਗਦੇ ਹਾਂ ਤਾਂ ਖਜ਼ਾਨਾ ਉਹ ਵੀ ਬਹੁਤ ਸੰਭਾਲ ਕੇ ਰੱਖਦੀ ਹੈ ਅਤੇ ਤੁਸੀਂ ਵੀ ਖਜ਼ਾਨਾ ਸੰਭਾਲ ਕੇ ਰੱਖਦੇ ਹੋ। ਜਦ ਮੰਗਦੇ ਹਾਂ, ਉਹ ਵੀ ਨਾਂਹ ਨਾਂਹ ਕਰਦੀ ਹੈ ਅਤੇ ਤੁਸੀਂ ਵੀ ਨਾਂਹ ਨਾਂਹ ਕਰਦੇ ਹੋ।

[ ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ ]

ਸੋ, ਮੈਂ ਇਹ ਗੱਲ ਇਸ ਕਰਕੇ ਕਹੀ ਹੈ ਕਿ ਜਿਹੜੀਆਂ ਸਮਾਜ ਦੀਆਂ ਗੱਲਾਂ ਹਨ, ਜਿਸ ਵਿੱਚ ਅਸੀਂ ਸਮਾਜਿਕ ਸਮਰਸਤਾ (ਸਮਾਨਤਾ) ਕਰਨੀ ਹੋਵੇ, ਉਸ ਵਾਸਤੇ ਜ਼ਰੂਰ ਪੈਸੇ ਦੇ ਦਿਆ ਕਰੋ। ਪਹਿਲੇ ਹੱਲੇ ਦੇ ਦਿਆ ਕਰੋ, ਜ਼ਰੂਰੀ ਨਾਂਹ ਕਰਨੀ ਹੈ? ਸੋ, ਮੇਰੀ ਬੇਨਤੀ ਹੈ ਕਿ ਉਸ ਤੋਂ ਬਾਅਦ ਵੀ ਮੈਂ ਇਹ ਗੱਲ ਛੱਡੀ ਨਹੀਂ। ਮੈਂ 28.5.2015 ਨੂੰ ਡਿਪਟੀ ਸੀ.ਐਮ. ਸਾਹਿਬ ਨੂੰ ਵੀ ਚਿੱਠੀ ਲਿਖੀ ਸੀ। ਰਣੀਕੇ ਸਾਹਿਬ, ਉਹ ਚਿੱਠੀ ਤੁਹਾਨੂੰ ਵੀ ਲਿਖੀ ਸੀ ਕਿ ਇਹ ਸਕੀਮ ਫਾਈਨਾਂਸ ਡਿਪਾਰਟਮੈਂਟ ਨੂੰ ਭੇਜੋ। ਇਨ੍ਹਾਂ ਨੇ ਕਰ ਦੇਣੀ ਹੈ। ਇਨ੍ਹਾਂ ਨੇ ਕਿਹਾ ਕਿ ਸਾਨੂੰ ਸਕੀਮ ਨਹੀਂ ਆਈ, ਨਹੀਂ ਤਾਂ ਪੈ ਜਾਣੀ ਸੀ। ਇਸ ਵਾਸਤੇ ਮੈਂ ਮੁੱਖ ਮੰਤਰੀ ਜੀ ਨੂੰ ਵੀ ਪਹਿਲੀ ਜੁਲਾਈ ਨੂੰ ਮਿਲਿਆ ਸੀ। ਉਨ੍ਹਾਂ ਨਾਲ ਵੀ ਇਹ ਸਕੀਮ ਡਿਸਕਸ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਬਹੁਤ ਵਧੀਆ ਸਕੀਮ ਹੈ। ਸਾਰਿਆਂ ਨੂੰ ਇਹ ਲਾਗੂ ਕਰਨੀ ਚਾਹੀਦੀ ਹੈ। ਫਿਰ ਮੈਂ 34 ਐਮ.ਐਲ.ਏਜ਼ ਨੂੰ ਇਹ ਚਿੱਠੀ ਲਿਖੀ ਔਰ ਮੈਂ 'ਅਜੀਤ' ਅਖਬਾਰ ਵਿੱਚ ਵੀ ਇੱਕ ਲੇਖ ਲਿਖਿਆ ਸੀ, ਜਿਹੜਾ ਸਰਕੂਲੇਟ ਹੋਇਆ।

**ਵਿੱਤ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) (ਬੈਠੇ-ਬੈਠੇ) :** 34 ਐਮ.ਐਲ.ਏ. ਕਿਹੜੇ ?

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਜਿਹੜੇ 34 ਐਸ.ਸੀ. ਐਮ.ਐਲ.ਏਜ਼ ਹਨ।

**ਵਿੱਤ ਮੰਤਰੀ (ਬੈਠੇ-ਬੈਠੇ) :** ਤੁਸੀਂ ਤਾਂ ਫਿਰ ਵੰਡ ਪਾ ਦਿੱਤੀ?

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਵੰਡ ਨਹੀਂ ਪਾ ਦਿੱਤੀ, ਤੁਸੀਂ ਤਾਂ ਮੰਨਦੇ ਨਹੀਂ ਹੋ। ਮੈਂ ਕਿਹਾ ਸੀ ਇਕੱਠੇ ਹੋ ਕੇ ਚੱਲੀਏ ਅਤੇ ਤੁਹਾਨੂੰ ਕਿਸੇ ਤਰ੍ਹਾਂ ਮਨਾ ਲਈਏ। ਹੋਰ ਕੋਈ ਗੱਲ ਨਹੀਂ। ਸੋ, ਮੇਰੀ ਬੇਨਤੀ ਹੈ ਕਿ ਇਹ ਜਿਹੜੀ ਸਮਾਜਿਕ ਕੁਰੀਤੀ ਹੈ, ਇਸ ਨੂੰ ਰੋਕਣ ਲਈ ਗੁਰੂ ਸਾਹਿਬਾਨ ਦਾ ਹੁਕਮ ਹੈ, ਗੁਰਬਾਣੀ ਵਿੱਚ ਸਾਨੂੰ ਹੁਕਮ ਹੋਇਆ ਹੈ। ਸੰਵਿਧਾਨ ਦੇ ਨਿਰਮਾਤਾਵਾਂ ਨੇ ਜਾਤ-ਪਾਤ ਦਾ ਖ਼ਾਤਮਾ ਕੀਤਾ ਹੈ ਅਤੇ ਇਸ ਵਾਸਤੇ ਉਨ੍ਹਾਂ ਨੇ ਤਿੰਨ ਚੀਜ਼ਾਂ ਕੀਤੀਆਂ ਹਨ - ਸਰਕਾਰੀ ਨੌਕਰੀ ਵਿੱਚ ਰਿਜ਼ਰਵੇਸ਼ਨ, ਐਜੂਕੇਸ਼ਨ ਵਿੱਚ ਰਿਜ਼ਰਵੇਸ਼ਨ ਔਰ ਸਿਆਸੀ ਤੌਰ ਤੇ ਰਿਜ਼ਰਵੇਸ਼ਨ, ਜਿਸ ਕਰਕੇ ਰਣੀਕੇ ਸਾਹਿਬ, ਤੁਸੀਂ ਅਤੇ ਅਸੀਂ ਇਥੇ ਬੈਠੇ ਹਾਂ ਤਾਂ ਕਿ ਅਸੀਂ ਇਥੇ ਦੋ ਗੱਲਾਂ ਕਹਿ ਸਕੀਏ। ਉਨ੍ਹਾਂ ਦੀ ਕੋਸ਼ਿਸ਼ ਇਹੀ ਸੀ ਕਿ ਸਾਡਾ ਜਲਦੀ ਉਧਾਰ ਹੋ ਸਕੇ। ਉਨ੍ਹਾਂ

ਨੇ ਕਿਹਾ ਸੀ ਕਿ ਇਹ ਰਿਜ਼ਰਵੇਸ਼ਨ ਥੋੜ੍ਹੇ ਸਾਲਾਂ ਲਈ ਚਾਹੀਦੀ ਹੈ। ਮੰਤਵ ਇਹ ਸੀ ਕਿ ਸਾਡਾ ਸਮਾਜ ਸੁਧਰ ਜਾਵੇਗਾ, ਅਸੀਂ ਬਰਾਬਰ ਹੋ ਜਾਵਾਂਗੇ ਲੇਕਿਨ ਅਸੀਂ ਆਪਣੀ ਮਾਨਸਿਕਤਾ ਛੱਡ ਨਹੀਂ ਸਕੇ। ਸਾਡੇ sub conscious mind ਵਿੱਚ ਜਾਤ-ਪਾਤ ਬੈਠੀ ਹੋਈ ਹੈ। ਜਦ ਤੱਕ ਅਸੀਂ ਉਹ ਨਹੀਂ ਛੱਡਦੇ, ਉਨਾ ਚਿਰ ਦੇਸ਼ ਦਾ ਭਲਾ ਨਹੀਂ ਹੋਵੇਗਾ ਅਤੇ ਇਹ ਸਮਾਜ ਵੰਡਿਆ ਰਹੇਗਾ। ਸੋ, ਬੀਬੀ ਜੀ, ਮੇਰੀ ਬੇਨਤੀ ਹੈ, ਮੈਂ ਰਿਜ਼ਰਵੇਸ਼ਨ ਦੀ ਗੱਲ ਨਹੀਂ ਕਰਦਾ। ਤੁਹਾਨੂੰ ਵੀ ਲੁਬਾਣਾ ਹੋਣ ਕਰਕੇ ਹੀ ਟਿਕਟ ਮਿਲੀ ਹੈ। ਚਿੰਤਾ ਨਾ ਕਰੋ।

**ਬੀਬੀ ਜਗੀਰ ਕੌਰ :** ਮੈਨੂੰ ਲੁਬਾਣਾ ਹੋਣ ਕਰਕੇ ਨਹੀਂ ਮਿਲੀ, ਮੇਰੀ ਆਪਣੀ ਸੇਵਾ ਹੈ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਚਲੋ, ਬਹੁਤ ਅੱਛਾ ਜੀ। ਸੋ, ਮੇਰੀ ਬੇਨਤੀ ਹੈ ਕਿ ਬੀਬੀ ਜੀ ਨੇ ਬਹੁਤ ਵਧੀਆ ਮਤਾ ਲਿਆਂਦਾ ਹੈ। ਬਹੁਤ ਚੰਗੀ ਗੱਲ ਹੈ ਕਿ ਕੋਈ ਐਸ.ਸੀ. ਬੰਦਾ ਇਹ ਮਤਾ ਲੈ ਕੇ ਨਹੀਂ ਆਇਆ। ਇਹ ਬਹੁਤ ਵਧੀਆ ਗੱਲ ਹੈ। ਬੀਬੀ ਜੀ, ਤੁਸੀਂ ਇਹ ਮਤਾ ਲੈ ਕੇ ਆਏ ਹੋ, ਤੁਹਾਨੂੰ ਇਸ ਚੰਗੇ ਕੰਮ ਲਈ ਬਹੁਤ ਬਹੁਤ ਵਧਾਈ। ਸਭਾਪਤੀ ਜੀ, ਤੁਸੀਂ ਮੈਨੂੰ ਬਹਿਸ ਦਾ ਮੌਕਾ ਦਿੱਤਾ। ਮੈਂ 2012 ਤੋਂ ਇਸ ਪਾਸੇ ਲੱਗਿਆ ਹੋਇਆ ਸੀ। ਮੈਂ ਵਾਰ ਵਾਰ ਹਰ ਫੋਰਮ ਤੇ ਇਹ ਗੱਲ ਕਰਦਾ ਰਿਹਾ ਹਾਂ, ਚਾਹੇ ਮੁੱਖ ਮੰਤਰੀ ਜੀ ਹੋਣ, 2014 ਵਿੱਚ ਕਮਲ ਸ਼ਰਮਾ ਨੂੰ ਅਤੇ ਡਿਪਟੀ ਸੀ.ਐਮ. ਸਾਹਿਬ ਨੂੰ, ਦੋਵੇਂ ਪ੍ਰਧਾਨ ਹਨ, ਇੱਕ ਭਾਰਤੀ ਜਨਤਾ ਪਾਰਟੀ ਦਾ ਅਤੇ ਇੱਕ ਸ਼੍ਰੋਮਣੀ ਅਕਾਲੀ ਦਲ ਦਾ। ਉਨ੍ਹਾਂ ਨੂੰ ਵੀ ਮੈਂ ਲਿਖਿਆ ਸੀ ਕਿ ਆਪਣੇ ਚੋਣ ਮਨੋਰਥ ਪੱਤਰ ਵਿੱਚ ਇਹ ਗੱਲ ਪਾਓ ਕਿ ਜਿਹੜੇ ਲੋਕ ਸ਼ਮਸ਼ਾਨਘਾਟ ਇਕੱਠੇ ਕਰਨਗੇ, ਉਨ੍ਹਾਂ ਨੂੰ ਅਸੀਂ ਵਿਸ਼ੇਸ਼ ਗਰਾਂਟ ਦੇਵਾਂਗੇ ਕਿਉਂਕਿ ਇਹ ਇੱਕ ਸਮਾਜਿਕ ਕੁਰੀਤੀ ਹੈ। ਇਸ ਨੂੰ ਖ਼ਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਯਤਨਸ਼ੀਲ ਹੋਣਾ ਪਵੇਗਾ। ਜੇ ਅਸੀਂ ਇਸ ਦਾ ਖ਼ਾਤਮਾ ਨਹੀਂ ਕਰਦੇ ਤਾਂ ਸਮਝੋ ਕਿ ਨਾ ਤਾਂ ਅਸੀਂ ਗੁਰੂ ਨਾਨਕ ਦੇ ਭਗਤ ਹੋ ਸਕਦੇ ਹਾਂ, ਨਾ ਗੁਰੂ ਨਾਨਕ ਦੇ ਸੱਚੇ ਸਿੱਖ ਹੋ ਸਕਦੇ ਹਾਂ। ਜੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਮੱਥਾ ਟੇਕ ਲਿਆ, ਉਹ ਕਾਫੀ ਨਹੀਂ ਹੈ। ਜਦ ਤੱਕ ਅਸੀਂ ਉਸ ਬਾਣੀ ਤੇ ਅਮਲ ਨਹੀਂ ਕਰਦੇ, ਉਨਾ ਚਿਰ ਸਾਡੀ ਗੱਲ ਨਹੀਂ ਬਣਨੀ। "ਗਲੀ ਅਸੀ ਚੰਗੀਆ

ਆਚਾਰੀ ਬੁਰੀਆਹ'' ਇਹ ਗੱਲ ਨਾ ਹੋਵੇ। ਮੇਰੀ ਬੇਨਤੀ ਹੈ ਕਿ ਅਸੀਂ ਪੁਰਜ਼ੋਰ ਸਿਫਾਰਸ਼ ਕਰਕੇ ਪੰਜਾਬ ਸਰਕਾਰ ਨੂੰ ਇਹ ਮਤਾ ਭੇਜੀਏ। ਢੀਂਡਸਾ ਸਾਹਿਬ, ਤੁਹਾਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਤੁਸੀਂ ਅਗਲੀ ਵਾਰ ਨਾ ਭੁੱਲਿਓ। ਅਗਲੀ ਵਾਰ ਨਾ ਭੁੱਲਿਓ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਅਸੀਂ ਤਾਂ ਇਹ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਇਸ ਨੂੰ ਮਨਜ਼ੂਰ ਕਰ ਲਵਾਂਗੇ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਮੈਂ ਤਾਂ ਢੀਂਡਸਾ ਸਾਹਿਬ ਨੂੰ ਕਹਿੰਦਾ ਹਾਂ। ਇਨ੍ਹਾਂ ਨੇ ਅੱਗੇ ਐਸ਼ੋਰੈਂਸ ਵੀ ਦਿੱਤੀ ਸੀ।

**ਸ਼੍ਰੀ ਸਭਾਪਤੀ :** ਸਮਾਪਤ ਕਰੋ ਜੀ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਰਣੀਕੇ ਸਾਹਿਬ, ਤੁਸੀਂ ਜ਼ਰੂਰ ਇਹ ਸਕੀਮ ਬਣਾ ਕੇ ਭੇਜੋ ਜੀ। ਬੀਬੀ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ। ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਬੋਲਣ ਦਾ ਮੌਕਾ ਦਿੱਤਾ। ਮੇਰੀ ਬੇਨਤੀ ਹੈ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਧੰਨਵਾਦ ਜੀ।

**ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ):** ਚੇਅਰਮੈਨ ਸਾਹਿਬ, ਜਿਹੜਾ ਬੀਬੀ ਜੀ ਮਤਾ ਲੈ ਕੇ ਆਏ ਹਨ, ਬੜਾ ਵਧੀਆ ਮਤਾ ਹੈ, ਸਾਰਾ ਹਾਊਸ ਇਸ ਦੀ ਸਪੋਰਟ ਕਰਦਾ ਹੈ। ਸਾਰਿਆਂ ਨੇ ਵਿਚਾਰ ਵੀ ਬੜੇ ਵਧੀਆ ਰੱਖੇ ਹਨ ਕਿ ਘੱਟੋ ਘੱਟ ਸਾਡਾ ਉਥੇ ਜਾ ਕੇ ਤਾਂ ਏਕਾ ਹੋ ਜਾਵੇ, ਬਾਕੀ ਤਾਂ ਵਖਰੇਵੇਂ ਹਨ। ਚੇਅਰਮੈਨ ਸਾਹਿਬ, ਸਾਡੇ ਇਲਾਕੇ ਵਿਚ ਅਜਿਹੀਆਂ ਗੱਲਾਂ ਘੱਟ ਹਨ। ਜਿਸ ਤਰ੍ਹਾਂ ਮੇਰਾ ਆਪਣਾ ਪਿੰਡ ਬਹੁਤ ਵੱਡਾ ਹੈ, ਉਥੇ ਗੁਰਦੁਆਰਾ ਵੀ ਇਕੋ ਹੀ ਹੈ, ਸ਼ਮਸ਼ਾਨਘਾਟ ਵੀ ਇਕੋ ਹੀ ਹੈ। ਸੋ, ਜੇ ਆਪਾਂ ਸਾਰੇ ਹੌਲੀ ਹੌਲੀ ਇਵੇਂ ਹੀ ਇਕੱਠੇ ਕਰ ਲਈਏ ਤਾਂ ਇਸ ਨਾਲ ਸਾਡਾ ਇੱਕ ਦੂਜੇ ਨਾਲ ਪਿਆਰ ਵੀ ਵਧਦਾ ਹੈ, ਇੱਕ ਦੂਜੇ ਨਾਲ ਮੇਲ-ਮਿਲਾਪ ਵੀ ਵਧਦਾ ਹੈ। ਬੜਾ ਵਧੀਆ ਮਤਾ ਹੈ ਪਰ ਇਸ ਵਿੱਚ ਥੋੜ੍ਹੀ ਜਿਹੀ ਸੋਧ ਕਰਨੀ ਹੈ। ਬਾਕੀ ਸਾਰੀਆਂ ਗੱਲਾਂ ਕਹਿ ਹੀ ਦਿੱਤੀਆਂ ਹਨ, ਬਾਕੀ ਮੈਂ ਹੋਰ ਕੁਝ ਨਹੀਂ ਕਹਿਣਾ। ਇਸ ਮਤੇ ਵਿਚ ਸੋਧ ਇਹ ਕਰ ਦਿੱਤੀ ਜਾਵੇ ਕਿ ਜਿਨ੍ਹਾਂ ਪਿੰਡਾਂ ਦੀ ਅਬਾਦੀ 1000 ਤੋਂ ਘੱਟ ਹੈ, ਉਨ੍ਹਾਂ ਲਈ ਦੋ ਲੱਖ ਰੁਪਏ ਅਤੇ ਉਸ ਤੋਂ ਉਪਰ ਵਾਲੀ ਅਬਾਦੀ ਲਈ ਪੰਜ ਲੱਖ ਰੁਪਏ ਦੀ ਰਾਜ ਸਰਕਾਰ ਵੱਲੋਂ ਵਿਸ਼ੇਸ਼ ਗਰਾਂਟ

ਦਿੱਤੀ ਜਾਵੇ।

**ਬੀਬੀ ਜਗੀਰ ਕੌਰ:** ਚੇਅਰਮੈਨ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਅਬਾਦੀ ਦੇ ਹਿਸਾਬ ਨਾਲ ਵਿਕਾਸ ਵਾਸਤੇ ਗਰਾਂਟ ਦਿੱਤੀ ਜਾਵੇ, ਇਹ ਬਹੁਤ ਅੱਛੀ ਗੱਲ ਹੈ। ਇਹ ਸੋਧ ਕਰ ਦਿੱਤੀ ਜਾਵੇ, ਇਹ ਮੈਨੂੰ ਮਨਜ਼ੂਰ ਹੈ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਚੇਅਰਮੈਨ ਸਾਹਿਬ, ਇੱਕ ਹਜ਼ਾਰ ਦੀ ਅਬਾਦੀ ਤੇ 2 ਲੱਖ ਰੁਪਿਆ ਔਰ ਉਸ ਤੋਂ ਵੱਧ ਜਿੰਨੀ ਅਬਾਦੀ ਹੈ ਉਸ ਵਾਸਤੇ 5 ਲੱਖ ਰੁਪਏ ਦੇਣੇ ਹਨ।

**ਸੋਧਨਾ**

**ਸ਼੍ਰੀ ਸਭਾਪਤੀ :** ਮੰਤਰੀ ਸਾਹਿਬ, ਮਤੇ ਵਿਚ ਸੋਧਨਾ ਲਈ ਪ੍ਰਸਤਾਵ ਪੇਸ਼ ਕਰਨ।

**ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ):** ਚੇਅਰਮੈਨ ਸਾਹਿਬ, ਕਿ ਇਸ ਮਤੇ ਵਿਚ ਹੇਠ ਲਿਖੇ ਅਨੁਸਾਰ ਸੋਧ ਕਰ ਦਿੱਤੀ ਜਾਵੇ ਇਸ ਲਈ ਮੈਂ ਪ੍ਰਸਤਾਵ ਕਰਦਾ ਹਾਂ–

ਵਿਕਾਸ ਦੇ ਕੰਮਾਂ ਲਈ ਸ਼ਬਦ ਤੋਂ ਬਾਅਦ "ਜਿਨ੍ਹਾਂ ਪਿੰਡਾਂ ਦੀ ਅਬਾਦੀ 1000 ਤੋਂ ਘੱਟ ਹੈ, ਉਨ੍ਹਾਂ ਲਈ ਦੋ ਲੱਖ ਰੁਪਏ ਅਤੇ ਉਸ ਤੋਂ ਉਪਰ ਵਾਲੀ ਅਬਾਦੀ ਲਈ ਪੰਜ ਲੱਖ ਰੁਪਏ ਦੀ ਰਾਜ ਸਰਕਾਰ ਵੱਲੋਂ ਵਿਸ਼ੇਸ਼ ਗਰਾਂਟ ਦਿੱਤੀ ਜਾਵੇ।"

**ਸ਼੍ਰੀ ਸਭਾਪਤੀ :** ਸੋਧਨਾ ਪ੍ਰਸਤਾਵ ਪੇਸ਼ ਕੀਤਾ –

"ਕਿ ਵਿਕਾਸ ਦੇ ਕੰਮਾਂ ਲਈ ਸ਼ਬਦ ਤੋਂ ਬਾਅਦ "ਜਿਨ੍ਹਾਂ ਪਿੰਡਾਂ ਦੀ ਅਬਾਦੀ 1000 ਤੋਂ ਘੱਟ ਹੈ, ਉਨ੍ਹਾਂ ਲਈ ਦੋ ਲੱਖ ਰੁਪਏ ਅਤੇ ਉਸ ਤੋਂ ਉਪਰ ਵਾਲੀ ਅਬਾਦੀ ਲਈ ਪੰਜ ਲੱਖ ਰੁਪਏ ਦੀ ਰਾਜ ਸਰਕਾਰ ਵੱਲੋਂ ਵਿਸ਼ੇਸ਼ ਗਰਾਂਟ ਦਿੱਤੀ ਜਾਵੇ।"

**ਸ਼੍ਰੀ ਸਭਾਪਤੀ :** ਸੋਧਨਾ ਪ੍ਰਸ਼ਨ ਹੈ–

"ਕਿ ਵਿਕਾਸ ਦੇ ਕੰਮਾਂ ਲਈ ਸ਼ਬਦ ਤੋਂ ਬਾਅਦ "ਜਿਨ੍ਹਾਂ ਪਿੰਡਾਂ ਦੀ

[ ਸ਼੍ਰੀ ਸਭਾਪਤੀ ]

ਅਬਾਦੀ 1000 ਤੋਂ ਘੱਟ ਹੈ, ਉਨ੍ਹਾਂ ਲਈ ਦੋ ਲੱਖ ਰੁਪਏ ਅਤੇ ਉਸ ਤੋਂ ਉਪਰ ਵਾਲੀ ਅਬਾਦੀ ਲਈ ਪੰਜ ਲੱਖ ਰੁਪਏ ਦੀ ਰਾਜ ਸਰਕਾਰ ਵੱਲੋਂ ਵਿਸ਼ੇਸ਼ ਗਰਾਂਟ ਦਿੱਤੀ ਜਾਵੇ।"

*ਪ੍ਰਸਤਾਵ ਪ੍ਰਵਾਨ ਹੋਇਆ।*

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

"ਕਿ ਪੰਜਾਬ ਰਾਜ ਦੇ ਕੁਝ ਪਿੰਡਾਂ ਵਿੱਚ ਵੱਖ ਵੱਖ ਬਿਰਾਦਰੀਆਂ ਵੱਲੋਂ ਵੱਖ ਵੱਖ ਸ਼ਮਸ਼ਾਨਘਾਟ ਬਣਾਉਣ ਦਾ ਰੁਝਾਨ ਬਣਿਆ ਹੋਇਆ ਹੈ, ਜਿਸ ਨਾਲ ਅਜਿਹੇ ਪਿੰਡਾਂ ਵਿੱਚ ਆਪਸੀ ਭਾਈਚਾਰਕ ਸਾਂਝ ਘਟਦੀ ਹੈ। ਇਸ ਲਈ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਜਿਹੜੇ ਪਿੰਡ ਆਪਸੀ ਪਿਆਰ ਅਤੇ ਆਪਸੀ ਭਾਈਚਾਰੇ ਨੂੰ ਹੋਰ ਮਜ਼ਬੂਤ ਕਰਨ ਲਈ ਯੋਗ ਕਦਮ ਚੁੱਕਣ, ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਹੋਰ ਉਤਸ਼ਾਹਤ ਕਰਨ ਲਈ ਉਨ੍ਹਾਂ ਦੇ ਵਿਕਾਸ ਦੇ ਕੰਮਾਂ ਲਈ, ਜਿਨ੍ਹਾਂ ਪਿੰਡਾਂ ਦੀ ਅਬਾਦੀ 1000 ਤੋਂ ਘੱਟ ਹੈ, ਉਨ੍ਹਾਂ ਲਈ ਦੋ ਲੱਖ ਰੁਪਏ ਅਤੇ ਉਸ ਤੋਂ ਉਪਰ ਵਾਲੀ ਅਬਾਦੀ ਲਈ ਪੰਜ ਲੱਖ ਰੁਪਏ ਦੀ ਰਾਜ ਸਰਕਾਰ ਵੱਲੋਂ ਵਿਸ਼ੇਸ਼ ਗਰਾਂਟ ਦਿੱਤੀ ਜਾਵੇ।"

*ਪ੍ਰਸਤਾਵ (ਸੋਧੇ ਅਨੁਸਾਰ) ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਸ਼੍ਰੀ ਸਭਾਪਤੀ :** ਹੁਣ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੁੰਦਾ ਹੈ।

*2.13 ਵਜੇ ਬਾਅਦ ਦੁਪਹਿਰ

(ਇਸ *ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।)

---

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8862/09-2015(5)